Punjabi Parwaz

# ਪੰਜਾਬੀ ਪਰਵਾਜ਼

ਅੰਕ 40ਵਾਂ (ਸ਼ਿਕਾਗੋ): 23 ਨਵੰਬਰ ਤੋਂ 6 ਦਸੰਬਰ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


## ਕਈ ਰਵਾਇਤੀ ਸਿਆਸੀ ਪਰਿਵਾਰਾਂ ਦਾ ਵੱਕਾਰ ਦਾਅ ‘ਤੇ ਲੱਗਾ

### ਜ਼ਿਮਨੀ ਚੋਣਾਂ

**ਜਸਵੀਰ ਸਿੰਘ ਸ਼ੀਰੀ**

ਪੰਜਾਬ ਦੇ ਚਾਰ ਜ਼ਿਮਨੀ ਹਲਕਿਆਂ ਵਿੱਚ ਬੀਤੀ 20 ਨਵੰਬਰ ਨੂੰ ਵੋਟਾਂ ਪੈ ਗਈਆਂ ਹਨ। ਇਹ ਚਾਰੋ ਹਲਕੇ ਇੱਥੋਂ ਦੇ ਅਸੈਂਬਲੀ ਮੈਂਬਰਾਂ ਦੇ ਲੋਕ ਸਭਾ ਮੈਂਬਰ ਚੁਣੇ ਜਾਣ ਤੋਂ ਬਾਅਦ ਖਾਲੀ ਹੋਏ ਸਨ। ਇਨ੍ਹਾਂ ਚਾਰੋ ਵਿਧਾਨ ਸਭਾ ਹਲਕਿਆਂ ਵਿੱਚ ਕੁੱਲ 6 ਲੱਖ 96 ਹਜ਼ਾਰ ਵੋਟਰ ਹਨ, ਜਿਹੜੇ ਵੱਖ-ਵੱਖ ਪਾਰਟੀਆਂ ਵੱਲੋਂ ਮੈਦਾਨ ਵਿੱਚ ਉਤਰੇ 45 ਉਮੀਦਵਾਰਾਂ ਦੀ ਤਕਦੀਰ ਦਾ ਫੈਸਲਾ ਕਰਨਗੇ।

ਗਿੱਦੜਬਾਹਾ, ਬਰਨਾਲਾ, ਚੱਬੇਵਾਲ ਅਤੇ ਡੇਰਾ ਬਾਬਾ ਨਾਨਕ ਹਲਕਿਆਂ ਵਿੱਚ 19 ਦਿਨਾਂ ਤੱਕ ਚੱਲੇ ਚੋਣ ਪ੍ਰਚਾਰ ਵਿੱਚ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਆਪੋ-ਆਪਣੇ ਪ੍ਰਚਾਰ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ। ਸਭ ਤੋਂ ਵੱਧ ਜ਼ੋਰ ਗਿੱਦੜਬਾਹਾ ਸੀਟ ‘ਤੇ ਲੱਗਿਆ, ਜਿੱਥੇ ਪੋਸਟਰਾਂ, ਬਿਲ ਬੋਰਡਾਂ ਅਤੇ ਰੰਗ-ਬਰੰਗੀਆਂ ਫਲੈਕਸਾਂ ਰਾਹੀਂ ਸਾਰੇ ਇਲਾਕੇ ਦੀਆਂ ਦੀਵਾਰਾਂ ਚਮਕਾ ਦਿੱਤੀਆਂ ਗਈਆਂ। ਚਾਰਾਂ ਹਲਕਿਆਂ ਦੀ ਵੋਟਾਂ ਦੀ ਗਿਣਤੀ 23 ਨਵੰਬਰ ਨੂੰ ਹੋਵੇਗੀ। ਚੋਣ ਕਮਿਸ਼ਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਚਾਰਾਂ ਹਲਕਿਆਂ ਵਿੱਚੋਂ 26 ਕਰੋੜ ਰੁਪਏ ਬਰਾਮਦ ਕੀਤੇ ਗਏ ਹਨ, ਜਿਨ੍ਹਾਂ ਦੀ ਵਰਤੋਂ ਵੋਟਾਂ ਦੀ ਖਰੀਦੋ-ਫਰੋਖਤ ਲਈ ਹੋ ਸਕਦੀ ਸੀ। ਇਸ ਵਿੱਚ ਡੇਰਾ ਬਾਬਾ ਨਾਨਕ ਤੋਂ ਸਭ ਤੋਂ ਜ਼ਿਆਦਾ 24.40 ਕਰੋੜ ਰੁਪਏ ਬਰਾਮਦ ਕੀਤੇ ਗਏ ਹਨ, ਜਦਕਿ ਬਰਨਾਲਾ ਤੋਂ 55.40 ਲੱਖ ਅਤੇ ਚੱਬੇਵਾਲ ਤੋਂ 60 ਹਜ਼ਾਰ ਰੁਪਏ ਜਬਤ ਹੋਏ ਹਨ।

ਮੌਜੂਦਾ ਵਿਧਾਨ ਸਭਾ ਲਈ ਭਾਵੇਂ ਇਨ੍ਹਾਂ ਚਾਰ ਜ਼ਿਮਨੀ ਚੋਣਾਂ ਦਾ ਬਹੁਤਾ ਮਹੱਤਵ ਨਹੀਂ ਹੈ, ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਕੋਲ ਪਹਿਲਾਂ ਹੀ ਭਰਵਾਂ ਬਹੁਮਤਿ ਹੈ। ਪਰ 2027 ਵਿੱਚ ਹੋਣ ਵਾਲੀਆਂ ਆਮ ਵਿਧਾਨ ਸਭਾ ਚੋਣਾਂ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਜ਼ਿਮਨੀ ਚੋਣਾਂ ਨੂੰ ਮਹੱਤਵ ਪੂਰਨ ਸਮਝਿਆ ਜਾ ਰਿਹਾ ਹੈ। ਚੋਣ ਵਿਸ਼ਲੇਸ਼ਕਾਂ ਦੀ ਨਜ਼ਰ ਵਿੱਚ ਇਸ ਦਾ ਕਾਰਨ ਇਹ ਹੈ ਕਿ ਇਹ ਚਾਰੋ ਸੀਟਾਂ ਪੰਜਾਬ ਦੇ ਚਾਰ ਮਹੱਤਵ ਪੂਰਨ ਖੇਤਰਾਂ ਵਿੱਚ ਮੌਜੂਦ ਹਨ।

ਗਿੱਦੜਬਾਹਾ ਅਤੇ ਬਰਨਾਲਾ ਵਿਧਾਨ ਸਭਾ ਸੀਟਾਂ ਮਾਲਵਾ ਖੇਤਰ ਵਿੱਚ ਪੈਂਦੀਆਂ ਹਨ। ਮਾਲਵਾ ਹੀ ਅਸਲ ਵਿੱਚ ਪੰਜਾਬ ਦਾ ਸਭ ਤੋਂ ਵੱਡਾ ਚੋਣ ਰਣਖੇਤਰ ਹੈ, ਜਿੱਥੋਂ ਕਿਸੇ ਪਾਰਟੀ ਦੀ ਜਿੱਤ ਹਾਰ ਦਾ ਫੈਸਲਾ ਹੁੰਦਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਇਸ ਖੇਤਰ ਵਿੱਚੋਂ ਹੀ ਬਹੁਤੀਆਂ ਸੀਟਾਂ ਜਿੱਤੀਆਂ ਸਨ। ਇਨ੍ਹਾਂ ਦੋਹਾਂ ਸੀਟਾਂ ਦੇ ਨਤੀਜੇ ਮਾਲਵਾ ਖੇਤਰ ਵਿੱਚ ਲੋਕਾਂ ਦੀ ਸਰਕਾਰ ਅਤੇ ਵਿਰੋਧੀ ਪਾਰਟੀਆਂ ਪ੍ਰਤੀ ਲੋਕ ਰਾਏ ਨੂੰ ਸਪਸ਼ਟ ਕਰਨਗੇ। ਜਦਕਿ ਚੱਬੇਵਾਲ ਹਲਕਾ ਦੁਆਬਾ ਖੇਤਰ ਵਿੱਚ ਪੈਂਦਾ ਹੈ। ਦੁਆਬੇ ਵਿੱਚ ਹਿੰਦੂਆਂ ਅਤੇ ਸਿੱਖਾਂ ਦੇ ਨਾਲ-ਨਾਲ ਦਲਿਤ ਆਬਾਦੀ ਦਾ ਵੱਡਾ ਵੋਟ ਬੈਂਕ ਵੀ ਕਾਫੀ ਪ੍ਰਭਾਵਕਾਰੀ ਸਿੱਧ ਹੁੰਦਾ ਹੈ। ਇਸ ਤਰ੍ਹਾਂ ਇਸ ਵਿਧਾਨ ਸਭਾ ਹਲਕੇ ਦੀ ਚੋਣ ਪੂਰੇ ਦੁਆਬਾ ਖੇਤਰ ਦੇ ਲੋਕਾਂ ਦੀ ਸਰਕਾਰੀ ਨੀਤੀਆਂ ਪ੍ਰਤੀ ਇੱਕ ਤਰ੍ਹਾਂ ਨਾਲ ਰਾਏਸ਼ੁਮਾਰੀ ਸਮਝੀ ਜਾਵੇਗੀ। ਡੇਰਾ ਬਾਬਾ ਨਾਨਕ ਧੁਰ ਮਾਝੇ ਵਿੱਚ ਹੈ। ਸਰਹੱਦ ਨਾਲ ਲਗਦੇ ਪਿੰਡਾਂ ਦੀਆਂ ਕੁਝ ਵਿਸ਼ੇਸ਼ ਕਿਸਮ ਦੀਆਂ ਸਮੱਸਿਆਵਾਂ ਵੀ ਹੁੰਦੀਆਂ ਹਨ, ਜਿਹੜੀਆਂ ਆਮ ਤੌਰ ‘ਤੇ ਸਰਕਾਰਾਂ ਵੱਲੋਂ ਅਣਗੌਲੀਆਂ ਰਹਿ ਜਾਂਦੀਆਂ ਹਨ। ਇੰਝ ਇਹ ਚੋਣ ਹਲਕਾ ਇੱਕ ਪਾਸੇ ਤਾਂ ਸਾਰੇ ਮਾਝੇ ਖੇਤਰ ਦੇ ਲੋਕਾਂ ਦੀ ਸਰਕਾਰ ਪ੍ਰਤੀ ਪਹੁੰਚ ਨੂੰ ਸਪਸ਼ਟ ਕਰੇਗਾ, ਦੂਜਾ ਸਰਹੱਦੀ ਲੋਕਾਂ ਦੇ ਸਰਕਾਰ ਅਤੇ ਵਿਰੋਧੀ ਪਾਰਟੀਆਂ ਪ੍ਰਤੀ ਵਤੀਰੇ ਨੂੰ ਦ੍ਰਿਸ਼ਟੀਮਾਨ ਕਰੇਗਾ। ਉਂਝ ਆਮ ਤੌਰ ‘ਤੇ ਜ਼ਿਮਨੀ ਚੋਣਾਂ ਦੇ ਨਤੀਜੇ ਰਾਜ ਕਰ ਰਹੀ ਪਾਰਟੀ ਦੇ ਹੱਕ ਵਿੱਚ ਹੀ ਭੁਗਤਦੇ ਹਨ, ਕਿਉਂਕਿ ਲੋਕਾਂ ਨੇ ਮੌਜੂਦ ਸਰਕਾਰ ਤੋਂ ਆਪਣੇ ਕੰਮ ਕਾਰ ਕਢਵਾਉਣੇ ਹੁੰਦੇ ਹਨ। ਇਸ ਲਈ ਸੱਤਾਧਾਰੀ ਧਿਰ ਦਾ ਪਲੜਾ ਅਕਸਰ ਹੀ ਭਾਰੀ ਪੈਂਦਾ ਹੈ, ਪਰ ਜਦੋਂ ਕਿਸੇ ਜ਼ਿਮਨੀ ਚੋਣ ਦੇ ਨਤੀਜੇ ਰਾਜ ਕਰ ਰਹੀ ਪਾਰਟੀ ਦੇ ਉਲਟ ਭੁਗਤ ਜਾਣ, ਉਦੋਂ ਰਾਜਨੀਤਿਕ ਹਲਕਿਆਂ ਨੂੰ ਇਹ ਕਨਸੋਅ ਜ਼ਰੂਰ ਮਿਲ ਜਾਂਦੀ ਹੈ ਕਿ ਅਗਲੀਆਂ ਚੋਣਾਂ ਵਿੱਚ ਰਾਜ ਕਰ ਰਹੀ ਪਾਰਟੀ ਦੀ ਖੈਰ ਨਹੀਂ।

ਗਿੱਦੜਬਾਹਾ ਸੀਟ ਇਸ ਦ੍ਰਿਸ਼ਟੀ ਤੋਂ ਨੱਬੇਵਿਆਂ ਵਿੱਚ ਬੇਅੰਤ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀਆਂ ਵਿਚਕਾਰ ਅਜਿਹਾ ਭੇੜ ਇੱਕ ਵਾਰ ਪਹਿਲਾਂ ਵੀ ਬਣ ਚੁੱਕੀ ਹੈ। ਉਦੋਂ ਮਨਪ੍ਰੀਤ ਸਿੰਘ ਬਾਦਲ ਅਕਾਲੀ ਦਲ ਵੱਲੋਂ ਇਹ ਜ਼ਿਮਨੀ ਚੋਣ ਲੜੇ ਸਨ ਅਤੇ ਪੰਜਾਬ ਦੀ ਕਾਂਗਰਸ ਸਰਕਾਰ ਦਾ ਸਾਰਾ ਜ਼ੋਰ ਲੱਗਣ ਦੇ ਬਾਵਜੂਦ ਮਨਪ੍ਰੀਤ ਸਿੰਘ ਬਾਦਲ 2000 ਵੋਟਾਂ ਨਾਲ ਜਿੱਤ ਗਏ ਸਨ। ਇਸ ਵਾਰ ਮਨਪ੍ਰੀਤ ਸਿੰਘ

⇒ ਬਾਕੀ ਸਫਾ 4 ਉਤੇ ਪੜ੍ਹੋ

## ਕਿਸਾਨ ਸੰਘਰਸ਼ ਦਾ ਨਵਾਂ ਦੌਰ ਸ਼ੁਰੂ ਹੋਣ ਦੇ ਆਸਾਰ

***ਪਰਵਾਸ ਦੇ ਰਾਹ ਬੰਦ ਕਰ ਰਿਹਾ ਸੰਸਾਰ ਆਰਥਕ ਸੰਕਟ**

***ਸਥਿਤੀਆਂ ਫਿਰ ਹੋ ਸਕਦੀਆਂ ਨੇ ਵਿਸਫੋਟਕ**

ਕਿਸਾਨ ਜਥੇਬੰਦੀਆਂ ਭਾਵੇਂ ਆਪਸ ਵਿੱਚ ਫੁੱਟ ਦਾ ਸ਼ਿਕਾਰ ਹਨ, ਪਰ ਫਿਰ ਵੀ ਕਿਸਾਨ ਸੰਘਰਸ਼ ਦਾ ਇੱਕ ਨਵਾਂ ਦੌਰ ਸ਼ੁਰੂ ਹੋਣ ਦੇ ਆਸਾਰ ਬਣਦੇ ਵਿਖਾਈ ਦੇ ਰਹੇ ਹਨ। ਉਂਝ ਕਿਸਾਨ ਜਥੇਬੰਦੀਆਂ ਸਿਰਫ ਫੁੱਟ ਦਾ ਹੀ ਸ਼ਿਕਾਰ ਨਹੀਂ ਹਨ, ਸਗੋਂ ਕਿਸਾਨ ਲੀਡਰਸ਼ਿੱਪ ਦੀ ਆਪਸੀ ਸ਼ਰੀਕੇਬਾਜ਼ੀ ਵੀ ਸਰਕਾਰ ਨੂੰ ਆਪਣੇ ਖਿਲਾਫ ਕਰਵਾਈਆਂ ਕਰਨ ਅਤੇ ਮੰਨੀਆਂ ਹੋਈਆਂ ਮੰਗਾਂ ਤੋਂ ਮੂੰਹ ਫੇਰਨ ਲਈ ਉਤਸ਼ਾਹਿਤ ਕਰ ਰਹੀ ਹੈ। ਬੀਤੇ ਦਿਨੀਂ ਸ਼ੰਭੂ ਬਾਰਡਰ ‘ਤੇ ਸੰਘਰਸ਼ ਕਰ ਰਹੀਆਂ ਦੋ ਕਿਸਾਨ ਜਥੇਬੰਦੀਆਂ ਵਿਚਕਾਰ ਵੀ ਆਪਸ ਵਿੱਚ ਪਾਟਕ ਪੈਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਸਨ। ਭਾਵੇਂ ਕਿ ਇਹ ਮਨਮੁਟਾਵ ਹਾਲ ਦੀ ਘੜੀ ਦਬ ਗਿਆ ਹੈ। ਨਵੀਂ ਹਾਲਤ ਦੇ ਸਨਮੁਖ ਕਿਸਾਨ ਜੀਵਨ ਜਾਚ ਦੇ ਬਚਾਅ ਅਤੇ ਸੁਰੱਖਿਆ ਲਈ ਸਮੂਹ ਕਿਸਾਨ ਜਥੇਬੰਦੀਆਂ ਵਿਚਕਾਰ ਇੱਕ ਵੱਡੇ ਏਕੇ ਦੀ ਲੋੜ ਹੈ, ਪਰ ਇਸ ਲੋੜ ਨੂੰ ਦਰਕਿਨਾਰ ਕਰਦਿਆਂ ਦੋ ਅਲੱਗ-ਅਲੱਗ ਕਿਸਾਨ ਸੰਗਠਨਾਂ ਦੇ ਗੁੱਟਾਂ ਨੇ ਵੱਖੋ-ਵੱਖ ਸੰਘਰਸ਼ ਸ਼ੁਰੂ ਕਰਨ ਦੇ ਐਲਾਨ ਕੀਤੇ ਹਨ।

ਇੱਕ ਪਾਸੇ ਤਾਂ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਆਗੂ ਜਗਜੀਤ ਸਿੰਘ ਡੱਲੇਵਾਲ ਨੇ 26 ਨਵੰਬਰ ਤੋਂ ਮਰਨ ਵਰਤ ‘ਤੇ ਜਾਣ ਦਾ ਫੈਸਲਾ ਕੀਤਾ ਹੈ, ਦੂਜੇ ਪਾਸੇ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਾਲੇ ਦੂਜੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਸੰਬਰ ਮਹੀਨੇ ਵਿੱਚ ਪੰਜਾਬ ਦੇ ਪਾਣੀਆਂ ਦੀ ਵੰਡ ਦੇ ਮੁੱਦੇ ਨੂੰ ਲੈ ਕੇ ਚੰਡੀਗੜ੍ਹ ਵਿੱਚ ਮੋਰਚਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ਼ੰਭੂ ਬਾਰਡਰ ਉਪਰ ਧਰਨੇ ‘ਤੇ ਬੈਠੇ ਕਿਸਾਨ ਆਗੂਆਂ ਨੇ 6 ਦਸੰਬਰ ਤੋਂ ਦਿੱਲੀ ਵੱਲ ਮੁੜ ਕੂਚ ਕਰਨ ਦਾ ਵੀ ਐਲਾਨ ਕੀਤਾ ਹੈ। ਮੁੱਖ ਕਿਸਾਨੀ ਫਸਲਾਂ ਕਣਕ ਅਤੇ ਝੋਨੇ ਲਈ ਐਮ.ਐਸ.ਪੀ. ‘ਤੇ ਕਾਨੂੰਨੀ ਗਾਰੰਟੀ ਦੀ ਮੰਗ ਸ਼ੰਭੂ ਬਾਰਡਰ ‘ਤੇ ਬੈਠੀਆਂ ਕਿਸਾਨ ਜਥੇਬੰਦੀਆਂ ਲਈ ਮੁੱਖ ਮੁੱਦਾ ਹੈ। ਇਸ ਤੋਂ ਇਲਾਵਾ ਕਿਸਾਨਾਂ ਦਾ ਇੱਕ ਹੋਰ, ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਵਾਲਾ ਧੜਾ ਆਪਣੀ ਅਲੱਗ ਡਫਲੀ ਵਜਾਉਣੀ ਠੀਕ ਸਮਝਦਾ ਹੈ। ਅਕਾਰ ਦੇ ਹਿਸਾਬ ਨਾਲ ਇਹੋ ਕਿਸਾਨ ਜਥੇਬੰਦੀ ਪੰਜਾਬ ਵਿੱਚ ਸਭ ਤੋਂ ਵੱਡੀ ਹੈ; ਦੂਜੇ ਗੁੱਟਾਂ ਦੀ ਸਭ ਤੋਂ

⇒ ਬਾਕੀ ਸਫਾ 4 ਉਤੇ ਪੜ੍ਹੋ








# ਅਕਾਲੀ ਦਲ ਤੇ ਅਕਾਲੀ ਸਿਆਸਤ ਦਾ ਮੌਜੂਦਾ ਬਿਰਤਾਂਤ

**ਜਸਵੀਰ ਸਿੰਘ ਮਾਂਗਟ**

***ਅਕਾਲੀ ਦਲ ਦਾ ਸੰਕਟ ਗਹਿਰਾ ਹੋਇਆ *ਦੁਫੇੜ ਜਾਰੀ ਰਹਿਣ ਦੇ ਆਸਾਰ***
***ਸੁਖਬੀਰ ਵੱਲੋਂ ਦਿੱਤਾ ਗਿਆ ਅਸਤੀਫਾ ਵਰਕਿੰਗ ਕਮੇਟੀ ਵੱਲੋਂ ਨਾਮਨਜ਼ੂਰ**

ਪੰਜਾਬ ਦੀ ਅਕਾਲੀ ਸਿਆਸਤ ਵਿਚਲਾ ਸੰਕਟ ਜਾਰੀ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਤੀ 16 ਨਵੰਬਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਪਰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਸੁਖਬੀਰ ਬਾਦਲ ਵੱਲੋਂ ਦਿੱਤੇ ਗਏ ਅਸਤੀਫੇ ਨੂੰ ਬਾਅਦ ਵਿੱਚ ਅਪ੍ਰਵਾਨ ਕਰ ਦਿੱਤਾ। ਇੱਕ ਨਾਟਕੀ ਘਟਨਾਕ੍ਰਮ ਤਹਿਤ ਲੰਘੀ 18 ਨਵੰਬਰ ਨੂੰ ਚੰਡੀਗੜ੍ਹ ਵਿੱਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਬੁਲਾਈ ਗਈ। ਮੀਟਿੰਗ ਤੋਂ ਬਾਅਦ ਕੀਤੀ ਗਈ ਪ੍ਰੈਸ ਕਾਨਫਰੰਸ ਵਿੱਚ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਵੱਲੋਂ ਕਿਹਾ ਗਿਆ ਕਿ ਅਸਤੀਫੇ ਸਬੰਧੀ ਅਕਾਲੀ ਦਲ ਦੇ ਜ਼ਿਲ੍ਹਾ ਜਥੇਦਾਰਾਂ ਅਤੇ ਪਾਰਟੀ ਦੇ ਹੋਰ ਅਹੁਦੇਦਾਰਾਂ ਨਾਲ ਮੀਟਿੰਗ ਕਰਨ ਤੋਂ ਬਾਅਦ ਕੋਈ ਫੈਸਲਾ ਲਿਆ ਜਾਵੇਗਾ। ਅਸਲ ਵਿੱਚ ਵਰਕਿੰਗ ਕਮੇਟੀ ਵੱਲੋਂ ਅਸਤੀਫਾ ਪਾਰਟੀ ਸਫਾਂ ਨਾਲ ਵਿਚਾਰ ਕਰਨ ਲਈ ਪੈਂਡਿੰਗ ਰੱਖ ਲਿਆ ਗਿਆ ਸੀ, ਪਰ ਇਸੇ ਦਿਨ ਸ਼ਾਮ ਨੂੰ ਅਕਾਲੀ ਦਲ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਇਹ ਕਹਿ ਦਿੱਤਾ ਗਿਆ ਕਿ ਵਰਕਿੰਗ ਕਮੇਟੀ ਨੇ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਅਪ੍ਰਵਾਨ ਕਰ ਦਿੱਤਾ ਹੈ। ਇਸ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਅਕਾਲੀ ਦਲ ਦੇ ਵਿਰੋਧੀ (ਕੌਮੀ ਪਾਰਟੀਆਂ/ਕੇਂਦਰੀ ਏਜੰਸੀਆਂ) ਪਾਰਟੀ ਨੂੰ ਆਗੂ ਵਿਹੂਣਾ ਕਰਨਾ ਚਾਹੁੰਦੇ ਹਨ। ਸੁਖਬੀਰ ਵੱਲੋਂ ਅਸਤੀਫਾ ਦੇਣ ਦੀ ਸੂਰਤ ਵਿੱਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਸਮੂਹ ਮੈਂਬਰਾਂ ਨੇ ਵੀ ਅਸਤੀਫਾ ਦੇਣ ਦੇ ਪੇਸ਼ਕਸ਼ ਕੀਤੀ ਹੈ।



■ ਸੁਖਬੀਰ ਸਿੰਘ ਬਾਦਲ

ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੇ ਗਏ ਇਸ ਅਸਤੀਫੇ ਤੋਂ ਬਾਅਦ ਮੀਡੀਆ, ਸਿੱਖ ਵਿਦਵਾਨਾਂ ਅਤੇ ਖੁਦ ਅਕਾਲੀ ਦਲ ਦੀਆਂ ਸਫਾਂ ਵਿੱਚ ਇਹ ਚਰਚਾ ਛਿੜੀ ਰਹੀ ਕਿ ਇਹ ਡਰਾਮਾ ਜਿਹਾ ਹੀ ਕੀਤਾ ਗਿਆ ਹੈ ਜਾਂ ਗੰਭੀਰਤਾ ਨਾਲ ਸੁਖਬੀਰ ਨੇ ਇਹ ਅਹੁਦਾ ਤਿਆਗਣ ਦਾ ਫੈਸਲਾ ਕੀਤਾ ਹੈ। ਜਦੋਂ ਵਰਕਿੰਗ ਕਮੇਟੀ ਵੱਲੋਂ ਅਸਤੀਫਾ ਵਾਪਸ ਲੈਣ ਵਾਲਾ ਬਿਆਨ ਸਾਹਮਣੇ ਆ ਗਿਆ ਤਾਂ 'ਡਰਾਮੇ' ਵਾਲੀਆਂ ਅਟਕਲਾਂ 'ਤੇ ਮੋਹਰ ਲੱਗਣ ਲੱਗੀ। ਉਂਝ ਅਸਤੀਫਾ ਦੇਣ ਤੋਂ ਬਾਅਦ ਅਕਾਲੀ ਦਲ ਦੇ ਅੰਦਰ ਵੀ ਅਤੇ ਬਾਹਰ ਵੀ, ਨਵਾਂ ਪ੍ਰਧਾਨ ਬਣਨ ਦੀਆਂ ਖਾਹਿਸ਼ਾਂ ਅੰਗੜਾਈਆਂ ਲੈਣ ਲੱਗੀਆਂ ਸਨ। ਕਿਹਾ ਜਾ ਰਿਹਾ ਹੈ ਕਿ ਵਰਕਿੰਗ ਕਮੇਟੀ ਵਿੱਚ ਵੀ ਕੁਝ ਆਗੂ ਅਸਤੀਫਾ ਪ੍ਰਵਾਨ ਕਰਨ ਦੇ ਹੱਕ ਵਿੱਚ ਸਨ। ਇਹ ਸ਼ਾਇਦ ਇਸੇ ਕਰਕੇ ਹੋਵੇ ਕਿ ਕੁਝ ਘੰਟੇ ਬਾਅਦ ਹੀ ਅਸਤੀਫਾ ਨਾਮਨਜ਼ੂਰ ਕਰਨ ਦਾ ਫੈਸਲਾ ਕਰ ਲਿਆ ਗਿਆ।

ਵਰਕਿੰਗ ਕਮੇਟੀ ਵੱਲੋਂ ਬੁਲਾਈ ਗਈ ਮੀਟਿੰਗ ਵਿੱਚ ਕੁਝ ਯੂਥ ਅਕਾਲੀ ਦਲ ਦੇ ਆਗੂਆਂ ਦੇ ਵੀ ਸ਼ਾਮਲ ਹੋਣ ਦੀਆਂ ਖਬਰਾਂ ਹਨ, ਭਾਵੇਂ ਕਿ ਉਹ ਵਰਕਿੰਗ ਕਮੇਟੀ ਦੇ ਮੈਂਬਰ ਨਹੀਂ ਹਨ। ਇਨ੍ਹਾਂ ਨੌਜਵਾਨ ਆਗੂਆਂ ਵੱਲੋਂ ਸੁਖਬੀਰ ਸਿੰਘ ਬਾਦਲ ਦੇ ਹੱਕ ਵਿੱਚ ਨਾਹਰੇਬਾਜ਼ੀ ਕਰਨ ਦੀਆਂ ਵੀ ਰਿਪੋਰਟਾਂ ਮਿਲੀਆਂ ਹਨ। ਅਕਾਲੀ ਦਲ ਦੇ ਆਈ.ਟੀ. ਸੈਲ ਵੱਲੋਂ ਸੋਸ਼ਲ ਮੀਡੀਆ 'ਤੇ ਵੀ ਸੁਖਬੀਰ ਬਾਦਲ ਦੇ ਹੱਕ ਵਿੱਚ ਇੱਕ ਵੱਡੀ ਮੁਹਿੰਮ ਚਲਾਈ ਗਈ। ਉਪਰੋਕਤ ਨੌਜਵਾਨ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਅਪ੍ਰਵਾਨ ਕਰਨ ਲਈ ਜ਼ੋਰ ਪਾਇਆ। ਇਨ੍ਹਾਂ ਦਾ ਆਖਣਾ ਸੀ ਕਿ ਜੇ ਅਜਿਹਾ ਨਾ ਕੀਤਾ ਗਿਆ ਤਾਂ ਉਹ ਵੀ ਨਾਲ ਹੀ ਅਸਤੀਫੇ ਦੇ ਦੇਣਗੇ।

ਇਸ ਤੋਂ ਇਲਾਵਾ ਅਕਾਲੀ ਦਲ ਦੇ ਇੱਕ ਗੈਰ-ਸਿੱਖ ਆਗੂ ਐਨ.ਕੇ. ਸ਼ਰਮਾ ਨੇ ਵੀ ਆਪਣੇ ਬਿਆਨ ਵਿੱਚ ਕਿਹਾ ਕਿ ਜੇ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਵਰਕਿੰਗ ਕਮੇਟੀ ਵੱਲੋਂ ਪ੍ਰਵਾਨ ਕੀਤਾ ਗਿਆ ਤਾਂ ਉਹ ਵੀ ਅਸਤੀਫਾ ਦੇ ਦੇਣਗੇ। ਉਨ੍ਹਾਂ ਕਿਹਾ ਕਿ ਉਹ ਸੁਖਬੀਰ ਸਿੰਘ ਬਾਦਲ ਦੀ ਵਿਚਾਰਧਾਰਾ ਕਾਰਨ ਹੀ ਪਾਰਟੀ ਵਿੱਚ ਹਨ। ਸੁਖਬੀਰ ਦੀ ਛੁੱਟੀ ਦੇ ਨਾਲ ਹੀ ਉਹ ਵੀ ਛੁੱਟੀ ਕਰ ਲੈਣਗੇ। ਐਨ.ਕੇ. ਸ਼ਰਮਾ ਨੇ ਜਥੇਦਾਰਾਂ ਦੀ ਕਾਰਜ ਸ਼ੈਲੀ 'ਤੇ ਵੀ ਸੁਆਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਸੁਧਾਰ ਲਹਿਰ ਵਾਲਿਆਂ ਨੇ ਆਪਣੇ ਦੋਸ਼ ਖੁਦ ਆਪ ਸਵੀਕਾਰ ਕੀਤੇ ਹਨ, ਉਨ੍ਹਾਂ ਖਿਲਾਫ ਕਾਰਵਾਈ ਕਿਉਂ ਨਹੀਂ ਕੀਤੀ ਗਈ? ਉਨ੍ਹਾਂ ਹੋਰ ਕਿਹਾ ਕਿ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਬੀਬੀ ਜਗੀਰ ਕੌਰ ਦਾ ਕਿਰਦਾਰ ਕਿਸੇ ਤੋਂ ਲੁਕਿਆ ਹੋਇਆ ਨਹੀਂ।

ਅਕਾਲੀ ਸੁਧਾਰ ਲਹਿਰ ਵਾਲੇ ਕਈ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੇ ਗਏ ਅਸਤੀਫੇ ਦਾ ਸੁਆਗਤ ਕੀਤਾ ਹੈ। ਸੁਖਬੀਰ ਧੜੇ ਤੋਂ ਵੱਖ ਹੋਏ ਸੀਨੀਅਰ ਅਕਾਲੀ ਆਗੂਆਂ ਦੇ ਗੁੱਟ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ, ਭਾਈ ਮਨਜੀਤ ਸਿੰਘ, ਬੀਬੀ ਜਗੀਰ ਕੌਰ, ਸੁਖਦੇਵ ਸਿੰਘ ਢੀਂਡਸਾ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਲੋਕ ਭਲਾਈ ਪਾਰਟੀ ਦੇ ਆਗੂ ਬਲਵੰਤ ਸਿੰਘ ਰਾਮੂਵਾਲੀਆ ਆਦਿ ਵੱਲੋਂ ਵਰਕਿੰਗ ਕਮੇਟੀ ਨੂੰ ਸੁਖਬੀਰ ਦਾ ਅਸਤੀਫਾ ਪ੍ਰਵਾਨ ਕਰਨ ਤੇ ਨਵਾਂ ਪ੍ਰਧਾਨ ਚੁਣਨ ਦੀ ਅਪੀਲ ਕੀਤੀ ਗਈ। ਇਨ੍ਹਾਂ ਆਗੂਆਂ ਦਾ ਆਖਣਾ ਹੈ ਕਿ ਅਜਿਹੀ ਸਥਿਤੀ ਵਿੱਚ ਅਕਾਲੀ ਦਲ ਦੇ ਦੋਹਾਂ ਧੜਿਆਂ ਵਿਚਕਾਰ ਏਕਤਾ ਹੋ ਸਕਦੀ ਹੈ।

ਯਾਦ ਰਹੇ, ਅਕਾਲ ਤਖਤ ਸਾਹਿਬ ਵੱਲੋਂ ਤਨਖਾਹੀਆ ਚਲ ਰਹੇ ਸੁਖਬੀਰ ਸਿੰਘ ਬਾਦਲ ਇਸ ਤੋਂ ਪਹਿਲਾਂ ਸਜ਼ਾ ਬਾਰੇ ਫੈਸਲਾ ਜਲਦੀ ਕਰਨ ਲਈ ਅਰਜ਼ੀ ਵੀ ਦੇ ਚੁੱਕੇ ਹਨ ਅਤੇ ਇਸ ਮਾਮਲੇ ਨੂੰ ਲੈ ਕੇ ਵਿਦਵਾਨਾਂ ਦੀ ਇੱਕ ਮੀਟਿੰਗ ਵੀ ਜਥੇਦਾਰ ਸਾਹਿਬ ਵੱਲੋਂ ਬੁਲਾਈ ਜਾ ਚੁੱਕੀ ਹੈ। ਇਸ ਮੀਟਿੰਗ ਵਿੱਚ ਵਿਦਵਾਨਾਂ ਵੱਲੋਂ ਆਪੋ ਆਪਣੀ ਰਾਏ ਜਥੇਦਾਰ ਸਾਹਿਬ ਨੂੰ ਦਿੱਤੀ ਗਈ ਸੀ। ਵਿਦਵਾਨਾਂ ਦੀ ਇਸ ਮੀਟਿੰਗ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਮੌਜੂਦ ਸਨ। ਕੁਝ ਧਿਰਾਂ ਸਿਆਸੀ ਸਜ਼ਾ ਲਗਾਉਣ ਦੇ ਹੱਕ ਵਿੱਚ ਸਨ ਅਤੇ ਕੁਝ ਵਿਦਵਾਨ ਸਿਰਫ ਧਾਰਮਿਕ ਸਜ਼ਾ ਲਾਉਣ ਦੀ ਵਕਾਲਤ ਕਰ ਰਹੇ ਸਨ। ਸ. ਧਾਮੀ ਵੀ ਇਸੇ ਪੱਖ ਵਿੱਚ ਸਨ।

ਇਸ ਤੋਂ ਇਲਾਵਾ ਕੁਝ ਸਿੱਖ ਵਿਦਵਾਨ ਜਿਨ੍ਹਾਂ ਨੂੰ ਬੁਲਾਇਆ ਨਹੀਂ ਸੀ ਗਿਆ ਜਾਂ ਜੋ ਬੁਲਾਉਣ ਦੇ ਬਾਵਜੂਦ ਮੀਟਿੰਗ ਵਿੱਚ ਨਹੀਂ ਸਨ ਗਏ, ਉਨ੍ਹਾਂ ਨੇ ਆਪੋ ਆਪਣਾ ਪੱਖ ਲਿਖਤੀ ਰੂਪ ਵਿੱਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਭੇਜਿਆ। ਵੱਖ-ਵੱਖ ਟੀ.ਵੀ. ਚੈਨਲਾਂ, ਅਖ਼ਬਾਰਾਂ ਅਤੇ ਸੋਸ਼ਲ ਮੀਡੀਆ, ਲੇਖਕਾਂ ਅਤੇ ਪੱਤਰਕਾਰਾਂ ਵੱਲੋਂ ਆਪੋ ਆਪਣੇ ਵਿਚਾਰ ਇਸ ਮੁੱਦੇ 'ਤੇ ਪ੍ਰਗਟ ਕੀਤੇ ਜਾਂਦੇ ਰਹੇ ਹਨ। ਇਹ ਚਰਚਾ ਜਾਰੀ ਹੈ। ਕੁਝ ਵਿਦਵਾਨਾਂ ਦਾ ਆਖਣਾ ਹੈ ਕਿ ਹਰ ਨਵੇਂ ਐਕਸ਼ਨ ਨਾਲ ਸੁਖਬੀਰ ਸਿੰਘ ਬਾਦਲ ਖੁਦ ਹੀ ਕਸੂਤੇ ਗਧੀਗੇੜ ਵਿੱਚ ਫਸਦੇ ਜਾ ਰਹੇ ਹਨ। ਇਸ ਨਾਲ ਅਕਾਲ ਤਖਤ ਸਾਹਿਬ ਅਤੇ ਅਕਾਲੀ ਦਲ ਇੱਕ ਦੂਜੇ ਦੇ ਆਹਮੋ ਸਾਹਮਣੇ ਆ ਗਏ ਹਨ।

ਬਾਦਲ ਧੜੇ ਵੱਲੋਂ ਆਪਣੇ ਆਗੂ ਦੇ ਹੱਕ ਵਿੱਚ ਸੋਸ਼ਲ ਮੀਡੀਆ 'ਤੇ ਚਲਾਈ ਜਾ ਰਹੀ ਮੁਹਿੰਮ ਅਤੇ ਵਰਕਿੰਗ ਕਮੇਟੀ 'ਤੇ ਅਸਤੀਫਾ ਵਾਪਸ ਕਰਨ ਲਈ ਪਾਏ ਗਏ ਦਬਾਅ ਤੋਂ ਲਗਦਾ ਹੈ ਕਿ ਅਕਾਲੀ ਦਲ ਦੇ ਮੁੱਖ ਧੜੇ ਦੇ ਆਗੂ ਜਥੇਦਾਰ ਸਾਹਿਬਾਨ 'ਤੇ ਦਬਾਅ ਪਾ ਕੇ ਸਜ਼ਾ ਬਾਰੇ ਫੈਸਲਾ ਨਰਮ ਕਰਵਾਉਣ ਦਾ ਯਤਨ ਕਰ ਰਹੇ ਹਨ। ਇਸ ਕਿਸਮ ਦਾ ਦਬਾਅ ਪਹਿਲਾਂ ਮਾਝੇ ਦੇ ਸੀਨੀਅਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਵੱਲੋਂ ਵੀ ਪਾਉਣ ਦਾ ਯਤਨ ਕੀਤਾ ਗਿਆ ਸੀ। ਉਸ ਨੂੰ ਜਥੇਦਾਰ ਸਾਹਿਬਾਨ ਨੇ ਅਕਾਲੀ ਦਲ ਵਿੱਚੋਂ ਦਸ ਸਾਲ ਲਈ ਬਾਹਰ ਕਰਨ ਦਾ ਫੈਸਲਾ ਸੁਣਾ ਦਿੱਤਾ ਸੀ। ਕੁਝ ਸਿੱਖ ਵਿਦਵਾਨਾਂ ਵੱਲੋਂ ਇਹ ਰਾਏ ਵੀ ਆ ਰਹੀ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਤੋਂ ਪਾਸੇ ਕਰਕੇ ਜਥੇਦਾਰ ਸਾਹਿਬਾਨ ਆਪਣੀ ਨਿਗਰਾਨੀ ਵਿੱਚ ਅਕਾਲੀ ਦਲ ਦੀਆਂ ਪੁਰਾਣੀਆਂ ਰਵਾਇਤਾਂ ਅਨੁਸਾਰ ਨਵੇਂ ਸਿਰਿਓਂ ਭਰਤੀ ਕਰਵਾਉਣ। ਇਸ ਤਰ੍ਹਾਂ ਨਵੇਂ ਡੈਲੀਗੇਟਾਂ ਰਾਹੀਂ ਨਵੀਂ ਲੀਡਰਸ਼ਿਪ ਦੀ ਸੰਗਤੀ ਢੰਗ ਨਾਲ ਚੋਣ ਕੀਤੀ ਜਾਵੇ। ਇਸੇ ਤਰ੍ਹਾਂ ਹੀ ਅਕਾਲੀ ਦਲ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ। ਜਦਕਿ ਅਕਾਲੀ ਦਲ ਬਾਦਲ ਪੱਖੀ ਧੜਾ 1996 ਤੋਂ ਬਾਅਦ ਅਪਣਾਈ ਗਈ ਆਪਣੀ ਮੌਜੂਦਾ 'ਲਿਬਰਲ' ਸਿਆਸੀ ਦ੍ਰਿਸ਼ਟੀ ਨੂੰ ਹੀ ਅੱਗੇ ਵਧਾਉਣਾ ਚਾਹੁੰਦਾ ਹੈ।

ਅਕਾਲੀ ਦਲ ਦੇ ਇਸ ਸੰਕਟ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸਿੱਖ ਵਿਦਵਾਨ ਪ੍ਰੋ. ਬਲਕਾਰ ਸਿੰਘ ਨੇ ਆਪਣੇ ਇੱਕ ਲੇਖ ਵਿੱਚ ਲਿਖਿਆ ਕਿ "ਸਿੰਘ ਸਾਹਿਬਾਨ ਦਰਪੇਸ਼ ਮੁੱਦਾ ਇਹ ਹੈ ਕਿ ਅਕਾਲੀ ਦਲ ਨੂੰ ਬਚਾਉਣਾ ਹੈ ਜਾਂ ਅਕਾਲੀਆਂ ਨੂੰ? ਅਕਾਲੀਆਂ ਨੂੰ ਸਿਆਸੀ ਸੁਰ ਵਿੱਚ ਬਚਾਇਆ ਜਾ ਸਕਦਾ ਹੈ ਅਤੇ ਅਕਾਲੀ ਦਲ ਨੂੰ ਇੱਕ ਪੰਥਕ ਸੰਸਥਾ ਵਜੋਂ ਸਿੱਖ ਸੁਰ ਵਿੱਚ ਰਾਹ ਕੱਢਣਾ ਪੈਣਾ ਹੈ।" ਉਨ੍ਹਾਂ ਅੱਗੇ ਲਿਖਿਆ ਹੈ ਕਿ ਅਕਾਲੀ ਸੰਕਟ ਦੀਆਂ ਤਿੰਨ ਪਰਤਾਂ ਹਨ- 1. ਅਕਾਲੀ ਸਿਆਸਤਦਾਨ ਕਿਸੇ ਵੀ ਰੰਗ ਦਾ, 2. ਸਿੱਖ ਸੰਗਤ ਅਤੇ 3. ਸਿੱਖ ਪੰਥ। ਇਸੇ ਪੱਧਰ 'ਤੇ ਜਾ ਕੇ ਇਹ ਮਸਲਾ ਹੱਲ ਹੋਣਾ ਹੈ।

## ਅਕਾਲ ਤਖ਼ਤ ਸਾਹਿਬ ਬਾਰੇ ਗੰਭੀਰ ਸਿਧਾਂਤਕ ਵਿਚਾਰ ਦੀ ਲੋੜ

ਅਕਾਲ ਤਖ਼ਤ ਸਾਹਿਬ ਬਾਰੇ ਗੰਭੀਰ ਸਿਧਾਂਤਕ ਵਿਚਾਰ ਸਮੇਂ ਦੀ ਮੁੱਖ ਲੋੜ ਹੈ। ਕੇਂਦਰੀਕਰਣ, ਈਜਾਰੇਦਾਰ ਅਤੇ ਇੱਕਪੁਰਖੀ ਸਿਸਟਮ ਹਮੇਸ਼ਾ ਅਕਾਲ ਤਖਤ ਸਾਹਿਬ ਨਾਲ ਕਿਉਂ ਟਕਰਾਓ ਵਿੱਚ ਰਹਿੰਦਾ ਹੈ? ਤਾਨਾਸ਼ਾਹੀ ਤਾਕਤਾਂ ਅਕਾਲ ਤਖ਼ਤ ਦੇ ਸੱਚ ਉੱਪਰ ਹਮੇਸ਼ਾ ਹਮਲਾਵਰ ਕਿਉਂ ਰਹੀਆਂ ਹਨ? ਇਸ ਵਰਤਾਰੇ ਦੀ ਸਿਧਾਂਤਕ ਪੜਚੋਲ ਅਜੋਕੇ ਸਮੇਂ ਦੀ ਮੁੱਖ ਲੋੜ ਹੈ।

ਅਕਾਲ ਤਖਤ ਸਾਹਿਬ ਸਿੱਖ ਪੰਥ ਦੇ ਸਿਧਾਂਤਕ ਅਮਲ ਦੀ ਵਿਵਹਾਰਿਕਤਾ ਦਾ ਪ੍ਰਤੀਕ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਕਿ ਅਕਾਲ ਤਖਤ ਸਿੱਖ ਪੰਥ ਦੇ ਸੁੱਚੇ ਜਜ਼ਬਿਆਂ ਦੇ ਪ੍ਰਗਟਾ ਦਾ ਪ੍ਰਤੀਕ ਹੈ। ਜਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਸ਼ਬਦ ਗੁਰੂ ਦੇ ਸੰਸਥਾਈ ਪ੍ਰਗਟਾ ਵਜੋਂ ਦੁਨੀਆ ਵਿੱਚ ਸਥਾਪਤ ਕੀਤਾ ਸੀ, ਉਸੇ ਤਰ੍ਹਾਂ ਅਕਾਲ ਤਖ਼ਤ ਸਾਹਿਬ ਸ਼ਬਦ ਗੁਰੂ ਦੇ ਸੰਸਾਰ ਵਿੱਚ ਵਿਵਹਾਰਿਕ ਅਮਲ ਦੇ ਪ੍ਰਤੀਕ ਵਜੋਂ ਸਾਨੂੰ ਇਹ ਯਾਦ ਕਰਵਾਉਂਦਾ ਹੈ ਕਿ ਸ਼ਬਦ ਗੁਰੂ ਦੀ ਦਿਸ਼ਾ ਵਿੱਚ ਹਰੇਕ ਤਰ੍ਹਾਂ ਦੇ ਨਿਜ਼ਾਮ ਦੀ ਸਿਰਜਣਾ ਖ਼ਾਲਸੇ ਦੀ ਇਤਿਹਾਸਕ ਜ਼ਿੰਮੇਵਾਰੀ ਹੈ। ਇਸੇ ਕਰਕੇ ਸਥਾਪਤ ਨਿਜ਼ਾਮ ਹਮੇਸ਼ਾ ਅਕਾਲ ਤਖ਼ਤ ਤੋਂ ਆਰੰਭੇ ਹਰੇਕ ਸਿਧਾਂਤਕ ਅਮਲ ਵਿੱਚ ਰੁਕਾਵਟ ਬਣਦਾ ਆਇਆ ਹੈ ਅਤੇ ਖਾਲਸਾਈ ਨਿਜ਼ਾਮ ਦੇ ਸਥਾਪਤ ਹੋਣ ਤੱਕ ਰੁਕਾਵਟ ਬਣਦਾ ਰਹੇਗਾ।

ਅਕਾਲ ਤਖ਼ਤ ਸਾਹਿਬ ਤੋਂ ਵੱਖ-ਵੱਖ ਸਥਿਤੀਆਂ ਵਿੱਚ ਅਨੇਕਾਂ ਫੈਸਲੇ ਲਏ ਗਏ ਹਨ। ਇੱਥੋਂ ਲਏ ਜਾਣ ਵਾਲੇ ਫੈਸਲਿਆਂ ਨੂੰ ਪ੍ਰਭਾਵਤ ਕਰਨ ਲਈ ਸੱਤਾ ਦੀਆਂ ਸਥਾਪਤ ਤਾਕਤਾਂ ਵੱਲੋਂ ਹਮੇਸ਼ਾ ਦਖਲਅੰਦਾਜ਼ੀ ਹੁੰਦੀ ਰਹੀ ਹੈ। ਇੱਥੋਂ ਸਰਕਾਰਾਂ ਅਤੇ ਸਿੱਖਾਂ ਅੰਦਰ ਸਥਾਪਤ ਧਿਰਾਂ ਨੇ ਅਨੇਕਾਂ ਵਾਰ ਆਪਣੀ ਸ਼ਕਤੀ ਦੇ ਜ਼ੋਰ ਨਾਲ ਮਨ-ਭਾਉਂਦੇ ਫੈਸਲੇ ਕਰਵਾਏ ਜਾਂ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਇੱਥੋਂ ਲਏ ਗਏ ਉਹ ਫੈਸਲੇ ਹੀ ਪ੍ਰਵਾਨ ਚੜ੍ਹੇ ਹਨ, ਜੋ ਖ਼ਾਲਸਾ ਪੰਥ ਦੇ ਸੁੱਚੇ ਜਜ਼ਬਿਆਂ ਦੀ ਪ੍ਰਤੀਨਿਧਤਾ ਕਰਦੇ ਸਨ। ਮੌਜੂਦਾ ਵਕਤ ਅਕਾਲੀ ਸੰਕਟ ਦੇ ਸਬੰਧ ਵਿੱਚ ਅਕਾਲ ਤਖ਼ਤ ਉਪਰ ਚੱਲ ਰਹੀਆਂ ਸਰਗਰਮੀਆਂ ਬਾਰੇ ਕਈ ਤਰ੍ਹਾਂ ਦੇ ਸ਼ੰਕੇ ਅਤੇ ਕਿਆਸਅਰਾਈਆਂ ਪ੍ਰਗਟਾਈਆਂ ਜਾ ਰਹੀਆਂ ਹਨ।

ਇਹ ਹੁਣ ਸਿੰਘ ਸਾਹਿਬਾਨ ਦੇ ਇਮਤਿਹਾਨ ਦੀ ਘੜੀ ਹੈ, ਜੇਕਰ ਉਹ ਸਿੱਖਾਂ ਦੇ ਸੁੱਚੇ ਜਜ਼ਬਿਆਂ ਦੀ ਦਿਸ਼ਾ ਵਿੱਚ ਫੈਸਲੇ ਲੈਣ ਵਿੱਚ ਸਫਲ ਹੋ ਗਏ ਤਾਂ ਉਹ ਪ੍ਰਵਾਨ ਚੜ੍ਹ ਜਾਵੇਗਾ। ਜੇਕਰ ਅਜਿਹਾ ਨਾ ਹੋ ਸਕਿਆ ਤਾਂ ਫੈਸਲਾ ਅਤੇ ਫੈਸਲਾ ਲੈਣ ਵਾਲੇ ਸਿੱਖਾਂ ਵੱਲੋਂ ਬੁਰੀ ਤਰ੍ਹਾਂ ਰੱਦ ਕਰ ਦਿੱਤੇ ਜਾਣਗੇ। ਅਕਾਲ ਤਖਤ ਸਾਹਿਬ ਉੱਪਰ ਚੱਲ ਰਹੀ ਪ੍ਰਕਿਰਿਆ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕਰਨ ਵਾਲੇ ਆਗੂਆਂ ਦੇ ਧਿਆਨ ਵਿੱਚ ਇਹ ਸੱਚ ਹੋਣਾ ਲਾਜ਼ਮੀ ਹੈ।

***-ਅਮਰੀਕ ਸਿੰਘ ਮੁਕਤਸਰ***

# ਕ੍ਰਿਪਾਨ ਉਤੇ ਪਾਬੰਦੀ, ਧਾਰਮਿਕ ਆਜ਼ਾਦੀ ਅਤੇ ਸੰਵਿਧਾਨ

ਭਾਰਤ ਸਰਕਾਰ ਵੱਲੋਂ ਸਿੱਖਾਂ ਵੱਲੋਂ ਪੰਜ ਕੱਕਾਰੀ ਰਹਿਤ ਦੇ ਤਹਿਤ ਹਵਾਈ ਅੱਡਿਆਂ ਦੇ ਕਾਰਜ ਰਤ ਸਿੱਖ ਕਰਮਚਾਰੀਆਂ ਦੇ ਕ੍ਰਿਪਾਨ ਧਾਰਨ ਕਰਨ ਦੇ ਬੁਨਿਆਦੀ ਧਾਰਮਿਕ ਹੱਕ ਅਤੇ ਫ਼ਰਜ਼ 'ਤੇ ਰੋਕ ਲਗਾਉਣੀ ਸਿੱਧੇ ਤੌਰ 'ਤੇ ਮੰਦ ਭਾਗੀ ਅਤੇ ਨਿੰਦਣਯੋਗ ਕਾਰਵਾਈ ਹੈ। ਇਹ ਸਿੱਖੀ 'ਤੇ ਹਮਲਾ ਹੈ। ਵਿਸ਼ੇਸ਼ ਤੌਰ 'ਤੇ ਇਹ ਸਾਲ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਮਹਾਰਾਜ ਦਾ ਧਾਰਮਿਕ ਅਕੀਦੇ ਦੀ ਆਜ਼ਾਦੀ ਅਤੇ ਮਨੁੱਖੀ ਬੁਨਿਆਦੀ ਅਧਿਕਾਰਾਂ ਲਈ ਦਿੱਤੀ ਅਦੁੱਤੀ ਸ਼ਹਾਦਤ ਦਾ ਇਹ 350ਵਾਂ ਸਾਲ ਹੈ। ਨਾਲ ਹੀ ਭਾਰਤ ਸਰਕਾਰ ਇਸ ਸਾਲ ਨੂੰ ਅੰਮ੍ਰਿਤ ਕਾਲ ਦੇ ਤੌਰ 'ਤੇ ਪ੍ਰਚਾਰ ਰਹੀ ਹੈ। ਇਸ ਨੂੰ ਖ਼ਾਲਸਾ ਪੰਥ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ। ਗੁਰੂ ਸਾਹਿਬਾਨ ਦੇ ਪਦ ਚਿੰਨ੍ਹਾਂ 'ਤੇ ਚਲਦਿਆਂ ਜੇਕਰ ਖ਼ਾਲਸਾ ਪੰਥ ਦੂਜਿਆਂ ਦੇ ਧਰਮ ਲਈ ਆਪਾ ਵਾਰ ਸਕਦਾ ਹੈ ਤਾਂ ਆਪਣੇ ਧਰਮ ਦੀ ਰਾਖੀ ਕਰਨ ਲਈ ਵੀ ਪੂਰੀ ਤਰ੍ਹਾਂ ਚੇਤੰਨ ਹੈ।

ਸਿੱਖ ਰਹਿਤ ਮਰਿਆਦਾ ਦੇ ਅੰਮ੍ਰਿਤ ਸੰਸਕਾਰ ਦੀ ਮਦ (ਟ) ਮੁਤਾਬਕ ਵੀ ਪੰਜ ਕੱਕਿਆਂ- ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ-ਸੰਗ ਰੱਖਣਾ। (ਕ੍ਰਿਪਾਨ ਦੀ ਲੰਬਾਈ ਦੀ ਕੋਈ ਹੱਦ ਨਹੀਂ ਹੋ ਸਕਦੀ)। ਕ੍ਰਿਪਾਨ, ਭਗੌਤੀ ਜਾਂ ਸ੍ਰੀ ਸਾਹਿਬ ਪੰਜ ਕੱਕਾਰਾਂ ਵਿੱਚ ਦੂਸਰਾ ਪਾਵਨ ਕੱਕਾਰ ਹੈ। ਅਲਬੇਲੇ ਸ਼ਾਇਰ ਪ੍ਰੋ. ਪੂਰਨ ਸਿੰਘ ਦਾ ਕਹਿਣਾ ਹੈ ਕਿ ਹਰ ਸਿੱਖ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਨ ਪਾਉਣੀ ਪੈਂਦੀ ਹੈ। ਇਹ ਕਹਿ ਕੇ ਉਨ੍ਹਾਂ ਕੱਕਾਰਾਂ ਦੀ ਮਹੱਤਤਾ ਨੂੰ ਸਿਖਰ 'ਤੇ ਪਹੁੰਚਾ ਦਿੱਤਾ ਹੈ।

ਆਮ ਤੌਰ 'ਤੇ ਸੰਵਿਧਾਨ ਕਿਸੇ ਮਦ ਦੀ ਵਿਆਖਿਆ ਜਾਂ ਸਪਸ਼ਟੀਕਰਨ ਨਹੀਂ ਦਿੰਦਾ, ਪਰ ਬਾਵਜੂਦ ਇਸਦੇ ਭਾਰਤ ਦੇ ਸੰਵਿਧਾਨ ਦੇ ਧਾਰਮਿਕ ਆਜ਼ਾਦੀ ਦੇ ਅਧਿਆਇ (Right to Freedom of Religion) ਦੀ ਧਾਰਾ 25(2) ਦੀ Explanation I ਮੁਤਾਬਕ ਕਿਸੇ ਸਿੱਖ ਵੱਲੋਂ ਕ੍ਰਿਪਾਨ ਪਹਿਨਣ ਅਤੇ ਲੈ ਕੇ ਚਲਣਾ ਉਸ ਵੱਲੋਂ ਆਪਣੇ ਧਰਮ ਦੀ ਪਾਲਣਾ ਕਰਨਾ ਹੁੰਦਾ ਹੈ।

Explanation I- The wearing and carrying of kirpans shall be deemed to be included in the profession of the Sikh religion.

ਕੋਈ ਵੀ ਕਾਨੂੰਨ, ਨਿਯਮ, ਆਦੇਸ਼ ਜਾਂ ਨਿਰਦੇਸ਼ ਸੰਵਿਧਾਨ ਦੀ ਇਸ ਮਦ ਦੀ ਉਲੰਘਣਾ ਨਹੀਂ ਕਰ ਸਕਦਾ। ਇਹ ਸਰਾਸਰ ਗ਼ੈਰ-ਜ਼ਿੰਮੇਦਾਰਾਨਾ ਅਤੇ ਸੰਵਿਧਾਨ ਵਿਰੋਧੀ ਹੈ। ਬੜੇ ਜ਼ੋਰ-ਸ਼ੋਰ ਨਾਲ ਇਸ ਮਦ ਨੂੰ ਡਾ. ਅੰਬੇਦਕਰ ਵੱਲੋਂ ਸੰਵਿਧਾਨ ਵਿੱਚ ਸ਼ਾਮਲ ਕਰਨ ਬਾਰੇ ਕਿਹਾ ਜਾਂਦਾ ਹੈ। ਇਸ ਤਰ੍ਹਾਂ ਮੌਜੂਦਾ ਕਾਰਵਾਈ ਡਾ. ਅੰਬੇਦਕਰ ਦੀ ਵੀ ਨਿਰਾਦਰੀ ਹੈ।



ਸਾਲ 1982 ਵਿੱਚ ਸਿੱਖ ਯਾਤਰੀ ਵੱਲੋਂ ਬਿਹਾਰ ਸਿੱਖ ਪ੍ਰਤੀਨਿਧੀ ਬੋਰਡ ਨੇ ਪਟਨਾ ਹਾਈ ਕੋਰਟ ਵਿੱਚ Union of India in CWJC No.1492 of 1982 ਮੁਕੱਦਮਾ ਦਰਜ ਕੀਤਾ ਸੀ। ਉਸ ਦੇ ਬਾਅਦ ਭਾਰਤ ਸਰਕਾਰ ਨੇ Circular no. 9/56/74-IR Dt. 05 July, 1982 ਜਾਰੀ ਕਰਕੇ ਸਿੱਖ ਯਾਤਰੂਆਂ ਵੱਲੋਂ ਹਵਾਈ ਜਹਾਜ਼ ਵਿੱਚ 9 ਇੰਚ ਤੱਕ ਦੀ ਕ੍ਰਿਪਾਨ (ਬਲੇਡ ਦੀ ਲੰਬਾਈ 6 ਇੰਚ) ਤੱਕ ਲੈ ਕੇ ਜਾਣ ਦਾ ਸਰਕੁਲਰ ਜਾਰੀ ਕੀਤਾ ਸੀ। ਇਸ ਨੂੰ ਕਈ ਵਾਰ ਦੁਹਰਾਇਆ ਗਿਆ ਹੈ ਅਤੇ ਅੱਜ ਤੱਕ ਲਾਗੂ ਹੈ।

ਇਹ ਜ਼ਿਕਰਯੋਗ ਹੈ ਕਿ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਵੀ 1922 ਵਿੱਚ ਅੰਗਰੇਜ਼ ਸਰਕਾਰ ਨੇ ਕ੍ਰਿਪਾਨ 'ਤੇ ਪਾਬੰਦੀ ਲਗਾਈ ਸੀ। ਇਸ ਦੇ ਜਵਾਬ ਵਿੱਚ ਕ੍ਰਿਪਾਨਧਾਰੀਆਂ ਦਾ ਹੜ੍ਹ ਆ ਗਿਆ ਸੀ ਅਤੇ ਉਸ ਸਮੇਂ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਨੇ ਤਾਂ ਕ੍ਰਿਪਾਨਾਂ ਬਣਾਉਣ ਦੀ ਫੈਕਟਰੀ ਵੀ ਲਗਾ ਲਈ ਸੀ। ਇਸ ਮੋਰਚੇ ਵਿੱਚ ਪੰਥ ਨੂੰ ਅਦੁੱਤੀ ਜਿੱਤ ਪ੍ਰਾਪਤ ਹੋਈ ਸੀ।

ਕ੍ਰਿਪਾਨ 'ਤੇ ਪਾਬੰਦੀ ਲਗਾਉਣੀ ਦੇਸ਼ ਦੀ ਵੰਡ ਦੇ ਬਾਅਦ ਲਗਾਤਾਰ ਸਿੱਖਾਂ ਦੇ ਧਾਰਮਿਕ, ਸਮਾਜਕ ਅਤੇ ਰਾਜਨੀਤਕ ਮਸਲਿਆਂ ਵਿੱਚ ਸਰਕਾਰ ਦੀ ਵਧੀਕੀ ਦੀ ਲੜੀ ਵਿੱਚ ਇੱਕ ਕਦਮ ਹੈ। ਇਸ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਇਸ ਆਦੇਸ਼ ਨੂੰ ਬਿਨਾ ਦੇਰੀ ਦੇ ਵਾਪਸ ਲੈਣਾ ਚਾਹੀਦਾ ਹੈ।

***-ਗੁਰਚਰਨਜੀਤ ਸਿੰਘ ਲਾਂਬਾ***
*santsipahi@gmail.com*

# ਬਾਕੂ ਕਾਨਫਰੰਸ: ਕਲਾਈਮੇਟ ਫੰਡ ਵਧਾਉਣਾ ਚਾਹੁੰਦੇ ਵਿਕਸਤ ਦੇਸ਼

## *ਭਾਰਤ ਸਮੇਤ ਵਿਕਾਸਸ਼ੀਲ ਮੁਲਕਾਂ ਵੱਲੋਂ ਵਿਰੋਧ

**ਪੰਜਾਬੀ ਪਰਵਾਜ਼ ਬਿਊਰੋ**




ਮੌਸਮੀ ਤਬਦੀਲੀਆਂ ਬਾਰੇ ਅਜ਼ਰਾਬਾਇਜਾਨ ਦੀ ਰਾਜਧਾਨੀ ਬਾਕੂ ਵਿੱਚ ਚੱਲ ਰਹੀ ਕਾਨਫਰੰਸ ਆਫ ਪਾਰਟੀਜ਼-29 ਨੇ ਵਿਚਾਰ-ਵਟਾਂਦਰੇ ਦਾ ਪਹਿਲਾ ਹਫਤਾ ਪੂਰਾ ਕਰ ਲਿਆ ਹੈ। ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਦੇ ਆਗੂ ਇਸ ਕਾਨਫਰੰਸ ਵਿੱਚ ਹਿੱਸਾ ਲੈ ਰਹੇ ਹਨ, ਜਿੱਥੇ ਕਾਰਬਨ ਬਜਟ ਅਤੇ ਲਗਾਤਾਰ ਵਧ ਰਹੇ ਤਾਪਮਾਨ ਦੇ ਹੱਲ ਲਈ ਫੰਡ ਜੁਟਾਉਣ ਵਾਸਤੇ ਨਵਾਂ ਸਮਝੌਤਾ ਮੁੱਖ ਮੁੱਦਾ ਹੈ। ਵਿਕਸਤ ਮੁਲਕਾਂ ਵੱਲੋਂ ਪੈਰਿਸ ਐਗਰੀਮੈਂਟ ਤੋਂ ਅੱਗੇ ਵਧ ਕੇ ਨਵਾਂ ਸਮਝੌਤਾ ਸਹੀਬੱਧ ਕਰਨ ਲਈ ਜ਼ੋਰ ਪਾਇਆ ਜਾ ਰਿਹਾ ਹੈ। ਪੈਰਿਸ ਸਮਝੌਤੇ ਵਿੱਚ 100 ਅਰਬ ਡਾਲਰ ਦਾ ਫੰਡ ਇਕੱਠਾ ਕਰਨ ਪ੍ਰਤੀ ਸਹਿਮਤੀ ਬਣੀ ਸੀ। ਭਾਰਤ ਸਮੇਤ ਵਿਕਾਸਸ਼ੀਲ ਮੁਲਕਾਂ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਵਿਕਸਤ ਮੁਲਕ ਹੁਣ ਇਹ ਹੱਦ 2 ਟ੍ਰਿਲੀਅਨ ਡਾਲਰ ਤੱਕ ਕਰਨ ਲਈ ਜ਼ੋਰ ਪਾ ਰਹੇ ਹਨ। ਵਿਕਸਤ ਮੁਲਕਾਂ ਦਾ ਆਖਣਾ ਹੈ ਕਿ ਸੰਸਾਰ ਦੀ ਆਰਥਿਕ ਸਥਿਤੀ ਬਦਲ ਗਈ ਹੈ। ਚੀਨ ਵਿਕਸਤ ਮੁਲਕਾਂ ਦੀ ਐਲੀਟ ਕਲੱਬ ਵਿੱਚ ਸ਼ਾਮਲ ਹੋਣ ਲਈ ਦੇਹਲੀ ਉਪਰ ਖੜ੍ਹਾ ਹੈ। ਯਾਦ ਰਹੇ, ਦੁਨੀਆਂ ਵਿੱਚ ਹਵਾ ਪ੍ਰਦੂਸ਼ਣ ਫੈਲਾਉਣ ਦੇ ਮਾਮਲੇ ਵਿੱਚ ਅਮਰੀਕਾ ਤੋਂ ਬਾਅਦ ਚੀਨ ਅਤੇ ਭਾਰਤ ਦਾ ਹੀ ਨੰਬਰ ਆਉਂਦਾ ਹੈ। ਇਸ ਲਈ ਇਨ੍ਹਾਂ ਮੁਲਕਾਂ ਨੂੰ ਫੰਡ ਦੇ ਮਾਮਲੇ ਵਿੱਚ ਵੀ ਵਧੇਰੇ ਜ਼ਿੰਮੇਵਾਰੀ ਚੁੱਕਣ ਲਈ ਵਿਕਸਤ ਮੁਲਕ ਜ਼ੋਰ ਪਾ ਰਹੇ ਹਨ।

ਜਿਵੇਂ ਕੇ ਅਕਸਰ ਹੀ ਇਹੋ ਜਿਹੀਆਂ ਕਾਨਫਰੰਸ ਵਿੱਚ ਹੁੰਦਾ ਹੈ, ਦੁਨੀਆਂ ਦੇ ਵਾਤਾਵਰਣ ਵਿੱਚ ਵਧ ਰਹੀਆਂ ਗਰੀਨ ਹਾਊਸ ਗੈਸਾਂ ਲਈ ਵਿਕਸਤ ਮੁਲਕ ਵਿਕਾਸਸ਼ੀਲ ਮੁਲਕਾਂ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ ਤੇ ਵਿਕਾਸਸ਼ੀਲ ਮੁਲਕ ਇਤਿਹਾਸਕ ਤੌਰ 'ਤੇ ਵਿਕਸਤ ਮੁਲਕਾਂ ਵੱਲੋਂ ਖਾਰਜ ਕੀਤੀਆਂ ਗਈਆਂ ਵਧੇਰੇ ਗਰੀਨ ਹਾਊਸ ਗੈਸਾਂ ਕਾਰਨ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਇਸ ਕਿਸਮ ਦੀ ਖਿੱਚੋਤਾਣ ਇਸ ਕਾਨਫਰੰਸ ਵਿੱਚ ਵੀ ਚੱਲ ਰਹੀ ਹੈ। ਭਾਰਤ ਅਤੇ ਹੋਰ ਵਿਕਾਸਸ਼ੀਲ ਮੁਲਕਾਂ ਦੇ ਨੁਮਾਇੰਦਿਆਂ ਨੇ ਇਸ ਕਾਨਫਰੰਸ ਵਿੱਚ ਕੋਈ ਸਾਰਥਕ ਸਿੱਟਾ ਨਾ ਨਿਕਲਣ ਲਈ ਵਿਕਸਤ ਦੇਸ਼ਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਵਿਕਾਸਸ਼ੀਲ ਮੁਲਕਾਂ ਦੇ ਨੁਮਾਇੰਦਿਆਂ ਨੇ ਇਸ ਕਾਨਫਰੰਸ ਦਾ ਪਹਿਲਾ ਸੈਸ਼ਨ ਖਤਮ ਹੋਣ ਤੋਂ ਬਾਅਦ ਕਿਹਾ ਕਿ ਵਿਕਸਤ ਮੁਲਕ ਵਿਕਾਸਸ਼ੀਲ ਮੁਲਕਾਂ ਦੀ ਕੋਈ ਆਰਥਕ ਮੱਦਦ ਕੀਤੇ ਬਿਨਾ ਹੀ ਉਨ੍ਹਾਂ ਉਤੇ ਵਿੱਤੀ ਬੋਝ ਵਧਾਉਣਾ ਚਾਹੁੰਦੇ ਹਨ। ਬੀਤੇ ਸ਼ਨੀਵਾਰ ਇਸ ਮਸਲੇ 'ਤੇ ਗੱਲਬਾਤ ਕਰਦਿਆਂ ਭਾਰਤੀ ਨੁਮਾਇੰਦਿਆਂ ਨੇ ਕਿਹਾ ਕਿ ਧਰਤੀ ਦੇ ਤਾਪਮਾਨ ਦੇ ਵਧਣ ਦਾ ਵਧੇਰੇ ਖਮਿਆਜਾ ਵਿਕਾਸਸ਼ੀਲ ਮੁਲਕਾਂ ਨੂੰ ਭੁਗਤਣਾ ਪੈ ਰਿਹਾ ਹੈ। ਵਿਕਾਸਸ਼ੀਲ ਮੁਲਕਾਂ ਕੋਲ ਤਾਪਮਾਨ ਵਿੱਚ ਵਾਧੇ ਕਾਰਨ ਆਉਣ ਵਾਲੀਆਂ ਆਫਤਾਂ ਨਾਲ ਨਜਿੱਠਣ ਦੀ ਸਮਰੱਥਾ ਵੀ ਘੱਟ ਹੈ। ਪਰ ਇੱਕ ਹਫਤੇ ਦੇ ਵਿਚਾਰ-ਵਟਾਂਦਰੇ ਤੋਂ ਬਾਅਦ ਵੀ ਇਸ ਮਸਲੇ 'ਤੇ ਕੋਈ ਸਹਿਮਤੀ ਨਹੀਂ ਬਣ ਸਕੀ।

ਕਾਨਫਰੰਸ ਦੇ ਅਧਿਕਾਰਤ ਬਿਆਨ ਅਨੁਸਾਰ 'ਨਿਊ ਕੁਲੈਕਟਿਵ ਕਲਾਈਮੇਟ ਗੋਲ' ਦੇ ਵਿਸ਼ੇ 'ਤੇ ਹੋ ਰਹੀ ਇਸ ਕਾਨਫਰੰਸ ਵਿੱਚ ਗਤੀਰੋਧ ਬਣਿਆ ਹੋਇਆ ਹੈ। ਯਾਦ ਰਹੇ, ਮੌਸਮੀ ਤਬਦੀਲੀ ਬਾਰੇ ਹੋਈ ਪੈਰਿਸ ਕਾਨਫਰੰਸ ਵਿੱਚ 100 ਬਿਲੀਅਨ ਡਾਲਰ ਸਾਲਾਨਾ ਫੰਡ ਇਕੱਠਾ ਕਰਨ ਬਾਰੇ ਸਹਿਮਤੀ ਬਣੀ ਸੀ। ਇਸ ਸਮਝੌਤੇ 'ਤੇ 22 ਅਪ੍ਰੈਲ 2016 ਨੂੰ ਦਸਤਖਤ ਕੀਤੇ ਗਏ ਸਨ। ਸਮਝੌਤੇ 'ਤੇ ਭਾਰਤ ਸਮੇਤ ਦੁਨੀਆਂ ਦੇ 195 ਮੁਲਕਾਂ ਨੇ ਦਸਤਖਤ ਕੀਤੇ ਸਨ। ਇਸ ਫੰਡ ਦਾ ਬਹੁਤਾ ਹਿੱਸਾ ਵਿਕਸਤ ਮੁਲਕਾਂ ਵੱਲੋਂ ਦਿੱਤਾ ਜਾਣਾ ਸੀ। ਇਸੇ ਸਮਝੌਤੇ ਵਿੱਚ ਧਰਤੀ ਦੇ ਤਾਪਮਾਨ ਨੂੰ ਸਨਅਤੀ ਦੌਰ ਤੋਂ ਪਹਿਲਾਂ ਦੇ ਮੁਕਾਬਲੇ 1.5 ਫੀਸਦੀ ਤੱਕ ਸੀਮਤ ਕਰਨ ਦਾ ਟੀਚਾ ਰੱਖਿਆ ਗਿਆ ਸੀ। ਇਸ ਟੀਚੇ ਨੂੰ ਹਾਸਲ ਕਰਨ ਦਾ ਸਮਾਂ 2030 ਤੱਕ ਤੈਅ ਕੀਤਾ ਗਿਆ ਸੀ, ਪਰ ਮਨੁੱਖੀ ਗਤੀਵਿਧੀਆਂ ਕਾਰਨ ਖਾਰਜ ਹੋਰ ਰਹੀਆਂ ਗਰੀਨ ਹਾਊਸ ਗੈਸਾਂ ਦੀ ਬੇਥਾਹ ਮਾਤਰਾ ਕਾਰਨ ਧਰਤੀ ਦੇ ਕਈ ਹਿੱਸਿਆਂ ਵਿੱਚ 1.5 ਦਾ ਇਹ ਵਾਧਾ ਬੀਤੇ ਸਾਲ (2023) ਵਿੱਚ ਹੀ ਛੂਹ ਗਿਆ। ਸਾਲ 2024 ਇਤਿਹਾਸ ਦਾ ਸਭ ਤੋਂ ਗਰਮ ਸਾਲ ਰਿਹਾ ਹੈ। ਇਸ ਤਰ੍ਹਾਂ ਧਰਤੀ ਦਾ ਤਾਪਮਾਨ ਵਿਗਿਆਨੀਆਂ ਦੇ ਕਿਆਸਾਂ ਨਾਲੋਂ ਵੀ ਕਿਤੇ ਜ਼ਿਆਦਾ ਤੇਜ਼ੀ ਨਾਲ ਵਧ ਰਿਹਾ ਹੈ। ਇਸ ਨੇ ਇਸ ਮਸਲੇ 'ਤੇ ਖੋਜ ਕਰ ਰਹੇ ਵਿਗਿਆਨੀਆਂ ਅਤੇ ਵਾਤਾਵਰਣਿਕ ਕਾਰਕੁੰਨਾਂ ਨੂੰ ਚਿੰਤਾ ਵਿੱਚ ਪਾ ਦਿਤਾ ਹੈ।

ਇਹ ਵੀ ਵੇਖਣ ਵਿੱਚ ਆਇਆ ਹੈ ਕਿ ਧਰਤੀ ਦੇ ਵਧ ਰਹੇ ਤਾਪਮਾਨ ਕਾਰਨ ਸਿਰਫ ਵਿਕਾਸਸ਼ੀਲ ਮੁਲਕਾਂ ਵਿੱਚ ਹੀ ਤਬਾਹੀ ਨਹੀਂ ਹੋ ਰਹੀ, ਸਗੋਂ ਕਈ ਵਿਕਸਤ ਮੁਲਕਾਂ ਨੂੰ ਵੀ ਆਫਤਾਂ ਦਾ ਸਾਹਮਣਾ ਕਰਨਾ ਪੈ ਰਿਹਾ। ਹਾਲ ਹੀ ਵਿੱਚ ਸਪੇਨ ਵਿੱਚ ਭਿਆਨਕ ਹੜ੍ਹ ਆ ਕੇ ਹਟੇ ਹਨ, ਜਿਨ੍ਹਾਂ ਵਿੱਚ 300 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਅਤੇ ਬਹੁਤ ਸਾਰੇ ਲਾਪਾਤਾ ਹੋ ਗਏ ਸਨ। ਕੇਰਲਾ (ਭਾਰਤ) ਦੇ ਵਾਇਨਾਡ ਵਿੱਚ ਹਾਲੇ ਪਿਛੇ ਜਿਹੇ ਅਣਕਿਆਸੀ ਬਾਰਸ਼ ਵੱਡੀ ਤਬਾਹੀ ਮਚਾ ਕੇ ਹਟੀ ਹੈ। ਭਾਰਤ, ਚੀਨ ਅਤੇ ਪਾਕਿਸਤਾਨ ਨੇ ਬੀਤੇ ਕੁਝ ਸਾਲਾਂ ਵਿੱਚ ਭਿਆਨਕ ਹੜ੍ਹਾਂ ਦੀ ਮਾਰ ਝੱਲੀ ਹੈ। ਅਮਰੀਕਾ, ਜਰਮਨੀ, ਕੈਨੇਡਾ ਜਿਹੇ ਵਿਕਸਤ ਮੁਲਕਾਂ ਨੂੰ ਵਧ ਰਹੇ ਤਾਪਮਾਨ ਕਾਰਨ ਤੇਜ਼ ਹੋ ਰਹੀਆਂ ਕੁਦਰਤੀ ਆਫਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਮੁੰਦਰੀ ਤੁਫਨ ਪਹਿਲਾਂ ਨਾਲੋਂ ਜ਼ਿਆਦਾ ਆਉਣ ਲੱਗੇ ਹਨ ਅਤੇ ਸਾਰੇ ਯੂਰਪ ਨੂੰ ਤਾਪਮਾਨ ਦੇ ਵਾਧੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਫਿਰ ਵੀ ਸਭ ਤੋਂ ਜ਼ਿਆਦਾ ਮਾਰ ਗਰੀਬ ਮੁਲਕਾਂ ਦੇ ਲੋਕਾਂ ਨੂੰ ਪੈ ਰਹੀ ਹੈ। ਇਨ੍ਹਾਂ ਮੁਲਕਾਂ ਕੋਲ ਤਾਪਮਾਨ ਵਾਧੇ ਕਾਰਨ ਪੈਦਾ ਹੋ ਰਹੀਆਂ ਆਫਤਾਂ ਨਾਲ ਨਜਿੱਠਣ ਲਈ ਸਾਧਨ ਵੀ ਕਾਫੀ ਨਹੀਂ ਹਨ।

ਬਾਕੂ ਵਿੱਚ ਹੋ ਰਹੀ ਇਸ ਵਾਤਾਵਰਣ ਸੰਬੰਧੀ ਕਾਨਫਰੰਸ ਵਿੱਚ ਇੱਕ ਪਾਸੇ ਤੇ ਵਿਕਸਤ ਮੁਲਕ ਇਹ ਆਖ ਰਹੇ ਹਨ ਕਿ ਦੁਨੀਆਂ ਦੀ ਸਥਿਤੀ ਹੁਣ ਪਹਿਲਾਂ ਵਾਲੀ ਨਹੀਂ ਰਹੀ, ਕਿਉਂਕਿ ਚੀਨ, ਭਾਰਤ ਅਤੇ ਬ੍ਰਾਜ਼ੀਲ ਜਿਹੇ ਮੁਲਕ ਆਰਥਿਕ ਵਿਕਾਸ ਕਰ ਰਹੇ ਹਨ ਅਤੇ ਇਨ੍ਹਾਂ ਦੀ ਕਾਰਬਨ ਨਿਕਾਸੀ ਵੀ ਤੇਜ਼ੀ ਨਾਲ ਵਧੀ ਹੈ। ਸੰਸਾਰ ਵਿੱਚ ਸਭ ਤੋਂ ਵੱਧ ਹਵਾ ਪ੍ਰਦੂਸ਼ਣ ਅਮਰੀਕਾ ਫੈਲਾਉਂਦਾ ਹੈ ਅਤੇ ਇਸ ਤੋਂ ਬਾਅਦ ਚੀਨ ਦੂਜੇ ਨੰਬਰ 'ਤੇ ਹੈ ਅਤੇ ਭਾਰਤ ਤੀਜੇ 'ਤੇ। ਦਿੱਲੀ ਅੱਜ ਕੱਲ੍ਹ ਦੁਨੀਆਂ ਦੀ ਸਭ ਤੋਂ ਪ੍ਰਦੂਸ਼ਤ ਰਾਜਧਾਨੀ ਹੈ। ਹਰ ਸਾਲ ਵਾਂਗ ਇਸ ਵਾਰ ਵੀ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਇਨ੍ਹੀਂ ਦਿਨੀ ਸਿਖ਼ਰਾਂ ਛੂਹ ਰਿਹਾ ਹੈ। ਝੋਨੇ ਦੀ ਪਰਾਲੀ ਨੂੰ ਆਗ ਲੱਗਣ ਕਾਰਨ ਪੰਜਾਬ-ਹਰਿਆਣਾ ਵਿੱਚ ਇਨ੍ਹੀਂ ਦਿਨੀਂ ਧੂਏਂ ਅਤੇ ਧੁੰਦ ਦਾ ਮਿਸ਼ਰਣ ਵਾਤਾਵਰਣ ਵਿੱਚ ਛਾਇਆ ਹੋਇਆ ਹੈ।

ਤੇਜ਼ੀ ਨਾਲ ਵਧ ਰਹੇ ਧਰਤੀ ਦੇ ਤਾਪਮਾਨ ਕਾਰਨ ਵਿਕਸਤ ਮੁਲਕਾਂ ਦੇ ਨੁਮਾਇੰਦੇ ਬਾਕੂ ਕਾਨਫਰੰਸ ਵਿੱਚ ਹਰ ਸਾਲ ਦੋ ਟ੍ਰਿਲੀਅਨ ਡਾਲਰ ਦਾ ਫੰਡ ਇਕੱਠਾ ਕਰਨ ਲਈ ਜ਼ੋਰ ਪਾ ਰਹੇ ਹਨ ਅਤੇ ਇਸ ਮਕਸਦ ਲਈ ਚੀਨ, ਭਾਰਤ, ਬ੍ਰਾਜ਼ੀਲ ਅਤੇ ਦੱਖਣੀ ਅਫਰੀਕਾ ਵਰਗੇ ਮੁਲਕਾਂ 'ਤੇ ਜ਼ਿਆਦਾ ਭਾਰ ਪਾਉਣ ਲਈ ਜ਼ੋਰ ਪਾ ਰਹੇ ਹਨ। ਇਨ੍ਹਾਂ ਮੁਲਕਾਂ ਵੱਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਤਾਪਮਾਨ ਘਟਾਉਣ ਲਈ ਇਸ ਫੰਡ ਵਿੱਚ ਪ੍ਰਾਈਵੇਟ ਫਾਈਨੈਂਸ ਨੂੰ ਯੋਗਦਾਨ ਪਾਉਣ ਦਿੱਤਾ ਜਾਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਹੈ ਕਿ ਵਾਤਾਵਰਣ ਨੂੰ ਦਰੁਸਤ ਕਰਨ ਲਈ ਵਿਕਸਤ ਮੁਲਕਾਂ ਵੱਲੋਂ ਦਿੱਤੇ ਜਾ ਰਹੇ ਪੈਸੇ ਵਿੱਚ ਕਰਜ਼ੇ (ਇਨਵੈਸਟਮੈਂਟ ਗੋਲਜ਼) ਵੀ ਸ਼ਾਮਲ ਹੋਣਗੇ; ਜਦਕਿ ਵਿਕਾਸਸ਼ੀਲ ਮੁਲਕਾਂ ਵੱਲੋਂ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਜਾ ਰਿਹਾ ਹੈ। ਭਾਰਤ ਸਮੇਤ 24 ਵਿਕਾਸਸ਼ੀਲ ਮੁਲਕਾਂ ਦੇ ਇੱਕ ਗਰੁੱਪ 'ਲਾਈਕ ਮਾਈਂਡਿਡ ਡਿਵੈਲਪਿੰਗ ਕੰਟਰੀਜ਼' ਨੇ ਕਿਹਾ ਕਿ ਅਸੀਂ ਵਿਕਸਤ ਮੁਲਕਾਂ ਵੱਲੋਂ ਕੀਤੀ ਜਾਣ ਵਾਲੀ ਵਿੱਤੀ ਮੱਦਦ ਤੋਂ ਬਿਨਾ ਆਪਣੇ ਕਾਰਬਨ ਉਤਸਰਜਨ ਅਤੇ ਹੋਰ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿੱਚ ਕਮੀ ਨਹੀਂ ਕਰ ਸਕਦੇ।

ਵਿਕਾਸਸ਼ੀਲ ਮੁਲਕਾਂ ਦੇ ਇਸ ਗਰੁੱਪ ਵੱਲੋਂ ਬੋਲਦਿਆਂ ਬੋਲੀਵੀਆ ਨੇ ਕਿਹਾ ਕਿ ਸਾਨੂੰ ਨਵੇਂ ਸਮਝੌਤੇ ਦੇ ਰਾਹ ਦੇ ਰੋੜੇ (ਬਲੌਕਰਜ਼) ਕਿਹਾ ਜਾ ਰਿਹਾ ਹੈ। ਇਹ ਸਾਡੇ ਵਾਸਤੇ ਬੇਹੱਦ ਅਪਮਾਨਜਨਕ ਭਾਸ਼ਾ ਹੈ। ਚੀਨ ਨੇ ਉਂਝ ਇਸ ਮਕਸਦ ਲਈ ਵਧੇਰੇ ਯੋਗਦਾਨ ਪਾਉਣ ਲਈ ਸਹਿਮਤੀ ਦਿੱਤੀ ਹੈ। ਨਵੇਂ ਨਿਸ਼ਾਨਿਆਂ (ਨਿਊ ਕੁਲੈਕਟਿਵ ਕੁਆਂਟੀਫਾਈਡ ਗੋਲਜ਼) ਨੂੰ ਹਾਸਲ ਕਰਨ ਦੇ ਨਜ਼ਰੀਏ ਤੋਂ ਬਾਕੂ ਕਾਨਫਰੰਸ ਨ ਹਾਲੇ ਗੋਹੜੇ ਵਿੱਚੋਂ ਪੂਣੀ ਵੀ ਨਹੀਂ ਕੱਤੀ ਹੈ। ਬੀਤੇ ਇੱਕ ਹਫਤੇ ਝੱਖ ਮਾਰਨ ਤੋਂ ਬਾਅਦ ਗੱਲ ਉਥੇ ਹੀ ਖੜ੍ਹੀ ਹੈ, ਜਿੱਥੇ ਪਹਿਲਾਂ ਖੜ੍ਹੀ ਸੀ। ਇਸ ਦਰਮਿਆਨ ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਅਗਵਾਈ ਵਿੱਚ ਰਿਪਬਲਿਕਨ ਪਾਰਟੀ ਦੇ ਜਿੱਤਣ ਨਾਲ ਅਮਰੀਕਾ ਦੇ ਕਲਾਈਮੇਟ ਸਮਝੌਤੇ ਵਿੱਚੋਂ ਬਾਹਰ ਜਾਣ ਦਾ ਖਤਰਾ ਖੜ੍ਹਾ ਹੋ ਗਿਆ ਹੈ। ਆਪਣੀ ਪਿਛਲੀ ਟਰਮ ਵਿੱਚ ਵੀ ਟਰੰਪ ਵੱਲੋਂ ਅਜਿਹਾ ਹੀ ਕੀਤਾ ਗਿਆ ਸੀ। ਉਹ ਪੈਰਿਸ ਸਮਝੌਤਾ-2016 ਵਿੱਚੋਂ ਬਾਹਰ ਆ ਗਏ ਸਨ; ਪਰ ਰਾਸ਼ਟਰਪਤੀ ਬਾਇਡਨ ਦੀ ਆਮਦ ਨਾਲ ਅਮਰੀਕਾ ਫਿਰ ਇਸ ਸਮਝੌਤੇ ਵਿੱਚ ਸ਼ਾਮਲ ਹੋ ਗਿਆ ਸੀ।

## ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ...

*-ਸੰਤ ਸੰਧੂ, ਤਲਵੰਡੀ ਸਲੇਮ (ਜਲੰਧਰ)*



**ਕਮਲਾ ਹੈਰਿਸ:** ਟੁੱਟ ਪੈਣੇ ਭਾਈ ਜੀ ਨੇ, ਮੇਰੇ ਮੂੰਹ 'ਤੇ ਬੈਟਰੀ ਮਾਰੀ
**ਟਰੰਪ:** ਲਾਖੇ ਬਲਦ ਨੇ ਮਾਰੀ ਧੁਰਲੀ, ਨਾਭੇ ਦਾ ਗੇਟ ਟਪਾਇਆ
**ਕੇਜਰੀਵਾਲ:** ਮਾਰੇ ਸੈਨਤਾਂ ਮੈਨੂੰ ਮਰ ਜਾਣਾ, ਜੇਠ ਮੇਰਾ ਬੜਾ ਖ਼ਚਰਾ
**ਮਾਇਆਵਤੀ:** ਤੈਨੂੰ ਸਹੇਲੀਆਂ ਮਿਲਣ ਨਾ ਆਈਆਂ, ਕਿੱਕਰਾਂ ਨੂੰ ਪਾ ਲੈ ਜੱਫੀਆਂ
**ਰਵਨੀਤ ਬਿੱਟੂ:** ਮਲਕੀ ਚਾਕ ਨੂੰ ਜਾ ਕੇ ਢੂੰਡ ਆਂਦਾ, ਪਾਵੇ ਪਲੰਘ ਦੇ ਤੂੰਹੀਓਂ ਧੋਵਣੇ ਨੇ
**ਪ੍ਰਿਯੰਕਾ ਗਾਂਧੀ:** ਛੈਲ ਦਾ ਗੁਲਾਬੀ ਘੱਗਰਾ, ਵਿੱਚ ਸੱਪ ਦੇ ਬੱਚੇ ਦਾ ਨਾਲਾ
**ਕਿਸਾਨ ਮੋਰਚਾ:** ਜੇ ਮੁੰਡਿਆ ਵੇ ਤੂੰ ਹਲ਼ ਨਹੀਂ ਜੋੜਨਾ, ਅਸੀਂ ਵੀ ਨ੍ਹੀਂ ਧਰਨੀ ਦਾਲ ਮੁੰਡਿਆ
**ਸੰਭੂ ਬਾਰਡਰ:** ਜ਼ੁਲਮ ਕਰੇਂ ਸਰਕਾਰੇ, ਤਖਤੋਂ ਲਹਿ ਜਾਵੇਂਗੀ
**ਭਾਜਪਾ:** ਕੀੜੇ ਪੈਣ ਵਿਚੋਲਿਆ ਤੇਰੇ, ਵੱਢ ਖਾਣੀ ਸੱਸ ਟੱਕਰੀ
**ਵਿਰਾਸਤ:** ਚੁੱਲ੍ਹੇ ਚੌਂਕੇ ਤਾਂ ਢਹਿ ਗਏ ਸਾਰੇ, ਸੁੰਨੀਆਂ ਪਈਆਂ ਸਬਾਤਾਂ
**ਵਾਹਘਾ ਸਰਹੱਦ:** ਉਥੇ ਮੇਰੀ ਨੱਥ ਡਿੱਗ ਪਈ, ਹੁਣ ਲੱਭੂ ਕੌਣ ਜਵਾਨਾ
**ਪਰਵਾਸ:** ਬੇਰ ਕਨੇਡੇ ਚੁਗਣੇ, ਛੱਡ ਕੇ ਅੰਬ ਦੁਆਬੇ ਦੇ
**ਯੂਕਰੇਨ:** ਮਿਰਜ਼ੇ ਨੂੰ ਮਾਰ ਦੇਣਗੇ, ਚੜ੍ਹਗੇ ਬੰਦੂਕਾਂ ਫੜ ਕੇ
**ਪੰਜਾਬ:** ਉਚੇ ਟਿੱਬੇ ਇੱਕ ਮੂੰਗੀ ਦਾ ਬੂਟਾ, ਉਹਨੂੰ ਚਰ ਗਈ ਗਾਂ
**ਭਗਵੰਤ ਮਾਨ:** ਗੁੱਲੀ ਡੰਡਾ ਖੇਡਦਾ ਫਿਰੇ, ਪੱਟ ਦਾ ਲਵੇ ਸਰ੍ਹਾਣਾ
**ਪੱਛਮੀ ਪੰਜਾਬ:** ਮੁਕਬਲ ਜਿਉਂਦੇ ਜੀ ਗਲ਼ ਲਾ ਲੈ ਮੈਨੂੰ, ਮੇਰੇ ਦਿਲ ਦੀ ਅੱਗ ਬੁਝਾ ਮੀਆਂ
**ਸੁਖਬੀਰ ਬਾਦਲ:** ਚਾਰੇ ਕੰਨੀਆਂ ਸਾਡੀਆਂ ਵੇਖ ਖ਼ਾਲੀ, ਅਸੀਂ ਨਾਲ ਨਹੀਂ ਕੁਝ ਲੈ ਚੱਲੇ
**ਸੁਰਜੀਤ ਪਾਤਰ:** ਰਾਂਝੇ ਵੰਝਲੀ ਵਜਾਇ ਕੇ ਮਾਝ ਕੂਕੀ, ਜੀਓ ਹੀਰ ਦਾ ਆਪਣੇ ਵੱਲ ਕੀਤਾ
**ਸਾਕਸ਼ੀ ਮਲਿਕ:** ਮੈਨੂੰ ਆਸਰਾ ਉਸੇ ਕਰੀਮ ਦਾ ਹੈ, ਜਿਸ ਖਲਕ ਲੰਘਾਵਣੀ ਪਾਰ ਮਾਏ।

**DJ RJB Entertainment Inc.**
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life


**Harminder Kaur**
Realtor
Cell: 224-848-2686
harminder.kaur@cbrealty.com
www.harminderkaur.sites.cbmoxi.com
1212 S. Naper Blvd, Ste# 122
Naperville, IL 60540
COLDWELL BANKER | REALTY
Owned by a subsidiary of Anywhere Advisors LLC.

ਨਜ਼ਰੀਆ

ਉਜਾਗਰ ਸਿੰਘ
ਫੋਨ: 91-9417813072



# ਭਾਜਪਾ ਦੀ ਪੰਜਾਬ ਸੰਬੰਧੀ ਨੀਅਤ ਤੇ ਨੀਤੀ

ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਨੇ ਹਰਿਆਣਾ ਸਰਕਾਰ ਨੂੰ ਆਪਣੀ ਵੱਖਰੀ ਵਿਧਾਨ ਸਭਾ ਦੀ ਇਮਾਰਤ ਦੀ ਉਸਾਰੀ ਕਰਨ ਲਈ ਚੰਡੀਗੜ੍ਹ ਵਿੱਚ 10 ਏਕੜ ਜ਼ਮੀਨ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਇੱਕ ਤਰ੍ਹਾਂ ਨਾਲ ਪੰਜਾਬ ਤੇ ਪੰਜਾਬੀਆਂ ਨਾਲ ਸਰਾਸਰ ਧੱਕਾ ਹੈ। ਪੰਜਾਬ ਪੁਨਰਵਾਸ ਐਕਟ ਅਨੁਸਾਰ ਸੰਸਦ ਦੀ ਪ੍ਰਵਾਨਗੀ ਤੋਂ ਬਿਨਾ ਕੇਂਦਰ ਇਹ ਫ਼ੈਸਲਾ ਕਰ ਹੀ ਨਹੀਂ ਸਕਦਾ। ਜਦੋਂ ਕੋਈ ਨਵਾਂ ਰਾਜ ਬਣਦਾ ਹੈ ਤਾਂ ਉਸਦੀ ਰਾਜਧਾਨੀ ਵੀ ਨਵੀਂ ਬਣਦੀ ਹੈ। ਚੰਡੀਗੜ੍ਹ ਤਾਂ ਸਾਂਝੇ ਪੰਜਾਬ ਦੇ 22 ਪਿੰਡ ਉਜਾੜ ਕੇ ਬਣਾਇਆ ਗਿਆ ਸੀ। ਇਸ ਲਈ ਚੰਡੀਗੜ੍ਹ ਪੰਜਾਬ ਦਾ ਹੈ। 1984 ਤੱਕ ਚੰਡੀਗੜ੍ਹ ਦਾ ਪ੍ਰਸ਼ਾਸਨਿਕ ਅਧਿਕਾਰੀ ਪੰਜਾਬ ਕੇਡਰ ਦਾ ਆਈ.ਏ.ਐਸ. ਅਧਿਕਾਰੀ ਚੀਫ਼ ਕਮਿਸ਼ਨਰ ਹੁੰਦਾ ਸੀ। 1984 ਵਿੱਚ ਜਦੋਂ ਪੰਜਾਬ ਵਿੱਚ 'ਦਾ ਪੰਜਾਬ ਡਿਸਟਰਬਡ ਏਰੀਆ ਐਕਟ' ਲਾਗੂ ਹੋਇਆ ਤਾਂ ਚੀਫ਼ ਕਮਿਸ਼ਨਰ ਦੀ ਥਾਂ ਚੰਡੀਗੜ੍ਹ ਦੀਆਂ ਪ੍ਰਸ਼ਾਸਨਿਕ ਸ਼ਕਤੀਆਂ ਰਾਜਪਾਲ ਪੰਜਾਬ ਨੂੰ ਦੇ ਦਿੱਤੀਆਂ ਤੇ ਉਸਨੂੰ ਚੰਡੀਗੜ੍ਹ ਦਾ ਐਡਮਨਿਸਿਟਰੇਟਰ ਵੀ ਬਣਾ ਦਿੱਤਾ, ਤਾਂ ਜੋ ਚੰਡੀਗੜ੍ਹ ਨਾਲ ਤਾਲਮੇਲ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਹ ਸ਼ਕਤੀਆਂ ਰਾਜਪਾਲ ਨੂੰ ਪੰਜਾਬ ਦਾ ਰਾਜਪਾਲ ਹੋਣ ਕਰਕੇ ਦਿੱਤੀਆਂ ਗਈਆਂ ਸਨ।

'ਦਾ ਪੰਜਾਬ ਡਿਸਟਰਬਰਡ ਏਰੀਆ ਐਕਟ' ਪੰਜਾਬ ਵਿੱਚੋਂ 2008 ਅਤੇ ਚੰਡੀਗੜ੍ਹ ਵਿੱਚੋਂ 2012 ਵਿੱਚੋਂ ਹਟਾ ਦਿੱਤਾ ਗਿਆ। ਜਦੋਂ ਇਹ ਐਕਟ ਹੋਂਦ ਵਿੱਚ ਹੀ ਨਹੀਂ ਰਿਹਾ ਤਾਂ ਫਿਰ ਚੰਡੀਗੜ੍ਹ ਦੀਆਂ ਪ੍ਰਸ਼ਾਸਨਿਕ ਸ਼ਕਤੀਆਂ ਪੰਜਾਬ ਕੇਡਰ ਦੇ ਆਈ.ਏ.ਐਸ. ਅਧਿਕਾਰੀ ਨੂੰ ਚੀਫ਼ ਕਮਿਸ਼ਨਰ ਲਗਾ ਕੇ ਕੇਂਦਰ ਸਰਕਾਰ ਕਿਉਂ ਨਹੀਂ ਦੇ ਰਹੀ? ਚੜ੍ਹਦੇ ਪੰਜਾਬ ਦੀ ਵੰਡ ਸਮੇਂ ਜਦੋਂ 1966 ਵਿੱਚ ਪੰਜਾਬੀ ਸੂਬਾ ਬਣਾਇਆ ਗਿਆ ਸੀ ਤਾਂ ਪੰਜਾਬ ਵਿੱਚੋਂ ਨਿਕਲਣ ਵਾਲੇ ਹਰਿਆਣਾ ਅਤੇ ਪੰਜਾਬ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਨੂੰ ਬਣਾਇਆ ਸੀ ਤੇ ਨਾਲ ਹੀ ਚੰਡੀਗੜ੍ਹ ਨੂੰ ਕੇਂਦਰੀ ਸ਼ਾਸ਼ਤ ਪ੍ਰਦੇਸ਼ ਬਣਾ ਦਿੱਤਾ। ਇਹ ਅਸਥਾਈ ਪ੍ਰਬੰਧ ਸੀ ਤੇ ਇਹ ਵੀ ਕਿਹਾ ਗਿਆ ਸੀ ਕਿ ਪੰਜਾਬ ਨੂੰ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਤੇ ਦਰਿਆਈ ਪਾਣੀਆਂ ਦਾ ਮਸਲਾ ਹਲ ਕਰ ਲਿਆ ਜਾਵੇਗਾ। ਬਾਅਦ ਵਿੱਚ ਹਰਿਆਣਾ ਆਪਣੀ ਰਾਜਧਾਨੀ ਆਪਣੇ ਸੂਬੇ ਵਿੱਚ ਪੰਚਕੂਲਾ ਵਿਖੇ ਬਣਾ ਲਵੇਗਾ।

1966 ਵਿੱਚ 'ਪੰਜਾਬ ਪੁਨਰਵਾਸ ਐਕਟ' ਲਾਗੂ ਹੋਇਆ। 1970 ਵਿੱਚ ਕੇਂਦਰ ਸਰਕਾਰ ਨੇ ਚੰਡੀਗੜ੍ਹ ਪੰਜਾਬ ਨੂੰ ਅਤੇ ਹਰਿਆਣਾ ਨੂੰ ਫਾਜਿਲਕਾ ਦਾ ਹਿੰਦੀ ਬੋਲਦਾ ਇਲਾਕਾ ਦੇਣ ਦਾ ਫ਼ੈਸਲਾ ਕਰ ਲਿਆ। ਇਸ ਦੇ ਨਾਲ ਹੀ ਪੰਜਾਬ ਹਰਿਆਣਾ ਨੂੰ ਆਪਣੀ ਰਾਜਧਾਨੀ ਬਣਾਉਣ ਲਈ 20 ਕਰੋੜ ਰੁਪਏ ਦੇਵੇਗਾ। ਜਦੋਂ 12 ਸਾਲ ਇਹ ਫ਼ੈਸਲਾ ਲਾਗੂ ਨਾ ਹੋਇਆ ਤਾਂ ਅਕਾਲੀ ਦਲ ਨੇ 1982 ਵਿੱਚ ਚੰਡੀਗੜ੍ਹ, ਦਰਿਆਈ ਪਾਣੀਆਂ ਅਤੇ ਪੰਜਾਬੀ ਬੋਲਦੇ ਇਲਾਕੇ ਲੈਣ ਲਈ ਧਰਮ ਯੁੱਧ ਮੋਰਚਾ ਸ਼ੁਰੂ ਕਰ ਦਿੱਤਾ। ਇਹ ਧਰਮ ਯੁੱਧ ਮੋਰਚਾ ਅਕਾਲੀ ਦਲ ਦੇ ਹੱਥੋਂ ਨਿਕਲ ਕੇ ਕਰੂਪ ਰੂਪ ਧਾਰ ਗਿਆ, ਜਿਸਦਾ ਇਵਜਾਨਾ ਪੰਜਾਬ/ ਪੰਜਾਬੀਆਂ/ਸਿੱਖਾਂ ਨੂੰ ਭੁਗਤਣਾ ਪਿਆ। 1985 ਵਿੱਚ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ, ਸਮਝੌਤੇ ਵਿੱਚ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਵਾਅਦਾ ਵੀ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸਵਰਗ ਸਿਧਾਰ ਜਾਣ ਕਰਕੇ ਇਹ ਫ਼ੈਸਲਾ ਲਾਗੂ ਨਹੀਂ ਹੋ ਸਕਿਆ। 1997 ਵਿੱਚ ਪੰਜਾਬ ਵਿਧਾਨ ਸਭਾ ਦੇ ਇਜਲਾਸ ਵਿੱਚ ਰਾਜਪਾਲ ਨੇ ਆਪਣੇ ਭਾਸ਼ਣ ਵਿੱਚ ਚੰਡੀਗੜ੍ਹ ਜਲਦੀ ਪੰਜਾਬ ਨੂੰ ਦੇਣ ਲਈ ਕਿਹਾ। ਇਸ ਤੋਂ ਬਾਅਦ ਹਰਿਆਣਾ ਨੇ ਆਪਣੀ ਵਿਧਾਨ ਸਭਾ ਵਿੱਚ ਚੰਡੀਗੜ੍ਹ 'ਤੇ ਹਰਿਆਣਾ ਦੇ ਹੱਕ ਵਿੱਚ ਮਤਾ ਪਾਸ ਕਰ ਦਿੱਤਾ। ਇਸ ਰੇੜ੍ਹਕੇ ਦੌਰਾਨ 2021 ਵਿੱਚ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਹਰਿਆਣਾ ਲਈ ਵੱਖਰੀ ਵਿਧਾਨ ਸਭਾ ਚੰਡੀਗੜ੍ਹ ਵਿੱਚ ਬਣਾਉਣ ਲਈ ਜ਼ਮੀਨ ਦੇਣ ਵਾਸਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਲਿਖ ਦਿੱਤੀ। ਪਹਿਲੀ ਅਪ੍ਰੈਲ 2022 ਨੂੰ ਪੰਜਾਬ ਨੇ ਵਿਧਾਨ ਸਭਾ ਵਿੱਚ ਚੰਡੀਗੜ੍ਹ ਪੰਜਾਬ ਨੂੰ ਤੁਰੰਤ ਦੇਣ ਦਾ ਮਤਾ ਪਾਸ ਕਰ ਦਿੱਤਾ। 5 ਅਪ੍ਰੈਲ 2022 ਨੂੰ ਹਰਿਆਣਾ ਵਿਧਾਨ ਸਭਾ ਨੇ ਆਪਣੇ ਹੱਕ ਦਾ ਮਤਾ ਪਾਸ ਕਰ ਦਿੱਤਾ। ਜੁਲਾਈ 2022 ਵਿੱਚ ਜੈਪੁਰ ਵਿਖੇ ਉਤਰੀ ਜੋਨਲ ਕੌਂਸਲ ਦੀ ਮੀਟਿੰਗ ਵਿੱਚ ਮਨੋਹਰ ਲਾਲ ਖੱਟਰ ਨੇ ਹਰਿਆਣਾ ਵਿਧਾਨ ਸਭਾ ਦੀ ਉਸਾਰੀ ਲਈ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਦੀ ਆਪਣੀ ਮੰਗ ਦੁਹਰਾ ਦਿੱਤੀ। ਅਮਿਤ ਸ਼ਾਹ ਨੇ ਤੁਰੰਤ ਜ਼ਮੀਨ ਦੇਣ ਦਾ ਐਲਾਨ ਕਰ ਦਿੱਤਾ। ਇੱਕ ਸਾਲ ਬਾਅਦ ਜੁਲਾਈ 2023 ਵਿੱਚ ਚੰਡੀਗੜ੍ਹ ਪ੍ਰਸ਼ਾਸਨ ਜ਼ਮੀਨ ਦੇਣ ਲਈ ਸਹਿਮਤ ਹੋ ਗਿਆ। ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਇਸ ਮਾਮਲੇ ਵਿੱਚ ਸੰਜੀਦਗੀ ਨਹੀਂ ਵਿਖਾਈ, ਸਗੋਂ ਆਪਣੀ ਸਿਆਸੀ ਤਾਕਤ ਦਾ ਆਨੰਦ ਮਾਣਦੇ ਰਹੇ। ਹਾਲਾਂਕਿ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਪਾਰਟੀ ਦੀਆਂ ਇੱਕੋ ਸਮੇਂ ਪੰਜਾਬ, ਹਰਿਆਣਾ ਅਤੇ ਕੇਂਦਰ ਵਿੱਚ ਸਰਕਾਰਾਂ ਰਹੀਆਂ ਹਨ। ਕੋਈ ਫ਼ੈਸਲਾ ਤਾਂ ਕਰਵਾ ਸਕਦੀਆਂ ਸਨ!

ਮਈ 2024 ਦੀਆਂ ਲੋਕ ਸਭਾ ਦੀਆਂ ਚੋਣਾਂ ਸਮੇਂ ਪੰਜਾਬ ਵਿੱਚੋਂ ਕੁਲ ਪੋਲ ਹੋਈਆਂ ਵੋਟਾਂ ਵਿੱਚੋਂ 19 ਫ਼ੀਸਦੀ ਵੋਟਾਂ ਭਾਜਪਾ ਦੀ ਝੋਲੀ ਵਿੱਚ ਪੈਣ ਤੋਂ ਬਾਅਦ ਭਾਜਪਾ ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਸਰਕਾਰ ਬਣਾਉਣ ਦੇ ਸਪਨੇ ਸਿਰਜਣ ਲੱਗ ਪਈ ਹੈ। ਸਰਕਾਰ ਬਣਾਉਣ ਦੇ ਸਪਨੇ ਲੈਣਾ ਕਿਸੇ ਵੀ ਸਿਆਸੀ ਪਾਰਟੀ ਦਾ ਜਮਹੂਰੀ ਹੱਕ ਹੁੰਦਾ ਹੈ, ਪ੍ਰੰਤੂ ਅਜਿਹੇ ਸਪਨੇ ਲੈਣ ਸਮੇਂ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਦੇਣ ਲਈ ਵੀ ਬਚਨਵੱਧ ਹੋਣਾ ਚਾਹੀਦਾ ਹੈ; ਪਰ ਉਹ ਪੰਜਾਬ/ਪੰਜਾਬੀਆਂ/ਸਿੱਖਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਬਦਲਣ ਲਈ ਤਿਆਰ ਹੀ ਨਹੀਂ। ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਦੀ ਉਸਾਰੀ ਲਈ ਜ਼ਮੀਨ ਦੇਣ ਵਰਗੇ ਪੱਖਪਾਤੀ ਫ਼ੈਸਲਿਆਂ ਤੋਂ ਬਾਅਦ ਵੀ ਜੇਕਰ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਸਰਕਾਰ ਬਣਾਉਣ ਦੀ ਸੋਚ ਰਹੀ ਹੈ ਤਾਂ ਮੰਗੇਰੀ ਲਾਲ ਦੇ ਸਪਨਿਆਂ ਤੋਂ ਵੱਧ ਕੁਝ ਵੀ ਨਹੀਂ ਹੈ। ਭਾਜਪਾ ਨਵੀਂਆਂ ਹੀ ਗੋਂਦਾਂ ਗੁੰਦ ਕੇ ਪੰਜਾਬ/ਪੰਜਾਬੀਆਂ/ਸਿੱਖਾਂ ਨੂੰ ਨੀਵਾਂ ਵਿਖਾਉਣ ਦੀ ਕੋਈ ਕਸਰ ਨਹੀਂ ਛੱਡ ਰਹੀ। ਭਾਜਪਾ ਦੇ ਕੁਝ ਲੀਡਰ ਪੰਜਾਬੀਆਂ/ਸਿੱਖਾਂ ਨੂੰ ਦੇਸ਼ ਵਿਰੋਧੀ ਕਹਿ ਦਿੰਦੇ ਹਨ। ਸਾਨੂੰ ਆਪਣੀ ਦੇਸ਼ ਭਗਤੀ ਸਾਬਤ ਕਰਨ ਦੀ ਅਜੇ ਵੀ ਲੋੜ ਹੈ! ਐਕਟਰੈਸ ਕੰਗਣਾ ਰਣੌਤ ਅਕਸਰ ਪੰਜਾਬੀਆਂ/ਸਿੱਖਾਂ ਬਾਰੇ ਵਿਵਾਦਤ ਬਿਆਨ ਦਿੰਦੀ ਰਹਿੰਦੀ ਹੈ। ਗੁਰੂ ਤੇਗ ਬਹਾਦਰ ਨੇ ਦਿੱਲੀ ਜਾ ਕੇ ਕਸ਼ਮੀਰੀ ਪੰਡਤਾਂ ਦੀ ਜਾਨ ਬਚਾਉਣ ਲਈ ਆਪਣੀ ਆਹੂਤੀ ਦਿੱਤੀ ਸੀ। ਉਦੋਂ ਕੋਈ ਹੋਰ ਹਿੰਦੂਆਂ ਦੀ ਰੱਖਿਆ ਲਈ ਕਿਉਂ ਨਹੀਂ ਆਇਆ? ਹਿੰਦੂ ਤਾਂ ਰਹਿੰਦੀ ਦੁਨੀਆਂ ਤੱਕ ਸ੍ਰੀ ਗੁਰੂ ਤੇਗ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ ਦਾ ਮੁੱਲ ਨਹੀਂ ਮੋੜ ਸਕਦੇ।

ਜਦੋਂ ਤੋਂ ਕੇਂਦਰ ਵਿੱਚ 2014 ਤੋਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਬਣੀ ਹੈ ਤਾਂ ਭਾਜਪਾ ਦੀ ਨੀਤੀ ਤੇ ਨੀਅਤ ਬਦਲ ਗਈ ਹੈ। ਭਾਜਪਾ 'ਤੇ ਇਲਜ਼ਾਮ ਲੱਗਦਾ ਹੈ, ਕਿਸੇ ਹੱਦ ਤੱਕ ਸਹੀ ਵੀ ਹੈ ਕਿ ਉਹ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਨਹੀਂ ਕਰਦੀ, ਸਗੋਂ ਉਨ੍ਹਾਂ ਦੇ ਹਿੱਤਾਂ ਦੇ ਵਿਰੁੱਧ ਚਲ ਰਹੀ ਹੈ। 2022 ਦੀਆਂ ਵਿਧਾਨ ਸਭਾ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ ਪਹਿਲੀ ਵਾਰ ਇਕੱਲਿਆਂ ਚੋਣਾਂ ਲੜੀਆਂ ਹਨ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ 117 ਵਿਧਾਨ ਸਭਾ ਦੀਆਂ ਸੀਟਾਂ ਵਿੱਚੋਂ 73 ਸੀਟਾਂ 'ਤੇ ਚੋਣ ਲੜੀ ਸੀ ਅਤੇ 6.60 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। 2024 ਦੀਆਂ ਲੋਕ ਸਭਾ ਵਿੱਚ ਭਾਰਤੀ ਜਨਤਾ ਪਾਰਟੀ ਨੇ 13 ਸੀਟਾਂ ਤੋਂ ਚੋਣ ਲੜੀ ਸੀ। ਆਯੋਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਕਰਕੇ ਮੋਦੀ ਲਹਿਰ ਹੋਣ ਕਰਕੇ ਭਾਜਪਾ 18.56 ਫ਼ੀਸਦੀ ਵੋਟਾਂ ਲੈ ਗਈ, ਪ੍ਰੰਤੂ ਇੱਕ ਵੀ ਸੀਟ ਜਿੱਤ ਨਹੀਂ ਸਕੀ। ਪੰਜਾਬ ਵਿੱਚ ਘੱਟ ਗਿਣਤੀਆਂ ਤਾਂ ਭਾਜਪਾ ਦੀ ਕੇਂਦਰ ਸਰਕਾਰ ਦੀਆਂ ਨੀਤੀਆਂ ਥੱਲੇ ਪਿਸ ਰਹੀਆਂ ਹਨ। ਜੇਕਰ ਭਾਜਪਾ ਪੰਜਾਬ ਵਿੱਚ ਆਪਣੇ ਪੈਰ ਸਪਾਰਨਾ ਚਾਹੁੰਦੀ ਹੈ ਤਾਂ ਉਸਨੂੰ ਆਪਣੀ ਨੀਅਤ ਅਤੇ ਨੀਤੀ ਵਿੱਚ ਸੋਧ ਕਰਨੀ ਪਵੇਗੀ। ਇੱਕ ਪਾਸੇ ਭਾਜਪਾ ਨੇ ਬਹੁਤ ਸਾਰੇ ਪੰਜਾਬੀਆਂ/ਸਿੱਖਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਕੇ ਲੋਕ ਸਭਾ ਦੀਆਂ ਟਿਕਟਾਂ ਵੀ ਦਿੱਤੀਆਂ ਅਤੇ ਕਈ ਅਹਿਮ ਅਹੁਦਿਆਂ 'ਤੇ ਨਿਯੁਕਤ ਵੀ ਕੀਤਾ ਹੈ। ਰਵਨੀਤ ਸਿੰਘ ਬਿੱਟੂ ਨੂੰ ਲੁਧਿਆਣਾ ਸੰਸਦੀ ਲੋਕ ਸਭਾ ਹਲਕੇ ਤੋਂ ਚੋਣ ਹਾਰਨ ਦੇ ਬਾਵਜੂਦ ਕੇਂਦਰੀ ਮੰਤਰੀ ਮੰਡਲ ਵਿੱਚ ਰਾਜ ਮੰਤਰੀ ਬਣਾ ਕੇ ਰੇਲਵੇ ਵਰਗਾ ਮਹੱਤਵਪੂਰਨ ਵਿਭਾਗ ਦਿੱਤਾ ਗਿਆ ਹੈ। ਪੰਜਾਬ ਦੀਆਂ ਚਾਰ ਉਪ ਚੋਣਾਂ ਵਿੱਚ ਵੀ ਚਾਰੇ ਸਿੱਖ ਉਮੀਦਵਾਰ ਬਣਾਏ, ਪ੍ਰੰਤੂ ਇਸ ਦੇ ਉਲਟ ਪੰਜਾਬੀਆਂ/ਸਿੱਖਾਂ ਬਾਰੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਬਿਆਨ ਦੇ ਰਹੇ ਹਨ। ਹੁਣ ਤੱਕ ਕੀਤੇ ਕੰਮਾਂ ਦਾ ਸਿਹਰਾ ਵੀ ਖ਼ਤਮ ਹੋ ਜਾਵੇਗਾ, ਇਸ ਪ੍ਰਕਾਰ ਪਾਰਟੀ ਪੰਜਾਬੀਆਂ/ਸਿੱਖਾਂ ਦਾ ਵਿਸ਼ਵਾਸ਼ ਜਿੱਤ ਨਹੀਂ ਸਕਦੀ। ਭਾਰਤੀ ਜਨਤਾ ਪਾਰਟੀ ਨੂੰ ਦੋਗਲੀ ਨੀਤੀ ਤੋਂ ਖਹਿੜਾ ਛੁਡਾਉਣਾ ਪਵੇਗਾ।

# ਕਈ ਰਵਾਇਤੀ ਸਿਆਸੀ ਪਰਿਵਾਰਾਂ ਦਾ ਵੱਕਾਰ ਦਾਅ 'ਤੇ ਲੱਗਾ

*...ਸਫਾ ਇੱਕ ਦੀ ਬਾਕੀ ⇒*

ਬਾਦਲ ਭਾਜਪਾ ਵੱਲੋਂ ਚੋਣ ਲੜ ਰਹੇ ਹਨ। ਅਕਾਲੀ ਦਲ ਛੱਡ ਕੇ 'ਆਪ' ਵਿੱਚ ਗਏ ਹਰਦੀਪ ਸਿੰਘ ਡਿੰਪੀ ਢਿੱਲੋਂ 'ਆਪ' ਵੱਲੋਂ ਮੈਦਾਨ ਵਿੱਚ ਹਨ ਅਤੇ ਕਾਂਗਰਸ ਪਾਰਟੀ ਵੱਲੋਂ ਰਾਜਾ ਅਮਰਿੰਦਰ ਸਿੰਘ ਵੜਿੰਗ ਦੀ ਪਤਨੀ ਅੰਮ੍ਰਿਤ ਵੜਿੰਗ ਚੋਣ ਲੜ ਰਹੇ ਹਨ। ਇਸ ਤਰ੍ਹਾਂ ਬਰਨਾਲਾ ਅਤੇ ਗਿੱਦੜਬਾਹਾ ਵਿੱਚ ਕ੍ਰਮਵਾਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਗਿੱਦੜਬਾਹਾ ਵਿੱਚ ਰਾਜਾ ਵੜਿੰਗ ਦੇ ਟੱਬਰਾਂ ਦੀ ਸ਼ਾਖ ਦਾਅ 'ਤੇ ਲੱਗੀ ਹੋਈ ਹੈ।

ਯਾਦ ਰਹੇ, ਇਸੇ ਚੋਣ ਮਹਿੰਮ ਦੌਰਾਨ ਚੋਣ ਕਮਿਸ਼ਨ ਨੇ ਤਿਉਹਾਰਾਂ ਕਾਰਨ ਚੋਣ ਤਰੀਕਾਂ ਇੱਕ ਹਫਤਾ ਲੇਟ ਕਰ ਦਿੱਤੀਆਂ ਸਨ। ਇਸ ਲਈ ਸਾਰੀਆਂ ਹੀ ਪਾਰਟੀਆਂ ਨੂੰ ਚੋਣ ਪ੍ਰਚਾਰ ਲਈ ਵਧੇਰੇ ਸਮਾਂ ਮਿਲਿਆ। ਇਹ ਵੀ ਜ਼ਿਕਰਯੋਗ ਹੈ ਕਿ ਇਨ੍ਹਾਂ ਚਾਰ ਵਿਧਾਨ ਸਭਾ ਹਲਕਿਆਂ ਵਿੱਚੋਂ ਤਿੰਨ ਪਹਿਲਾਂ ਕਾਂਗਰਸ ਪਾਰਟੀ ਕੋਲ ਸਨ, ਜਦਕਿ ਬਰਨਾਲਾ ਦੀ ਵਿਧਾਨ ਸਭਾ ਸੀਟ ਆਮ ਆਦਮੀ ਪਾਰਟੀ ਕੋਲ ਸੀ। ਚੋਣ ਪ੍ਰਚਾਰ ਦੇ ਆਖਰੀ ਦਿਨਾਂ ਵਿੱਚ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਆਪੋ-ਆਪਣੇ ਹੱਕ ਵਿੱਚ ਰੋਡ ਸ਼ੋਅ ਕੀਤੇ ਅਤੇ ਘਰ-ਘਰ ਜਾ ਕੇ ਵੋਟਾਂ ਮੰਗੀਆਂ। ਬਰਨਾਲਾ ਤੋਂ 'ਆਪ' ਦੇ ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ, ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਦੇ ਨੇੜਲੇ ਮੰਨੇ ਜਾਂਦੇ ਹਨ। ਭਾਵੇਂ ਕਿ ਉਨ੍ਹਾਂ ਆਪਣੇ ਉਮੀਦਵਾਰ ਦੇ ਹੱਕ ਵਿੱਚ ਪੂਰਾ ਜ਼ੋਰ ਲਾਇਆ, ਪਰ ਇੱਥੋਂ ਆਮ ਆਦਮੀ ਪਾਰਟੀ ਤੋਂ ਬਾਗੀ ਹੋ ਕੇ ਚੋਣ ਲੜ ਰਹੇ ਗੁਰਦੀਪ ਸਿੰਘ ਬਾਠ ਨੇ ਨਾ ਸਿਰਫ 'ਆਪ' ਨੂੰ ਸਗੋਂ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਵਖਤ ਪਾਇਆ। ਭਾਰਤੀ ਜਨਤਾ ਪਾਰਟੀ ਵੱਲੋਂ ਇੱਥੇ ਕੇਵਲ ਸਿੰਘ ਢਿੱਲੋਂ ਅਤੇ ਕਾਂਗਰਸ ਪਾਰਟੀ ਵੱਲੋਂ ਕੁਲਦੀਪ ਸਿੰਘ ਢਿੱਲੋਂ ਚੋਣ ਮੈਦਾਨ ਵਿੱਚ ਹਨ। ਅਕਾਲੀ ਦਲ ਦੇ ਚੋਣ ਨਾ ਲੜਨ ਦੀ ਸੂਰਤ ਵਿੱਚ ਇਸ ਪਾਰਟੀ ਦਾ ਵੋਟ ਬੈਂਕ ਸਾਰੀਆਂ ਪਾਰਟੀਆਂ ਲਈ ਹੀ ਮਹੱਤਵਪੂਰਨ ਰਿਹਾ ਹੈ। ਇਸ ਸੀਟ ਤੋਂ ਅਕਾਲੀ ਦਲ (ਅ) ਵੱਲੋਂ ਚੋਣ ਲੜ ਰਹੇ ਗਬਿੰਦ ਸਿੰਘ ਸੰਧੂ ਦੀ ਅਕਾਲੀ ਦਲ (ਬਾਦਲ) ਵੱਲੋਂ ਹਮਾਇਤ ਕਰ ਦਿੱਤੀ ਗਈ ਹੈ। ਇਸ ਹਮਾਇਤ ਦਾ ਐਲਾਨ ਬਿਕਰਮ ਸਿੰਘ ਮਜੀਠੀਆ ਨੇ ਕੀਤਾ। ਇਸ ਤਰ੍ਹਾਂ ਇਸ ਸੀਟ 'ਤੇ ਮਾਨ ਅਕਾਲੀ ਦਲ ਦਾ ਉਮੀਦਵਾਰ ਵੀ ਚੰਗੀ ਹਾਲਤ ਵਿੱਚ ਹੈ।

ਡੇਰਾ ਬਾਬਾ ਨਾਨਕ ਤੋਂ ਇੱਕ ਹੋਰ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਦਾ ਵੱਕਾਰ ਦਾਅ 'ਤੇ ਲੱਗਾ ਹੋਇਆ ਹੈ। ਇਸ ਸੀਟ 'ਤੋਂ ਉਨ੍ਹਾਂ ਦੀ ਪਤਨੀ ਬੀਬੀ ਜਤਿੰਦਰ ਕੌਰ ਰੰਧਾਵਾ ਚੋਣ ਲੜ ਰਹੇ ਹਨ। ਆਮ ਆਦਮੀ ਪਾਰਟੀ ਵੱਲੋਂ ਗੁਰਦੀਪ ਸਿੰਘ ਰੰਧਾਵਾ ਚੋਣ ਮੈਦਾਨ ਵਿੱਚ ਹਨ ਅਤੇ ਭਾਜਪਾ ਵੱਲੋਂ ਸਾਬਕਾ ਅਕਾਲੀ ਆਗੂ ਨਿਰਮਲ ਸਿੰਘ ਕਾਹਲੋਂ ਦੇ ਬੇਟੇ ਰਵੀ ਸਿੰਘ ਕਾਹਲੋਂ ਚੋਣ ਲੜ ਰਹੇ ਹਨ। ਇੰਜ ਇਹ ਸੀਟ ਵੀ ਦੋ ਰਵਾਇਤੀ ਸਿਆਸੀ ਪਰਿਵਾਰਾਂ ਅਤੇ 'ਆਪ' ਸਰਕਾਰ ਵਿਚਕਾਰ ਖਹਿ ਭੇੜ ਦਾ ਕੇਂਦਰ ਬਣ ਗਈ ਹੈ। ਚੱਬੇਵਾਲ ਵਿਧਾਨ ਸਭਾ ਹਲਕਾ ਵੀ ਪਰਿਵਾਰਕ ਪੁਸ਼ਤ ਪਨਾਹੀ ਵਾਲੇ ਦੋਸ਼ ਤੋਂ ਮੁਕਤ ਨਹੀਂ ਰਿਹਾ। ਇੱਥੋਂ ਰਾਜ ਕੁਮਾਰ ਚੱਬੇਵਾਲ ਦੇ ਪੁੱਤਰ ਇਸ਼ਾਂਕ ਚੱਬੇਵਾਲ ਚੋਣ ਲੜ ਰਹੇ ਹਨ। ਯਾਦ ਰਹੇ, ਡਾ. ਚੱਬੇਵਾਲ ਇਸ ਸੀਟ ਤੋਂ ਕਾਂਗਰਸ ਪਾਰਟੀ ਵੱਲੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ। ਭਾਜਪਾ ਵੱਲੋਂ ਸੋਹਣ ਸਿੰਘ ਠੰਡਲ ਅਤੇ ਕਾਂਗਰਸ ਪਾਰਟੀ ਵੱਲੋਂ ਐਡਵੋਕੇਟ ਰਣਜੀਤ ਕੁਮਾਰ ਚੋਣ ਲੜੇ। ਉਹ ਬਸਪਾ ਵੱਲੋਂ ਕਾਂਗਰਸ ਪਾਰਟੀ ਵਿੱਚ ਆਏ ਹਨ।

# *ਕਿਸਾਨ ਸੰਘਰਸ਼ ਦਾ ਨਵਾਂ ਦੌਰ ਸ਼ੁਰੂ ਹੋਣ ਦੇ ਆਸਾਰ*


ਵੱਡੀ ਸ਼ਰੀਕੇਬਾਜ਼ ਵੀ। ਜਦੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਬਲਬੀਰ ਸਿੰਘ ਰਾਜੇਵਾਲ ਗਰੁੱਪ ਨੇ ਚੋਣਾਂ ਲੜਨ ਦਾ ਫੈਸਲਾ ਕੀਤਾ ਸੀ ਤਾਂ ਉਗਰਾਹਾਂ ਗੁੱਟ ਨੇ ਇਸ ਮੁਹਿੰਮ ਨੂੰ ਅਸਫਲ ਬਣਾਉਣ ਲਈ ਪੂਰਾ ਟਿੱਲ ਲਾਇਆ ਅਤੇ ਆਮ ਆਦਮੀ ਪਾਰਟੀ ਦੀ ਚੋਣਾਂ ਵਿੱਚ ਅੰਦਰਖਾਤੇ ਮਦਦ ਵੀ ਕੀਤੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਚੋਣਾਂ ਲੜਨ ਤੁਰਿਆ ਧੜਾ ਚੋਣ ਪ੍ਰਚਾਰ ਗੇੜ ਦੇ ਅੰਤਮ ਗੇੜ ਤੱਕ ਪਹੁੰਚਦਿਆਂ ਆਪਣੀ ਹਾਲਤ ਪਤਲੀ ਕਰਵਾ ਬੈਠਾ। ਇਸ ਸਥਿਤੀ ਵਿੱਚ ਇਲੈਕਸ਼ਨ ਵਿੱਚ ਹਿੱਸਾ ਲੈਣ ਤੁਰੇ ਧੜੇ ਦੀਆਂ ਕੁਝ ਹਮਾਇਤੀ ਕਿਸਾਨ ਜਥੇਬੰਦੀਆਂ ਵੀ ਕਿਰ ਗਈਆਂ ਅਤੇ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਲਈ ਰਾਹ ਪੱਧਰਾ ਹੋ ਗਿਆ।

ਇਨ੍ਹਾਂ ਚੋਣਾਂ ਵਿੱਚ ਇੱਕ ਪਾਸੇ ਤਾਂ ਕਿਸਾਨ ਜਥੇਬੰਦੀਆਂ ਬੁਰੀ ਤਰ੍ਹਾਂ ਹਾਰੀਆਂ, ਦੂਜੇ ਪਾਸੇ ਕਿਸਾਨਾਂ ਦਾ ਮਾੜਾ ਮੋਟਾ ਦਮ ਭਰਨ ਵਾਲੇ ਅਕਾਲੀ ਦਲ ਨੂੰ ਵੀ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ, ਜਿਹੜਾ ਹਾਲੇ ਤੱਕ ਪੈਰਾਂ ਸਿਰ ਨਹੀਂ ਹੋਇਆ; ਸਗੋਂ ਅਗਾਂਹ ਹੋਰ ਫੁੱਟ ਦਾ ਸ਼ਿਕਾਰ ਹੋ ਗਿਆ ਹੈ। ਭਾਵੇਂ ਇਸੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿੱਚ ਲੋਕਾਂ ਨੇ ਫਰੀਦਕੋਟ ਅਤੇ ਤਰਨਤਾਰਨ ਤੋਂ ਦੋ ਪੰਥਕ ਉਮੀਦਵਾਰਾਂ ਨੂੰ ਵੱਡੇ ਫਰਕ ਨਾਲ ਜਿਤਾਇਆ, ਪਰ ਫਿਰ ਵੀ ਕਿਸੇ ਨਵੀਂ ਪੰਜਾਬ/ਕਿਸਾਨ/ਸਿੱਖ ਪੱਖੀ ਸਿਆਸੀ ਜਥੇਬੰਦੀ ਦਾ ਮੁੱਢ ਬੰਨ੍ਹਣ ਵਿੱਚ ਇਹ ਗਰੁੱਪ ਵੀ ਹਾਲੇ ਕਿਸੇ ਪਾਸੇ ਨਹੀਂ ਤੁਰ ਸਕੇ। ਦੂਜੇ ਪਾਸੇ ਰਵਾਇਤੀ ਅਕਾਲੀ ਦਲ ਹਰ ਆਏ ਦਿਨ ਨਵੇਂ-ਨਵੇਂ ਝਮੇਲਿਆਂ ਵਿੱਚ ਉਲਝਦਾ ਜਾ ਰਿਹਾ ਹੈ। ਹਾਲਤ ਇਹ ਹੈ ਕਿ ਚਾਰ ਹਲਕਿਆਂ ਵਿੱਚ ਹੋ ਰਹੀਆਂ ਜ਼ਿਮਨੀ ਚੋਣਾਂ ਵਿੱਚ ਇਸ ਵਾਰ ਕੋਈ ਅਕਾਲੀ ਧੜਾ ਵੀ ਆਪਣੇ ਉਮੀਦਵਾਰ ਨਹੀਂ ਉਤਾਰ ਸਕਿਆ। ਸਿਰਫ ਅਕਾਲੀ ਦਲ (ਅ) ਵੱਲੋਂ ਆਪਣਾ ਇੱਕ ਉਮੀਦਵਾਰ ਬਰਨਾਲਾ ਦੀ ਜ਼ਿਮਨੀ ਚੋਣ ਵਿੱਚ ਉਤਾਰਿਆ ਗਿਆ।

ਇੱਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਅੱਜ ਦੀ ਹਾਲਤ ਵਿੱਚ ਵੀ ਕਿਸਾਨੀ ਹੀ ਪੰਜਾਬੀ ਸਭਿਆਚਾਰਕ ਕੌਮੀਅਤ ਦੇ ਬਚਾਅ ਲਈ ਇੱਕੋ ਇੱਕ ਧਰੋਹਰ ਹੈ। ਇਸ ਦੇ ਦੁਆਲੇ ਹੀ ਬਾਕੀ ਤਬਕਿਆਂ ਦਾ ਮਜਬੂਤ ਗੱਠਜੋੜ ਜੁੜ ਸਕਦਾ ਹੈ। ਕਿਰਸਾਨੀ ਦੇ ਸਭ ਤੋਂ ਨਜ਼ਦੀਕੀ ਸੰਗੀ ਪੇਂਡੂ ਖੇਤਰਾਂ ਵਿੱਚ ਵੱਸਣ ਵਾਲੇ ਜ਼ਮੀਨ ਵਿਹੂਣੇ ਲੋਕ ਹਨ, ਜਿਹੜੇ ਖੇਤੀ ਦੇ ਮਸ਼ੀਨੀਕਰਨ ਨੇ ਲਗਪਗ ਵਿਹਲੇ ਹੀ ਕਰ ਦਿੱਤੇ ਹਨ। ਇਸ ਤੋਂ ਇਲਾਵਾ ਨੌਜਵਾਨ, ਜ਼ਮੀਰਵਾਨ ਬੁੱਧੀਜੀਵੀ ਅਤੇ ਇਤਿਹਾਸ ਦਾ ਪਹੀਆ ਅੱਗੇ ਤੋਰਨ ਵਾਲੇ ਕੁਲੀਨ ਵਰਗਾਂ ਦੇ ਲੋਕ ਵੀ ਇਸ ਲਾਮਬੰਦੀ ਦੀ ਮਦਦ ਵਿੱਚ ਆ ਸਕਦੇ ਹਨ। ਇਹ ਸਾਰਾ ਕੁਝ ਇਸ ਹਾਲਾਤ ਦੇ ਮੱਦੇਨਜ਼ਰ ਵਾਪਰ ਰਿਹਾ ਹੈ ਕਿ ਸਾਰੀ ਦੁਨੀਆਂ ਨਿੱਤ ਗਹਿਰੇ ਹੁੰਦੇ ਆਰਥਕ ਸੰਕਟ ਦੀ ਮਾਰ ਹੇਠ ਹੈ। ਵਿਕਸਤ ਅਖਵਾਉਣ ਵਾਲੇ ਮੁਲਕ, ਜਿਨ੍ਹਾਂ ਵੱਲ ਸਾਡੇ ਨੌਜਵਾਨਾਂ ਨੇ ਵਹੀਰਾਂ ਘੱਤ ਰੱਖੀਆਂ ਸਨ, ਹਜ਼ਾਰਾਂ ਦੀ ਗਿਣਤੀ ਵਿੱਚ ਕੱਚੇ ਕਾਮਿਆਂ ਨੂੰ ਡਿਪੋਰਟ ਕਰਨ ਦੀਆਂ ਗੱਲਾਂ ਕਰਨ ਲੱਗੇ ਹਨ। ਇੱਥੋਂ ਤੱਕ ਕੇ ਆ ਰਹੀਆਂ ਆਮ ਚੋਣਾਂ ਦੀ ਔਖ ਦੇ ਮੱਦੇਨਜ਼ਰ ਕੈਨੇਡਾ ਜਿਹੇ ਮੁਲਕ ਵੀ ਕੱਚੇ ਕਾਮਿਆਂ, ਗੈਰ-ਕਾਨੂੰਨੀ ਪਰਵਾਸੀਆਂ ਅਤੇ ਆਰਜੀ ਤੌਰ 'ਤੇ ਇਸ ਮੁਲਕ ਵਿੱਚ ਰਹਿ ਰਹੇ ਵਿਦਿਆਰਥੀਆਂ ਨੂੰ ਵਾਪਸ ਭੇਜਣ ਦੀਆਂ ਚਿਤਾਵਨੀਆਂ ਜਾਰੀ ਕਰ ਰਹੇ ਹਨ। ਜ਼ਮੀਨਾਂ-ਜਾਇਦਾਦਾਂ ਵੇਚ ਕੇ ਇਨ੍ਹਾਂ ਮੁਲਕਾਂ ਵੱਲ ਗਏ ਵਿਦਿਆਰਥੀਆਂ ਦਾ ਇਹ ਸੰਭਾਵਤ ਸੰਕਟ ਵੀ ਪੰਜਾਬ ਦੇ ਲੋਕਾਂ ਸਿਰ ਮੰਡਰਾ ਰਿਹਾ ਹੈ; ਕਿਉਂਕਿ ਪੰਜਾਬ ਦੇ ਲੋਕ ਹੀ ਕੈਨੇਡਾ/ਅਮਰੀਕਾ ਵਰਗੇ ਮੁਲਕਾਂ ਵਿੱਚ ਵੱਡੀ ਗਿਣਤੀ ਵਿੱਚ ਗੈਰ-ਕਾਨੂੰਨੀ ਢੰਗ ਨਾਲ ਪ੍ਰਵੇਸ਼ ਕਰਦੇ ਹਨ ਤੇ ਵਿਦਿਆਰਥੀਆਂ ਵਜੋਂ ਵੀ। ਇਹ ਵਾਪਸੀ ਜੇ ਹੋਣ ਲਗਦੀ ਹੈ ਤਾਂ ਇਸ ਦਾ ਵੱਡਾ ਬੋਝ ਵੀ ਪੰਜਾਬ ਦੀ ਆਰਥਿਕਤਾ 'ਤੇ ਪੈਣਾ ਹੈ।

ਅਸਲ ਵਿੱਚ ਇਹ ਜੰਗਾਂ ਅਤੇ ਵਧ ਰਹੇ ਆਰਥਿਕ ਸੰਕਟ ਦੇ ਕਾਰਨ ਹੀ ਹੈ ਕਿ ਕੈਨੇਡਾ ਤੇ ਅਮਰੀਕਾ ਜਿਹੇ ਮੁਲਕ ਆਪਣੇ ਦੇਸ਼ਾਂ ਵਿੱਚ ਜਾ ਰਹੇ ਵਿਦਿਆਰਥੀਆਂ ਅਤੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਭੇਜਣ ਲੱਗੇ ਹਨ। ਚੰਗੇ ਦਿਨਾਂ ਵਿੱਚ ਤਾਂ ਇਹ ਆਰਥਿਕਤਾਵਾਂ ਬਾਹਰੋਂ ਆਏ ਜਾਇਜ਼-ਨਾਜਾਇਜ਼ ਪਰਵਾਸੀਆਂ ਨੂੰ ਆਪਣੇ ਅੰਦਰ ਸਮਾ ਲੈਂਦੀਆਂ ਸਨ। ਇਸ ਸੱਚ ਨੂੰ ਵੀ ਸ਼ਾਇਦ ਹੀ ਕੋਈ ਝੁਠਲਾ ਸਕੇ ਕਿ ਵੱਡੀ ਗਿਣਤੀ ਵਿੱਚ ਪੇਂਡੂ ਬੱਚੇ ਹੀ ਜਾਇਜ਼-ਨਾਜਾਇਜ਼ ਰੂਪ ਵਿੱਚ ਪੱਛਮੀ ਮੁਲਕਾਂ ਵੱਲ ਪਰਵਾਸ ਕਰਦੇ ਹਨ। ਇਸ ਹਾਲਤ ਵਿੱਚ ਪੇਂਡੂ ਆਰਥਿਕਤਾ ਹੀ ਇਸ ਚੱਕ-ਥੱਲ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਣੀ ਹੈ। ਇਹ ਸਮੁੱਚੀ ਸਥਿਤੀ ਦਰਸਾਉਂਦੀ ਹੈ ਕਿ ਪੰਜਾਬ ਦੀ ਜਾਵਨੀ ਦੇ ਪੱਛਮ ਵੱਲ ਐਸਕੇਪ ਰੂਟ ਅਲੋਪ ਹੋਣ ਲੱਗੇ ਹਨ। ਪੰਜਾਬ ਦੇ ਕਾਲਜ ਅਤੇ ਯੂਨੀਵਰਸਿਟੀਆਂ ਜਿਹੜੀਆਂ ਪਿਛਲੇ ਦਹਾਕੇ ਵਿੱਚ ਸੁੰਨੀਆਂ ਹੋ ਗਈਆਂ ਸਨ, ਵਿੱਚ ਮੁੜ ਵਿਦਿਆਰਥੀਆਂ ਦੀ ਚਹਿਲ-ਪਹਿਲ ਪਰਤਣ ਲੱਗੀ ਹੈ। ਇਹ ਇੱਕ ਚੰਗਾ ਪੱਖ ਵੀ ਹੈ, ਪਰ ਜਦੋਂ ਇਨ੍ਹਾਂ ਵਿਦਿਅਕ ਸੰਸਥਾਵਾਂ ਵਿੱਚੋਂ ਬੇਰੁਜ਼ਗਾਰਾਂ ਦੀ ਫੌਜ ਬਾਹਰ ਨਿਕਲਣ ਲੱਗੀ ਤਾਂ ਕਿਸੇ ਚੱਜ ਦੇ ਰੁਜ਼ਗਾਰ ਦੀ ਅਣਹੋਂਦ ਵਿੱਚ ਇਨ੍ਹਾਂ ਨੇ ਪੰਜਾਬ ਦੇ ਅਮਨ-ਕਾਨੂੰਨ ਲਈ ਮੁਸੀਬਤ ਬਣ ਜਾਣਾ ਹੈ। ਕਿਸਾਨ ਸੰਘਰਸ਼ ਦੀ ਧੁਖਦੀ ਧੂਣੀ ਨੇ ਵੀ ਇਨ੍ਹਾਂ ਨੂੰ ਵੱਡੀ ਗਿਣਤੀ ਵਿੱਚ ਆਪਣੇ ਵੱਲ ਖਿੱਚਣਾ ਹੈ। ਇਸ ਹਾਲਤ ਵਿੱਚ ਹੁਣ ਬਹੁਤੀ ਦੇਰ ਤੱਕ ਕੇਂਦਰ ਸਰਕਾਰ ਨੇ ਵੀ ਪੰਜਾਬ ਦੇ ਕਿਸਾਨਾਂ ਨਾਲ ਲੁਕਣ-ਮੀਚੀ ਨਹੀਂ ਖੇਡ ਸਕਣਾ। ਕੰਗਣਾ ਰਣੌਤ ਵਰਗੀਆਂ ਦੀ ਬੋਲਬਾਣੀ ਨੇ ਇਸ ਨੂੰ ਹੋਰ ਲਾਂਬੂ ਲਾਉਣਾ ਹੈ। ਇਹ ਹਾਲਤ ਬਿਲਕੁਲ 1978-79 ਵਰਗੀ ਹੈ। ਇਤਿਹਾਸ ਨੂੰ ਦੁਹਰਾਉਣ ਦੀ ਬੇਵਕੂਫੀ ਨਾ ਤੇ ਪੰਜਾਬ ਦੇ ਲੋਕਾਂ ਨੂੰ ਵਾਰਾ ਖਾ ਸਕਦੀ ਹੈ ਅਤੇ ਨਾ ਹੀ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ ਨੂੰ। ਇਸ ਲਈ ਪੰਜਾਬ ਵਿੱਚ ਬੁਨਿਆਦੀ, ਟੈਕਨੀਕਲ ਅਤੇ ਉਚ ਸਿੱਖਿਆ ਦਾ ਮਿਆਰ ਉਚਾ ਚੁੱਕਣਾ ਅਤੇ ਵਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ, ਇੱਕ ਸਾਰਥਕ ਬਦਲ ਹੋ ਸਕਦਾ ਹੈ।

# ਚੰਨ ’ਤੇ ਜ਼ਿੰਦਗੀ



ਪਲਬ ਘੋਸ਼

## ਨਵੀਂ ਖੋਜ ਨੇ 40 ਸਾਲ ਦੇ ਵਿਗਿਆਨਕ ਸਿਧਾਂਤਾਂ ਨੂੰ ਪਲਟ ਦਿੱਤਾ

ਯੂਰੇਨਸ ਗ੍ਰਹਿ ਅਤੇ ਇਸਦੇ ਪੰਜ ਸਭ ਤੋਂ ਵੱਡੇ ਉੱਪ-ਗ੍ਰਹਿ ਸ਼ਾਇਦ ਜ਼ਿੰਦਗੀ ਰਹਿਤ ਨਿਰਜੀਵ ਸੰਸਾਰ ਨਹੀਂ ਹਨ, ਜਿਸ ਤਰ੍ਹਾਂ ਕਿ ਵਿਗਿਆਨੀ ਲੰਬੇ ਸਮੇਂ ਤੋਂ ਸੋਚ ਰਹੇ ਹਨ। ਬਲਕਿ ਵਿਗਿਆਨੀਆਂ ਨੇ ਸੰਭਾਵਨਾ ਜਤਾਈ ਹੈ ਕਿ ਇਹ ਪੰਜ ਉੱਪ-ਗ੍ਰਹਿ ਅਜਿਹੇ ਹਨ, ਜਿਨ੍ਹਾਂ ’ਤੇ ਸਮੁੰਦਰ ਹੋ ਸਕਦੇ ਹਨ ਤੇ ਹੋ ਸਕਦਾ ਹੈ ਕਿ ਜ਼ਿੰਦਗੀ ਦੇ ਸਮਰੱਥ ਵਾਤਾਵਰਣ ਰੱਖਦੇ ਹੋਣ। ਅਸੀਂ ਉਨ੍ਹਾਂ ਬਾਰੇ ਜੋ ਕੁਝ ਜਾਣਦੇ ਹਾਂ, ਉਸ ਦਾ ਬਹੁਤਾ ਹਿੱਸਾ ਨਾਸਾ ਦੇ ਵੋਏਜਰ-2 ਪੁਲਾੜ ਯਾਨ ਵੱਲੋਂ ਇਕੱਠਾ ਕੀਤਾ ਗਿਆ ਸੀ। ਇਹ ਕਰੀਬ 40 ਸਾਲ ਪਹਿਲਾਂ ਪੁਲਾੜ ’ਚ ਗਿਆ ਸੀ।

ਪਰ ਇੱਕ ਨਵਾਂ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਵੋਏਜਰ ਦੀ ਫੇਰੀ ਇੱਕ ਸ਼ਕਤੀਸ਼ਾਲੀ ਸੂਰਜੀ ਤੂਫ਼ਾਨ ਤੋਂ ਬਾਅਦ ਕੱਢੇ ਗਏ ਨਤੀਜਿਆਂ ਨਾਲ ਮੇਲ ਖਾਂਦੀ ਹੈ, ਜਿਸ ਤੋਂ ਯੂਰੇਨੀਅਨ ਪ੍ਰਣਾਲੀ ਅਸਲ ਵਿੱਚ ਕਿਹੋ ਜਿਹੀ ਹੈ, ਬਾਰੇ ਇੱਕ ਗੁੰਮਰਾਹਕੁੰਨ ਵਿਚਾਰ ਪੈਦਾ ਹੋਇਆ ਸੀ। ਯੂਰੇਨਸ ਸਾਡੇ ਸੂਰਜੀ ਸਿਸਟਮ ਦੀ ਬਾਹਰੀ ਪਹੁੰਚ ਵਿੱਚ ਇੱਕ ਸੁੰਦਰ, ਬਰਫ਼ੀਲਾ ਮੁੰਦਰੀਨੁਮਾ ਸੰਸਾਰ ਹੈ। ਇਹ ਸਭ ਤੋਂ ਠੰਡੇ ਗ੍ਰਹਿਆਂ ਵਿੱਚੋਂ ਇੱਕ ਹੈ। ਇਹ ਹੋਰ ਸਾਰੇ ਸੰਸਾਰਾਂ ਦੇ ਮੁਕਾਬਲੇ ਇਸ ਦੇ ਪਾਸੇ ਝੁਕਿਆ ਵੀ ਹੋਇਆ ਹੈ, ਜਿਵੇਂ ਕਿ ਇਸਨੂੰ ਧੱਕਾ ਮਾਰਿਆ ਗਿਆ ਹੋਵੇ ਅਤੇ ਇਹ ਹੀ ਇਸ ਨੂੰ ਸਭ ਤੋਂ ਅਜੀਬ ਬਣਾਉਂਦਾ ਹੈ।

ਸਾਨੂੰ 1986 ਵਿੱਚ ਇਸ ਦਾ ਪਹਿਲਾ ਨਜ਼ਦੀਕੀ ਦ੍ਰਿਸ਼ ਮਿਲਿਆ, ਜਦੋਂ ਵੋਏਜਰ-2 ਉੱਥੋਂ ਲੰਘਿਆ ਅਤੇ ਉਸ ਤੋਂ ਗ੍ਰਹਿ ਅਤੇ ਇਸਦੇ ਪੰਜ ਮੁੱਖ ਉੱਪ-ਗ੍ਰਹਿਆਂ ਦੀਆਂ ਸਨਸਨੀਖੇਜ਼ ਤਸਵੀਰਾਂ ਹਾਸਲ ਹੋਈਆਂ ਸਨ। ਪਰ ਵਿਗਿਆਨੀਆਂ ਨੂੰ ਹੋਰ ਵੀ ਹੈਰਾਨ ਕਰਨ ਵਾਲੀ ਗੱਲ ਇਹ ਲੱਗੀ ਸੀ ਕਿ ਵੋਏਜਰ-2 ਵੱਲੋਂ ਭੇਜਿਆ ਗਿਆ ਡਾਟਾ ਇਹ ਦਰਸਾਉਂਦਾ ਹੈ ਕਿ ਯੂਰੇਨੀਅਨ ਪ੍ਰਣਾਲੀ ਉਨ੍ਹਾਂ ਦੀ ਸੋਚ ਨਾਲੋਂ ਵੀ ਅਜੀਬ ਸੀ।

ਪੁਲਾੜ ਯਾਨ ਦੇ ਯੰਤਰਾਂ ਨੇ ਜੋ ਮਾਪ ਲਏ, ਉਹ ਸੰਕੇਤ ਦਿੰਦੇ ਹਨ ਕਿ ਗ੍ਰਹਿ ਅਤੇ ਇਸ ਦੇ ਉੱਪ-ਗ੍ਰਹਿ ਬਾਹਰੀ ਸੂਰਜੀ ਪ੍ਰਣਾਲੀ ਦੇ ਹੋਰ ਉੱਪ-ਗ੍ਰਹਿਆਂ ਦੇ ਉੱਲਟ ਅਕਿਰਿਆਸ਼ੀਲ ਸਨ। ਉਨ੍ਹਾਂ ਨੇ ਇਹ ਵੀ ਦਿਖਾਇਆ ਕਿ ਯੂਰੇਨਸ ਦਾ ਸੁਰੱਖਿਆਤਮਕ ਚੁੰਬਕੀ ਖੇਤਰ ਅਜੀਬ ਢੰਗ ਨਾਲ ਵਿਗੜਿਆ ਹੋਇਆ ਸੀ। ਇਹ ਥੋੜ੍ਹਾ ਕੁਚਲਿਆ ਗਿਆ ਪ੍ਰਤੀਤ ਹੁੰਦਾ ਹੈ ਅਤੇ ਸੂਰਜ ਤੋਂ ਦੂਰ ਧੱਕਿਆ ਗਿਆ ਲੱਗਦਾ ਹੈ। ਇੱਕ ਗ੍ਰਹਿ ਦਾ ਚੁੰਬਕੀ ਖੇਤਰ ਗ੍ਰਹਿ ਅਤੇ ਇਸਦੇ ਚੰਦਰਮਾ ਤੋਂ ਆਉਣ ਵਾਲੀਆਂ ਗੈਸਾਂ ਤੇ ਹੋਰ ਸਮੱਗਰੀ ਨੂੰ ਰੋਕਦਾ ਹੈ। ਇਹ ਸਮੁੰਦਰਾਂ ਜਾਂ ਭੂ-ਵਿਗਿਆਨਕ ਗਤੀਵਿਧੀਆਂ ਦੇ ਸੰਕੇਤ ਹੋ ਸਕਦੇ ਹਨ। ਵੋਏਜਰ-2 ਨੂੰ ਅਜਿਹਾ ਕੁਝ ਵੀ ਨਹੀਂ ਮਿਲਿਆ, ਇਹ ਦੱਸਦਾ ਹੈ ਕਿ ਯੂਰੇਨਸ ਅਤੇ ਇਸਦੇ ਪੰਜ ਸਭ ਤੋਂ ਵੱਡੇ ਚੰਦਰਮਾ ਨਿਰਜੀਵ ਅਤੇ ਅਕਿਰਿਆਸ਼ੀਲ ਸਨ। ਇਹ ਬਹੁਤ ਹੈਰਾਨੀ ਵਾਲੀ ਗੱਲ ਸੀ, ਕਿਉਂਕਿ ਇਹ ਸੂਰਜੀ ਸਿਸਟਮ ਦੇ ਹੋਰ ਗ੍ਰਹਿਆਂ ਅਤੇ ਉਨ੍ਹਾਂ ਦੇ ਉੱਪ-ਗ੍ਰਹਿਆਂ ਦੇ ਵਿਹਾਰ ਦੇ ਉਲਟ ਸੀ; ਪਰ ਨਵੇਂ ਵਿਸ਼ਲੇਸ਼ਣ ਨੇ ਦਹਾਕਿਆਂ ਤੋਂ ਬਣੇ ਹੋਏ ਭੇਤ ਤੋਂ ਕੁਝ ਪਰਦਾ ਹਟਾਇਆ ਹੈ।

ਮੌਜੂਦਾ ਤੱਥ ਦਰਸਾਉਂਦੇ ਹਨ ਕਿ ਵੋਏਜਰ-2 ਨੇ ਇੱਕ ਮਾੜੇ ਦਿਨ ਉਡਾਨ ਭਰੀ ਸੀ। ਨਵੀਂ ਖੋਜ ਦਰਸਾਉਂਦੀ ਹੈ ਕਿ ਜਿਵੇਂ ਹੀ ਵੋਏਜਰ-2 ਨੇ ਯੂਰੇਨਸ ਤੋਂ ਅੱਗੇ ਉਡਾਣ ਭਰੀ ਸੀ, ਸੂਰਜ ਤੇਜ਼ ਹੋ ਰਿਹਾ ਸੀ, ਇੱਕ ਸ਼ਕਤੀਸ਼ਾਲੀ ਸੂਰਜੀ ਹਵਾ ਪੈਦਾ ਕਰ ਰਿਹਾ ਸੀ, ਜਿਸ ਨੇ ਸਮੱਗਰੀ ਨੂੰ ਉਡਾ ਦਿੱਤਾ ਅਤੇ ਚੁੰਬਕੀ ਖੇਤਰ ਨੂੰ ਅਸਥਾਈ ਤੌਰ ‘ਤੇ ਵਿਗਾੜ ਦਿੱਤਾ ਸੀ। ਇਸ ਲਈ ਯੂਨੀਵਰਸਿਟੀ ਕਾਲਜ ਲੰਡਨ ਦੇ ਡਾ. ਵਿਲੀਅਮ ਡਨ ਮੁਤਾਬਕ 40 ਸਾਲਾਂ ਤੋਂ ਸਾਡੇ ਕੋਲ ਯੂਰੇਨਸ ਅਤੇ ਇਸਦੇ ਪੰਜ ਸਭ ਤੋਂ ਵੱਡੇ ਉੱਪ-ਗ੍ਰਹਿਆਂ ਬਾਰੇ ਆਮ ਜਾਣਕਾਰੀ, ਕਿ ਇਹ ਕਿਸ ਤਰ੍ਹਾਂ ਦੇ ਹੁੰਦੇ ਹਨ, ਬਾਰੇ ਵਿਗਿਆਨਿਕ ਨਜ਼ਰੀਆ ਗ਼ਲਤ ਰਿਹਾ ਹੈ। ਇਹ ਨਤੀਜੇ ਸੁਝਾਅ ਦਿੰਦੇ ਹਨ ਕਿ ਯੂਰੇਨੀਅਨ ਪ੍ਰਣਾਲੀ ਜਿਸ ਤਰ੍ਹਾਂ ਇਸ ਬਾਰੇ ਪਹਿਲਾਂ ਸੋਚਿਆ ਗਿਆ ਸੀ, ਦੇ ਮੁਕਾਬਲੇ ਕਿਤੇ ਜ਼ਿਆਦਾ ਦਿਲਚਸਪ ਹੋ ਸਕਦੀ ਹੈ। ਡਾ. ਵਿਲੀਅਮ ਡਨ ਮੁਤਾਬਕ ਦੇ ਸ਼ਬਦਾਂ ਵਿੱਚ “ਉੱਥੇ ਅਜਿਹੇ ਉੱਪ-ਗ੍ਰਹਿ ਹੋ ਸਕਦੇ ਹਨ, ਜੋ ਜੀਵਨ ਲਈ ਲੋੜੀਂਦੀਆਂ ਸਥਿਤੀਆਂ ਰੱਖਦੇ ਹੋਣ, ਹੋ ਸਕਦਾ ਹੈ ਉਨ੍ਹਾਂ ਕੋਲ ਸਮੁੰਦਰ ਹੋਵੇ, ਜਿਸ ਦੀ ਸਤ੍ਹਾ ਮੱਛੀਆਂ ਨਾਲ ਭਰੀ ਹੋਵੇ।”

ਜਦੋਂ ਯੂਰੇਨਸ ਡੇਟਾ ਆਇਆ ਸੀ, ਉਸ ਸਮੇਂ ਲਿੰਡਾ ਸਪਿਲਕਰ ਇੱਕ ਨੌਜਵਾਨ ਵਿਗਿਆਨੀ ਹੀ ਸਨ, ਜੋ ਵੋਏਜਰ ਪ੍ਰੋਗਰਾਮ ‘ਤੇ ਕੰਮ ਕਰ ਰਹੇ ਸਨ। ਉਹ ਹੁਣ ਵੀ ਵੋਏਜਰ ਮਿਸ਼ਨਾਂ ਲਈ ਪ੍ਰੋਜੈਕਟ ਵਿਗਿਆਨੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ਜਰਨਲ ਨੇਚਰ ਐਸਟ੍ਰੋਨੋਮੀ ਵਿੱਚ ਪ੍ਰਕਾਸ਼ਿਤ ਕੀਤੇ ਗਏ ਨਵੇਂ ਨਤੀਜਿਆਂ ਬਾਰੇ ਸੁਣ ਕੇ ਬਹੁਤ ਖੁਸ਼ ਹਨ। ਉਨ੍ਹਾਂ ਕਿਹਾ, “ਨਤੀਜੇ ਦਿਲਚਸਪ ਹਨ ਅਤੇ ਮੈਂ ਇਹ ਦੇਖ ਕੇ ਬਹੁਤ ਉਤਸ਼ਾਹਿਤ ਹਾਂ ਕਿ ਯੂਰੇਨੀਅਨ ਪ੍ਰਣਾਲੀ ਵਿੱਚ ਜੀਵਨ ਦੀ ਸੰਭਾਵਨਾ ਹੈ।...ਇਹ ਹੈਰਾਨੀਜਨਕ ਹੈ ਕਿ ਵਿਗਿਆਨੀ ਸਾਡੇ ਵੱਲੋਂ 1986 ਵਿੱਚ ਇਕੱਠੇ ਕੀਤੇ ਗਏ ਡਾਟਾ ਨੂੰ ਵੀ ਦੇਖ ਰਹੇ ਹਨ ਅਤੇ ਨਵੇਂ ਨਤੀਜੇ ਅਤੇ ਨਵੀਆਂ ਖੋਜਾਂ ਲੱਭ ਰਹੇ ਹਨ।”

ਡਬਲਿਨ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਦੇ ਡਾ. ਅਫੇਲੀਆ ਵਿਬੀਸੋਨੋ, ਜੋ ਖੋਜ ਟੀਮ ਤੋਂ ਸੁਤੰਤਰ ਹਨ, ਨੇ ਨਤੀਜਿਆਂ ਨੂੰ ‘ਬਹੁਤ ਦਿਲਚਸਪ’ ਦੱਸਿਆ। ਉਹ ਕਹਿੰਦੇ ਹਨ, “ਇਹ ਦਰਸਾਉਂਦਾ ਹੈ ਕਿ ਪੁਰਾਣੇ ਡਾਟਾ ਨੂੰ ਮੁੜ ਤੋਂ ਦੇਖਣਾ ਕਿੰਨਾ ਅਹਿਮ ਹੈ, ਕਿਉਂਕਿ ਕਈ ਵਾਰ, ਉਨ੍ਹਾਂ ਨਾਲ ਕਈ ਅਜਿਹੇ ਤੱਥ ਵੀ ਜੁੜੇ ਹੁੰਦੇ ਹਨ, ਜੋ ਉਸ ਸਮੇਂ ਸਾਹਮਣੇ ਨਾ ਆਏ ਹੋਣ। ਅਜਿਹੇ ਤੱਥ ਪੁਲਾੜ ਖੋਜ ਮਿਸ਼ਨਾਂ ਦੀ ਅਗਲੀ ਪੀੜ੍ਹੀ ਨੂੰ ਖੋਜ ਦੀ ਨਵੀਂ ਰਾਹ ਦੇਣ ਵਿੱਚ ਮਦਦਗਾਰ ਹੋ ਸਕਦੇ ਹਨ।”

ਇਹ ਬਿਲਕੁਲ ਉਹੀ ਹੈ, ਜੋ ਨਾਸਾ ਕਰ ਰਿਹਾ ਹੈ, ਅੰਸ਼ਕ ਤੌਰ ‘ਤੇ ਨਵੀਂ ਖੋਜ ਦੇ ਨਤੀਜੇ ਵਜੋਂ। ਤੋਏਜਰ-2 ਨੂੰ ਬਰਫ਼ੀਲੇ ਸੰਸਾਰ ਅਤੇ ਇਸਦੇ ਉੱਪ-ਗ੍ਰਹਿਆਂ ਤੋਂ ਪਾਰ ਲੰਘੇ ਤਕਰੀਬਨ 40 ਸਾਲ ਹੋ ਗਏ ਹਨ। ਨਾਸਾ ਨੇ 10 ਸਾਲਾਂ ਦੇ ਸਮੇਂ ਨੂੰ ਨੇੜਿਓਂ ਘੋਖਣ ਲਈ ਇੱਕ ਨਵਾਂ ਮਿਸ਼ਨ, ਯੂਰੇਨਸ ਆਰਬਿਟਰ ਅਤੇ ਪ੍ਰੋਬ ਲਾਂਚ ਕਰਨ ਦੀ ਯੋਜਨਾ ਬਣਾਈ ਹੈ। ਨਾਸਾ ਦੇ ਡਾ. ਜੈਮੀ ਜੈਸਿੰਸਕੀ ਦਾ ਵਿਚਾਰ ਹੈ ਕਿ ਵੋਏਜਰ-2 ਡਾਟਾ ਦੀ ਦੁਬਾਰਾ ਜਾਂਚ ਕਰਨੀ ਚਾਹੀਦੀ ਸੀ, ਮਿਸ਼ਨ ਨੂੰ ਆਪਣੇ ਯੰਤਰਾਂ ਨੂੰ ਡਿਜ਼ਾਈਨ ਕਰਨ ਅਤੇ ਵਿਗਿਆਨਿਕ ਸਰਵੇਖਣ ਦੀ ਯੋਜਨਾ ਬਣਾਉਣ ਵੇਲੇ ਉਸਦੇ ਨਤੀਜਿਆਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੋਵੇਗੀ। ਸਾਨੂੰ ਇਸ ਗੱਲ ‘ਤੇ ਮੁੜ ਵਿਚਾਰ ਕਰਨ ਦੀ ਲੋੜ ਹੈ ਕਿ ਅਸੀਂ ਨਵੇਂ ਮਿਸ਼ਨ ‘ਤੇ ਯੰਤਰਾਂ ਨੂੰ ਕਿਵੇਂ ਡਿਜ਼ਾਈਨ ਕਰਨਾ ਹੈ, ਤਾਂ ਜੋ ਅਸੀਂ ਖੋਜ ਕਰਨ ਲਈ ਲੋੜੀਂਦੇ ਵਿਗਿਆਨਕ ਡਾਟਾ ਨੂੰ ਬਿਹਤਰ ਢੰਗ ਨਾਲ ਹਾਸਲ ਕਰ ਸਕੀਏ। ਨਾਸਾ ਦੀ ਯੂਰੇਨਸ ਜਾਂਚ 2045 ਤੱਕ ਮੁਕੰਮਲ ਹੋਣ ਦੀ ਉਮੀਦ ਹੈ, ਜਿਸ ਤਹਿਤ ਵਿਗਿਆਨੀ ਇਹ ਪਤਾ ਲਗਾਉਣ ਦੀ ਉਮੀਦ ਕਰਦੇ ਹਨ ਕਿ ਕੀ ਇਹ ਦੂਰ-ਦੁਰਾਡੇ ਦੇ ਬਰਫੀਲੇ ਉੱਪ-ਗ੍ਰਹਿਆਂ ਬਾਰੇ ਇੱਕ ਅਜਿਹੀ ਦੁਨੀਆਂ ਹੀ ਹੋਂਦ ਵਜੋਂ ਸੋਚਿਆ ਜਾ ਸਕਦਾ ਹੈ, ਜਿੱਥੇ ਕਦੇ ਪਹਿਲਾਂ ਜ਼ਿੰਦਗੀ ਸੀ ਤੇ ਹੁਣ ਮੁੜ ਤੋਂ ਅਜਿਹਾ ਹੋਣ ਦੀ ਸੰਭਾਵਨਾ ਹੈ।

# .ਗੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਫੌਜ ਦੀ ਵਰਤੋਂ ਦਾ ਖਦਸ਼ਾ

ਅਮਰੀਕਾ ਵਿੱਚ ਗੈਰ-ਕਾਨੂੰਨੀ ਪਰਵਾਸੀਆਂ ਨੂੰ ਵੱਡੇ ਪੱਧਰ ਉੱਤੇ ਮੁਲਕ ਵਿੱਚੋਂ ਬਾਹਰ ਕੱਢਣ ਲਈ ਅਮਰੀਕੀ ਫੌਜ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੌਨਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਨੈੱਟਵਰਕ ‘ਤੇ ਇਸ ਯੋਜਨਾ ਦੀ ਪੁਸ਼ਟੀ ਕੀਤੀ ਹੈ। ਇਸ ਚਰਚਾ ਦੀ ਸ਼ੁਰੂਆਤ ਇੱਕ ਕੰਜ਼ਰਵੇਟਿਵ ਹਮਾਇਤੀ ਦੀ ਟਿੱਪਣੀ ਨਾਲ ਹੋਈ ਸੀ, ਜਿਸ ਨੇ ਵੱਡੇ ਪੱਧਰ ’ਤੇ ਦੇਸ਼ ਨਿਕਾਲੇ ਦੇ ਟਰੰਪ ਦੇ ਬਿਆਨਾਂ ’ਤੇ ਟਿੱਪਣੀ ਕਰਦਿਆਂ ਲਿਖਿਆ ਗਿਆ ਸੀ, “ਟਰੰਪ ਇੱਕ ਕੌਮੀ ਐਮਰਜੈਂਸੀ ਦਾ ਐਲਾਨ ਕਰਨਗੇ ਅਤੇ ਸਮੂਹਿਕ ਦੇਸ ਨਿਕਾਲੇ ਦੇ ਪ੍ਰੋਗਰਾਮ ਦੀ ਅਗਵਾਈ ਕਰਨ ਲਈ ਫੌਜੀ ਤਾਕਤ ਦੀ ਵਰਤੋਂ ਕਰਨਗੇ।’”

ਸੋਮਵਾਰ ਨੂੰ ਡੌਨਲਡ ਟਰੰਪ ਨੇ ਇਸ ਦੇ ਜਵਾਬ ਵਿੱਚ ਸੋਸ਼ਲ ਮੀਡੀਆ ’ਤੇ ਹੀ ਇੱਕ ਪੋਸਟ ਜ਼ਰੀਏ ਜਵਾਬ ਦਿੰਦਿਆਂ ਲਿਖਿਆ, “ਸੱਚ!!!” ਆਪਣੀ ਚੋਣ ਪ੍ਰਚਾਰ ਮੁਹਿੰਮ ਦੌਰਾਨ ਟਰੰਪ ਨੇ ਪਰਵਾਸ ਦੇ ਮਸਲੇ ਨਾਲ ਨਜਿੱਠਣ ਅਤੇ ਸੰਘੀ ਏਜੰਸੀ ਕਸਟਮਜ਼ ਇਨਫ਼ੋਰਸਮੈਂਟ (ਆਈਸ), ਜੋ ਦੇਸ ਨਿਕਾਲੇ ਦੇ ਮਾਮਲਿਆਂ ਨਾਲ ਨਜਿੱਠਦੀ ਹੈ, ਦੀ ਇਸ ਮਸਲੇ ਉੱਤੇ ਮਦਦ ਕਰਨ ਲਈ ਨੈਸ਼ਨਲ ਗਾਰਡਜ਼ ਨੂੰ ਲਾਮਬੰਦ ਕਰਨ ਦਾ ਵਾਅਦਾ ਵਾਰ-ਵਾਰ ਕੀਤਾ ਸੀ।

ਟਰੰਪ ਦੀ ਤਾਜ਼ਾ ਟਿੱਪਣੀ ਉਸ ਸਮੇਂ ਆਈ ਹੈ, ਜਦੋਂ ਸਵਾਲ ਉੱਠ ਰਹੇ ਹਨ ਕਿ ਉਹ ਅਮਰੀਕਾ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਸਮੂਹਿਕ ਦੇਸ ਨਿਕਾਲੇ ਨੂੰ ਅੰਜ਼ਾਮ ਦੇਣ ਦੇ ਆਪਣੇ ਵਾਅਦੇ ਨੂੰ ਕਿਵੇਂ ਪੂਰਾ ਕਰਨਗੇ? ਉਨ੍ਹਾਂ ਨੇ ਕਈ ਵਾਰ ਕਿਹਾ ਹੈ ਕਿ ਉਹ ਦਫ਼ਤਰ ਵਿੱਚ ਆਪਣੇ ਪਹਿਲੇ ਦਿਨ 20 ਜਨਵਰੀ 2025 ਤੋਂ ਗੈਰ-ਕਾਨੂੰਨੀ ਪਰਵਾਸੀਆਂ ਦੇ ਦੇਸ ਨਿਕਾਲੇ ਦਾ ਕੰਮ ਸ਼ੁਰੂ ਕਰ ਦੇਣਗੇ। ਪਰ ਜੇ ਕੋਈ ਅਮਰੀਕੀ ਪ੍ਰਸ਼ਾਸਨਿਕ ਵਿਭਾਗ ਕਾਨੂੰਨੀ ਤੌਰ ‘ਤੇ ਇਨ੍ਹਾਂ ਯੋਜਨਾਵਾਂ ਨੂੰ ਅੰਜ਼ਾਮ ਦੇਣ ਦੇ ਯੋਗ ਹੋਵੇ ਵੀ, ਤਾਂ ਵੀ ਅਧਿਕਾਰੀਆਂ ਨੂੰ ਕਈ ਕਿਸਮ ਦੀਆਂ ਲੌਜੀਸਟਿਕਲ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

ਮਿਸਾਲ ਵਜੋਂ, ਮਾਹਰਾਂ ਨੂੰ ਖ਼ਦਸ਼ਾ ਹੈ ਕਿ ਲੱਖਾਂ ਗ਼ੈਰ-ਦਸਤਾਵੇਜ਼ੀ ਪਰਵਾਸੀਆਂ ਨੂੰ ਲੱਭਣ ਅਤੇ ਉਨ੍ਹਾਂ ਦਾ ਪਤਾ ਲਗਾਉਣ ਲਈ ਆਈਸ ਦੇ 20,000 ਏਜੰਟ ਅਤੇ ਸਹਾਇਤਾ ਕਰਮਚਾਰੀ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਕਾਫ਼ੀ ਨਹੀਂ ਹੋਣਗੇ। ਇਸ ਸਾਰੇ ਕੰਮ ਵਿੱਚ ਇੱਕ ਵੱਡੀ ਵਿੱਤੀ ਲਾਗਤ ਵੀ ਹੋਵੇਗੀ, ਪਰ ਟਰੰਪ ਨੇ ਹਾਲ ਹੀ ਵਿੱਚ ਐੱਨ.ਬੀ.ਸੀ. ਨਿਊਜ਼ ਨੂੰ ਕਿਹਾ ਕਿ ਵਿੱਤ ਉਨ੍ਹਾਂ ਦੇ ਪ੍ਰਸ਼ਾਸਨ ਦੇ ਯਤਨਾਂ ਨੂੰ ਰੋਕ ਨਹੀਂ ਸਕੇਗਾ।

ਟਰੰਪ ਦੀ ਪੋਸਟ ਸੋਮਵਾਰ ਨੂੰ ਉਨ੍ਹਾਂ ਦੇ ਸੋਸ਼ਲ ਨੈੱਟਵਰਕ ਉੱਤੇ ਆਈ। ਚੋਣਾਂ ਜਿੱਤਣ ਤੋਂ ਬਾਅਦ ਟਰੰਪ ਹੁਣ ਆਪਣੇ ਪ੍ਰਸ਼ਾਸਨ ਦੇ ਮੁੱਖ ਅਹੁਦਿਆਂ ਲਈ ਆਪਣੀਆਂ ਨਾਮਜ਼ਦਗੀਆਂ ਦਾ ਐਲਾਨ ਕਰ ਰਹੇ ਹਨ। ਟਰੰਪ ਪਹਿਲਾਂ ਹੀ ਇਮੀਗ੍ਰੇਸ਼ਨ ਅਤੇ ਦੇਸ ਨਿਕਾਲੇ ਦੀ ਨੀਤੀ ਦੀ ਨਿਗਰਾਨੀ ਕਰਨ ਵਾਲੀਆਂ ਚੋਟੀ ਦੀਆਂ ਭੂਮਿਕਾਵਾਂ ਲਈ ਆਪਣੇ ਕਈ ਵਫ਼ਾਦਾਰ ਸਹਿਯੋਗੀਆਂ ਦੀ ਚੋਣ ਕਰ ਚੁੱਕੇ ਹਨ, ਜਿਸ ਵਿੱਚ ਕ੍ਰਿਸਟੀ ਨੋਏਮ, ਜਿਨ੍ਹਾਂ ਨੂੰ ਹੋਮਲੈਂਡ ਸਿਕਿਉਰਿਟੀ ਵਿਭਾਗ ਦੀ ਅਗਵਾਈ ਕਰਨ ਲਈ ਨਾਮਜ਼ਦ ਕੀਤਾ ਗਿਆ ਹੈ ਅਤੇ ਸਾਬਕਾ ਆਈਸ ਮੁਖੀ ਟੌਮ ਹੋਮੈਨ ਨੂੰ ਟਰੰਪ ਨੇ ਆਪਣੇ ‘ਸਰਹੱਦੀ ਜ਼ਾਰ’ ਦਾ ਨਾਮ ਦਿੱਤਾ ਹੈ।

ਟਰੰਪ ਦੀ ਟੀਮ ਨੇ ਹੁਣ ਤੱਕ ਇਸ ਬਾਰੇ ਕੁਝ ਵੇਰਵੇ ਜਾਰੀ ਕੀਤੇ ਹਨ ਕਿ ਇਸ ਯੋਜਨਾ ਨੂੰ ਕਿਵੇਂ ਲਾਗੂ ਕੀਤਾ ਜਾਵੇਗਾ। ਉਨ੍ਹਾਂ ਨੇ ਪਹਿਲਾਂ ਕਿਹਾ ਸੀ ਕਿ ਉਹ ਇੱਕ ਕੌਮੀ ਐਮਰਜੈਂਸੀ ਦਾ ਐਲਾਨ ਕਰਨ ਦੀ ਯੋਜਨਾ ਬਣਾ ਰਹੇ ਹਨ। ਇਸ ਨਾਲ ਉਨ੍ਹਾਂ ਨੂੰ ਅਮਰੀਕਾ ਵਿੱਚ ਫ਼ੌਜ ਤਾਇਨਾਤ ਕਰਨ ਦਾ ਅਧਿਕਾਰ ਮਿਲ ਜਾਵੇਗਾ। ਹੋਮੈਨ ਨੇ ਸੋਮਵਾਰ ਨੂੰ ਫੌਕਸ ਨਿਊਜ਼ ਨੂੰ ਦੱਸਿਆ ਸੀ ਕਿ ਉਹ ‘ਯੋਜਨਾ ਨੂੰ ਅੰਤਿਮ ਰੂਪ ਦੇਣ ਲਈ’ ਇਸ ਹਫ਼ਤੇ ਟਰੰਪ ਦੇ ਫਲੋਰਿਡਾ ਵਿਚਲੇ ਘਰ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਕਰਨਗੇ। ਇਸ ਦੌਰਾਨ ਅਮਰੀਕੀ ਰੱਖਿਆ ਵਿਭਾਗ ਦੀ ਇਸ ਮਸਲੇ ’ਤੇ ਭੂਮਿਕਾ ਸਬੰਧੀ ਵੀ ਵਿਚਾਰ ਚਰਚਾ ਕੀਤੀ ਜਾਵੇਗੀ।

ਸੋਮਵਾਰ ਨੂੰ, ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ (ਏ.ਸੀ.ਐੱਲ.ਯੂ.) ਨੇ ਦੇਸ ਨਿਕਾਲੇ ਦੀ ਯੋਜਨਾ ਕਿਵੇਂ ਕੰਮ ਕਰੇਗੀ, ਬਾਰੇ ਹੋਰ ਵੇਰਵਿਆਂ ਲਈ ਆਈਸ ‘ਤੇ ਮੁਕੱਦਮਾ ਕੀਤਾ ਹੈ। ਗਰੁੱਪ ਨੇ ਸਮੂਹਿਕ ਦੇਸ ਨਿਕਾਲੇ ਨੂੰ ਰੋਕਣ ਦੀ ਕੋਸ਼ਿਸ਼ ਦੇ ਇਰਾਦੇ ਨਾਲ ਇਸ ਪ੍ਰਕਿਰਿਆ ਨੂੰ ਕਾਨੂੰਨੀ ਚੁਣੌਤੀਆਂ ਦੇਣ ਦੀ ਯੋਜਨਾ ਬਣਾਈ ਹੈ। ਜ਼ਿਕਰਯੋਗ ਹੈ ਕਿ ਟਰੰਪ ਦੇ ਪਹਿਲੇ ਕਾਰਜਕਾਲ ਦੇ ਚਾਰ ਸਾਲਾਂ ਦੌਰਾਨ ਤਕਰੀਬਨ 15 ਲੱਖ ਲੋਕਾਂ ਨੂੰ ਦੇਸ ਨਿਕਾਲਾ ਦਿੱਤਾ ਗਿਆ ਸੀ ਅਤੇ ਬਾਇਡਨ ਪ੍ਰਸ਼ਾਸਨ ਦੌਰਾਨ ਵੀ ਇਹ ਅੰਕੜੇ ਤਕਰੀਬਨ ਇੰਨੇ ਹੀ ਸਨ।

ਤਤਕਾਲੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਦੋ ਕਾਰਜਕਾਲਾਂ ਦੌਰਾਨ 30 ਲੱਖ ਤੋਂ ਵੱਧ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਕੁਝ ਇਮੀਗ੍ਰੇਸ਼ਨ ਸੁਧਾਰ ਵਕੀਲਾਂ ਨੇ ‘ਡਿਪੋਰਟਰ-ਇਨ-ਚੀਫ਼’ ਉਪਨਾਮ ਦਿੱਤਾ ਸੀ। ਪਰ ਸ਼ਾਇਦ ਸਮੂਹਿਕ ਦੇਸ ਨਿਕਾਲੇ ਦੀ ਸਭ ਤੋਂ ਨਜ਼ਦੀਕੀ ਇਤਿਹਾਸਕ ਉਦਾਹਰਣ 1954 ਵਿੱਚ ਵਾਪਰੀ ਸੀ। ਇਹ ਉਹ ਸਮਾਂ ਸੀ, ਜਦੋਂ ਆਪਰੇਸ਼ਨ ਵੈੱਟਬੈਕ ਵਿੱਚ 13 ਲੱਖ ਲੋਕਾਂ ਨੂੰ ਦੇਸ ਤੋਂ ਬਾਹਰ ਕੀਤਾ ਦਿੱਤਾ ਗਿਆ ਸੀ।



# ਗੁਰਦੁਆਰਾ ਪੈਲਾਟਾਈਨ: ਰਾਗੀ ਸਿੰਘ ਦੇ ਅਸਤੀਫੇ ਦਾ ਮੁੱਦਾ ਅਤੇ ਸੰਗਤੀ ਸੁਰ

**ਕੁਲਜੀਤ ਦਿਆਲਪੁਰੀ**

**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਵਿੱਚ ਇੱਕ ਰਾਗੀ ਸਿੰਘ ਦੇ ਅਸਤੀਫੇ ਦੇ ਮਾਮਲੇ ਨੂੰ ਲੈ ਕੇ ਕਈ ਦਿਨ ਚਰਚਾ ਦਾ ਮਾਹੌਲ ਬਣਿਆ ਰਿਹਾ। ਅਸਲ ਵਿੱਚ ਜਦੋਂ ਤਿੰਨ ਨਵੰਬਰ ਨੂੰ ਕੀਰਤਨੀਏ ਭਾਈ ਸੰਦੀਪ ਸਿੰਘ ਨੇ ਮੁੜ ਕੇ ਗੁਰੂ ਘਰ ਦੀ ਸਟੇਜ ਤੋਂ ਕੀਰਤਨ ਨਾ ਕਰਨ ਦਾ ਸਹਿਜ ਰੂਪ ਵਿੱਚ ਤਹੱਈਆ ਕੀਤਾ ਤਾਂ ਸੰਗਤ ਦੰਗ ਰਹਿ ਗਈ ਸੀ। ਮਸਲਾ ਜਦੋਂ ਸੰਗਤ ਦੇ ਧਿਆਨਗੋਚਰੇ ਆਇਆ ਤਾਂ ਕਾਫੀ ਗਿਣਤੀ ਸੰਗਤ ਉਦੋਂ ਵੀ ਅਤੇ ਕੁਝ ਗਿਣਤੀ ਸੰਗਤ ਤਾਂ ਹੁਣ ਵੀ ਇਸ ਮਾਮਲੇ ਨੂੰ ਲੈ ਕੇ ਉਲਝਣ ਵਿੱਚ ਹੈ। ਹਾਲੇ ਤੱਕ ਇਸ ਮਾਮਲੇ ਨੂੰ ਲੈ ਕੇ 'ਗੱਲਾਂ ਨੂੰ ਖੰਭ ਤੇ ਖੰਭਾਂ ਦੀਆਂ ਡਾਰਾਂ' ਵਾਲੀ ਸਥਿਤੀ ਬਣੀ ਹੋਈ ਹੈ। ਪ੍ਰਬੰਧਕ ਕਮੇਟੀ ਵੱਲੋਂ ਨਵਾਂ ਜਥਾ ਬੁਲਾਉਣ ਸਬੰਧੀ ਲੰਘੇ ਐਤਵਾਰ ਨੂੰ ਸਟੇਜ ਤੋਂ ਜਾਣਕਾਰੀ ਸਾਂਝੀ ਕਰਨ ਪਿਛੋਂ ਵੀ ਕੁਝ ਸੰਗਤ ਨੇ ਭਾਈ ਸੰਦੀਪ ਸਿੰਘ ਦੇ ਅਸਤੀਫੇ ਵਾਲੇ ਮਸਲੇ ਨੂੰ ਫਿਰ ਤੋਂ ਛੋਹ ਲਿਆ ਸੀ।

ਉਂਜ ਇਸ ਵਰਤਾਰੇ ਨੂੰ ਲੈ ਕੇ ਦੋ ਵੱਖ-ਵੱਖ ਤਰ੍ਹਾਂ ਦੇ ਨਜ਼ਰੀਏ ਉਭਰ ਆਏ ਹਨ। ਇਸ ਸਭ ਵਰਤਾਰੇ ਵਿੱਚ ਸਬੰਧਤ ਸ਼ਖਸ ਆਪੋ ਆਪਣੇ ਸੱਚ ਦਾ ਗੁੜ ਬੁੱਕਲ ਵਿੱਚ ਲਈ ਬੈਠੇ ਹਨ। ਕਿਹੜੀ ਧਿਰ ਕਿੰਨੀ ਸੱਚੀ ਹੈ? ਇਸ ਸਭ ਦੇ ਅਸਲ ਸੱਚ ਤੋਂ ਹਾਲੇ ਵੀ ਬਹੁਤੀ ਸੰਗਤ ਅਣਜਾਣ ਹੈ। ਮੂੰਹੋਂ-ਦੂਹੀ ਇਸ ਗੱਲ ਦੇ ਚਰਚੇ ਹਨ ਕਿ ਅਜਿਹਾ ਕੀ ਹੋ ਗਿਆ ਸੀ ਜੋ ਭਾਈ ਸੰਦੀਪ ਸਿੰਘ ਨੂੰ ਗੁਰੂਘਰ ਦੀ ਸਟੇਜ ਤੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਇਹ ਸ਼ਬਦ ਕਹਿਣੇ ਪਏ! ਭਾਈ ਸੰਦੀਪ ਸਿੰਘ ਦਰਬਾਰ ਸਾਹਿਬ ਦੇ ਰਾਗੀ ਸਿੰਘਾਂ ਵਿੱਚੋਂ ਇੱਕ ਹਨ, ਜਿਨ੍ਹਾਂ ਦੇ ਗੁਰਬਾਣੀ ਗਾਇਨ ਦਾ ਸੰਗਤ ਅਨੰਦ ਮਾਣਦੀ ਹੈ; ਪਰ ਪ੍ਰਬੰਧਕੀ ਬੋਰਡ/ਧਿਰ ਦੇ ਇੱਕ ਹਿੱਸੇ ਅਤੇ ਰਾਗੀ ਸਿੰਘ ਦਰਮਿਆਨ ਪੈਦਾ ਹੋਏ ਮਤਭੇਦ ਨੇ ਗੁਰਦੁਆਰਾ ਮਾਹੌਲ ਨੂੰ ਨਵਾਂ ਰੰਗ ਜ਼ਰੂਰ ਦਿੱਤਾ ਹੈ। ਪ੍ਰਬੰਧਕੀ ਧਿਰ ਦੇ ਕੁਝ ਹਮਾਇਤੀ ਵੀ ਇਸ ਮਸਲੇ 'ਤੇ ਆਪੋ-ਆਪਣਾ ਪ੍ਰਤੀਕਰਮ ਜਾਹਰ ਕਰ ਰਹੇ ਹਨ। ਸੰਗਤ ਵਿੱਚ ਇਹ ਚਰਚਾ ਹੈ ਕਿ ਹਜ਼ੂਰੀ ਰਾਗੀ ਪ੍ਰਤੀ ਅਵਿਹਾਰਕ ਪਹੁੰਚ, ਡਿਊਟੀਆਂ ਅਤੇ ਕਿਤੇ ਨਾ ਕਿਤੇ ਭੇਟਾ ਨੂੰ ਲੈ ਕੇ ਮਸਲਾ ਬਣ ਗਿਆ ਸੀ।

ਜ਼ਿਕਰਯੋਗ ਹੈ ਕਿ ਭਾਈ ਸੰਦੀਪ ਸਿੰਘ ਨੇ 3 ਨਵੰਬਰ ਦੇ ਦੀਵਾਨ ਵਿੱਚ ਕੀਰਤਨ ਕਰਨ ਉਪਰੰਤ ਇਹ ਸ਼ਬਦ ਕਹੇ ਸਨ: "ਸਾਡਾ ਇਹ ਅੱਜ ਦਾ ਆਖਰੀ ਦੀਵਾਨ ਹੈ, ਔਰ ਸ਼ਾਇਦ ਸਾਡਾ ਜ਼ਿੰਦਗੀ ਦਾ ਵੀ ਇਸ ਸਟੇਜ 'ਤੇ ਆਖਰੀ ਹੀ ਦੀਵਾਨ ਹੈ... ਮਹਾਰਾਜ ਤੋਂ ਸ਼ਮਾ (ਮੁਆਫੀ) ਮੰਗ ਕੇ ਇਹ ਬਚਨ ਕਰ ਰਹੇ ਹਾਂ ਕਿ ਅੱਜ ਤੋਂ ਬਾਅਦ ਜੇ ਅਸੀਂ ਆਏ, ਸਾਡੇ ਗੁਰੂ ਪਿਤਾ ਦਾ ਘਰ ਹੈ, ਅਸੀਂ ਨਮਸ਼ਕਾਰ ਕਰਨ ਜ਼ਰੂਰ ਆਵਾਂਗੇ, ਪਰ ਇਸ ਸਟੇਜ 'ਤੇ ਰਹਿੰਦੀ ਜ਼ਿੰਦਗੀ ਤੱਕ ਕਦੇ ਵੀ ਕੀਰਤਨ ਨਹੀਂ ਕਰਾਂਗੇ।" ਉਨ੍ਹਾਂ ਨੇ ਗੁਰਦੁਆਰਾ ਸਟਾਫ ਦਾ ਧੰਨਵਾਦ ਕੀਤਾ ਤੇ ਪ੍ਰਬੰਧਕੀ ਬੋਰਡ ਦੇ ਕੁਝ ਸੱਜਣਾਂ ਦਾ ਵੀ; ਪਰ 'ਸਾਰੇ ਬੋਰਡ' ਪ੍ਰਤੀ ਧੰਨਵਾਦੀ ਸ਼ਬਦ ਉਚਾਰਨ ਤੋਂ ਉਨ੍ਹਾਂ ਪਰਹੇਜ ਕੀਤਾ। ਇਹ ਸਭ ਸ਼ਬਦ ਭਾਈ ਸੰਦੀਪ ਸਿੰਘ ਨੇ ਬੜੇ ਸਹਿਜ ਵਿੱਚ ਕਹੇ ਸਨ, ਪਰ ਇੱਕ ਗੱਲ ਨੋਟ ਕੀਤੀ ਗਈ ਹੈ ਕਿ ਸੰਗਤ ਦੇ ਇੱਕ ਹਿੱਸੇ, ਖਾਸ ਕਰ ਭਾਈ ਸੰਦੀਪ ਸਿੰਘ ਦੇ ਕੀਰਤਨ ਤੋਂ ਪ੍ਰਭਾਵਿਤ ਸੰਗਤ ਨੂੰ ਇਸ ਵਰਤਾਰੇ ਨੇ ਅਸਹਿਜ ਜ਼ਰੂਰ ਕੀਤਾ ਹੈ।

ਪ੍ਰਬੰਧਕੀ ਬੋਰਡ ਦੇ ਇੱਕ ਮੈਂਬਰ ਅਨੁਸਾਰ, "ਭਾਈ ਸੰਦੀਪ ਸਿੰਘ ਨੇ ਗਿਆਰਾਂ ਮਹੀਨੇ ਇੱਥੇ ਰਾਗਾਂ ਵਿੱਚ ਕੀਰਤਨ ਕੀਤਾ।... ਇਨ੍ਹਾਂ ਨੂੰ ਪੱਕੇ ਤੌਰ 'ਤੇ ਇੱਥੇ ਮੰਗਵਾਇਆ ਸੀ, ਪਰ ਕੁਝ ਕਾਰਨਾਂ ਕਰ ਕੇ ਨਹੀਂ ਟਿਕ ਸਕੇ, ਕਿਉਂਕਿ ਇਨ੍ਹਾਂ ਦਾ ਪਿਆਰ ਹਰਿਮੰਦਰ ਸਾਹਿਬ, ਗੁਰੂ ਕੀ ਨਗਰੀ ਨਾਲ ਬਹੁਤ ਜ਼ਿਆਦਾ ਹੈ।... ਜਿਹੜਾ ਇਨ੍ਹਾਂ ਨੇ ਬਚਨ ਕੀਤਾ ਹੈ, ਇਹ ਠੀਕ ਨਹੀਂ ਹੈਗਾ।" ਪਰ ਉਨ੍ਹਾਂ ਨਾਲ ਹੀ ਬੇਨਤੀ ਕੀਤੀ ਕਿ ਉਹ ਜਦੋਂ ਵੀ ਸ਼ਿਕਾਗੋ ਆਉਣ, ਉਨ੍ਹਾਂ ਨੂੰ ਗੁਰੂ ਘਰ ਦੀ ਸਟੇਜ ਤੋਂ ਕੀਰਤਨ ਕਰਨ ਲਈ ਜੀ ਆਇਆਂ। ਉਨ੍ਹਾਂ ਭਾਈ ਸੰਦੀਪ ਸਿੰਘ ਵੱਲੋਂ ਕਿਹਾ ਹੋਇਆ ਬਚਨ ਵਾਪਸ ਲੈਣ ਦੀ ਬੇਨਤੀ ਉਤੇ ਸੰਗਤ ਨੇ ਜੈਕਾਰਾ ਛੱਡ ਕੇ ਤਾਈਦ ਵੀ ਕੀਤੀ ਸੀ।

ਇਹ ਮਸਲਾ ਸੰਗਤ ਨਾਲ ਕਿਉਂ ਨਹੀਂ ਵਿਚਾਰਿਆ ਗਿਆ? ਦੇ ਜਵਾਬ ਵਿੱਚ ਪ੍ਰਬੰਧਕੀ ਬੋਰਡ ਦੇ ਇੱਕ ਮੈਂਬਰ ਨੇ ਸਪਸ਼ਟ ਕਿਹਾ ਕਿ 'ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੁੰਦਾ ਹੈ।' ਉਂਜ ਪ੍ਰਬੰਧਕੀ ਸਲੇਟ ਦੇ ਕੁਝ ਹਮਾਇਤੀ ਇਸ ਮਾਮਲੇ ਨੂੰ ਲੈ ਕੇ ਮਲਵੀਂ ਜ਼ੁਬਾਨ ਵਿੱਚ ਗੁਰਦੁਆਰਾ ਪ੍ਰਬੰਧ ਚਲਾ ਰਹੇ ਆਪਣੇ ਹੀ ਚੁਣੇ ਇੱਕ-ਦੋ ਨੁਮਾਇੰਦਿਆਂ ਤੋਂ ਕੁਝ ਨਾਖੁਸ਼ ਹਨ। ਇਸ ਤੋਂ ਇਲਾਵਾ ਕੁਝ ਪ੍ਰਬੰਧਕੀ ਬੋਰਡ ਮੈਂਬਰਾਂ ਦੀ ਇਸ ਮਾਮਲੇ 'ਤੇ ਕਥਿਤ ਤੌਰ 'ਤੇ ਵੱਟੀ ਚੁੱਪ ਵੀ ਕਈਆਂ ਨੂੰ ਰੜਕ ਰਹੀ ਹੈ, ਜਿਸ ਕਾਰਨ ਇਸ ਮਾਜਰੇ ਦੇ ਅਸਲ ਕਾਰਨ ਜਾਣਨ ਲਈ ਸੰਗਤ ਦਾ ਇੱਕ ਹਿੱਸਾ ਆਪਸੀ ਵਿਚਾਰ-ਵਟਾਂਦਰੇ ਨੂੰ ਤਰਜੀਹ ਦੇਣ ਲੱਗਿਆ ਹੈ।

ਗੋਂਗਲੂਆਂ ਤੋਂ ਮਿੱਟੀ ਝਾੜਨ ਵਾਂਗ ਇਹ ਮਸਲਾ ਭਾਵੇਂ ਕਹਿਣ ਨੂੰ ਤਾਂ ਨਜਿੱਠ ਲਿਆ ਗਿਆ ਹੈ, ਪਰ ਕਿਤੇ ਨਾ ਕਿਤੇ ਸੰਗਤ ਦੇ ਇੱਕ ਹਿੱਸੇ ਦੇ ਮਨ ਵਿੱਚ ਇਹ ਮਾਮਲਾ ਹਾਲੇ ਵੀ ਰਿੜਕਿਆ ਜਾ ਰਿਹਾ ਹੈ ਕਿ ਆਖਰ ਉਹ ਅਜਿਹੀਆਂ ਕਿਹੜੀਆਂ ਪ੍ਰਸਥਿਤੀਆਂ ਸਨ, ਜਿਨ੍ਹਾਂ 'ਤੇ ਸੰਗਤੀ ਰੂਪ ਵਿੱਚ ਵਿਚਾਰ ਨਾ ਕਰਨ ਕਰ ਕੇ ਸਥਿਤੀ ਦਰਪੇਸ਼ ਹੋਈ ਹੈ। ਇਸ ਮਸਲੇ ਪ੍ਰਤੀ ਕਿਹੜੀ ਧਿਰ ਕਿੰਨੀ ਜ਼ਿੰਮੇਵਾਰੀ ਨਾਲ ਨਿਭੀ ਜਾਂ ਇਸ ਮਸਲੇ ਲਈ ਕਿੰਨੀ ਕੁ ਸੰਜੀਦਗੀ ਤੋਂ ਕੰਮ ਲਿਆ ਗਿਆ? ਬਾਰੇ ਹਾਲੇ ਵੀ ਇੱਕ ਤਰ੍ਹਾਂ ਰਹੱਸ ਬਣਿਆ ਹੋਇਆ ਹੈ। ਸੰਗਤ ਦਾ ਇਸ ਬਾਰੇ ਕੀ ਪ੍ਰਤੀਕਰਮ ਹੈ ਜਾਂ ਸੰਗਤ ਸਿਰਫ ਚੁੰਝ-ਚਰਚਾਵਾਂ ਤੱਕ ਹੀ ਸੀਮਤ ਹੈ, ਵੀ ਇੱਕ ਵਿਚਾਰਨਯੋਗ ਮੁੱਦਾ ਹੈ।

ਇਹ ਸਪਸ਼ਟ ਹੈ ਕਿ ਭਾਈ ਸੰਦੀਪ ਸਿੰਘ ਨੇ ਗੁਰੂ ਘਰ ਦੀ ਸਟੇਜ ਤੋਂ ਕੀਰਤਨ ਨਾ ਕਰਨ ਬਾਰੇ ਜੋ ਬੋਲਿਆ ਹੈ, ਉਸ ਲਈ ਮਾਹੌਲ ਇੱਕ ਦਮ ਤਾਂ ਬਣ ਨਹੀਂ ਸੀ ਗਿਆ। ਉਂਜ ਇਹ ਭੇਦ ਜ਼ਰੂਰ ਉਭਰ ਆਇਆ ਹੈ ਕਿ ਇਸ ਮਾਮਲੇ ਵਿੱਚ ਕੁਝ ਲੋਕ ਪ੍ਰਬੰਧਕੀ ਧਿਰ ਦੀ ਹਮਾਇਤ 'ਤੇ ਹਨ ਅਤੇ ਕੁਝ ਸੰਗਤ ਮੈਂਬਰਾਂ ਦਾ ਇਹ ਵਿਚਾਰ ਹੈ ਕਿ ਜੇ ਭਾਈ ਸੰਦੀਪ ਸਿੰਘ ਤੇ ਪ੍ਰਬੰਧਕੀ ਬੋਰਡ ਵਿਚਾਲੇ ਕਿਸੇ ਤਰ੍ਹਾਂ ਦੀ ਕਸ਼ਮਕਸ਼ ਧੁਖ ਰਹੀ ਸੀ ਤਾਂ ਇਹ ਮਾਮਲਾ ਜਨਰਲ ਇਜਲਾਸ ਸੱਦ ਕੇ ਵਿਚਾਰਿਆ ਕਿਉਂ ਨਹੀਂ ਗਿਆ? ਇਸ ਮਾਮਲੇ ਬਾਰੇ ਜਦੋਂ ਭਾਈਚਾਰੇ ਦੇ ਕੁਝ ਕੁ ਲੋਕਾਂ ਨਾਲ ਗੱਲ ਹੋਈ ਤਾਂ ਹਰ ਇੱਕ ਦਾ ਵੱਖੋ-ਵੱਖਰਾ ਨਜ਼ਰੀਆ ਸੀ। ਕਿਸੇ ਦਾ ਇਹ ਕਹਿਣਾ ਸੀ ਕਿ ਭਾਈ ਸੰਦੀਪ ਸਿੰਘ ਨੇ ਜੋ ਕੁਝ ਗੁਰੂ ਘਰ ਦੀ ਸਟੇਜ ਤੋਂ ਕਿਹਾ, ਉਸ ਦਾ ਖਿਆਲ ਉਨ੍ਹਾਂ ਦੇ ਮਨ ਵਿੱਚ ਇੱਕੋ ਦਮ ਨਹੀਂ ਸੀ ਆ ਗਿਆ। ਕੁਝ ਨਾ ਕੁਝ ਕਾਰਨ ਤਾਂ ਜ਼ਰੂਰ ਬਣੇ ਹੋਣਗੇ, ਜਿਨ੍ਹਾਂ ਨੂੰ ਘੋਖ ਕੇ ਹੀ ਸੱਚ-ਝੂਠ ਦਾ ਨਿਤਾਰਾ ਕੀਤਾ ਜਾ ਸਕਦਾ ਹੈ।

ਇੱਕ ਸੱਜਣ ਦਾ ਤਾਂ ਇਹ ਕਹਿਣਾ ਸੀ ਕਿ ਇੱਕ ਕੀਰਤਨੀਏ ਦੇ ਤੌਰ 'ਤੇ ਭਾਈ ਸਾਹਿਬ ਨੂੰ ਸਟੇਜ ਤੋਂ ਇੰਜ ਬਿਆਨਬਾਜ਼ੀ ਨਹੀਂ ਸੀ ਕਰਨੀ ਚਾਹੀਦੀ; ਜਦਕਿ ਇੱਕ ਹੋਰ ਸੱਜਣ ਦੀ ਇਹ ਟਿੱਪਣੀ ਸੀ, 'ਜੋ ਹੋਇਆ, ਠੀਕ ਹੋਇਆ ਹੈ। ਹੁਣ ਸੰਗਤ ਨੂੰ ਵਿਚਾਰਨਾ ਚਾਹੀਦਾ ਹੈ ਕਿ ਅਜਿਹਾ ਸਭ ਹੋਇਆ ਕਿਉਂ?' ਇੱਕ ਹੋਰ ਸੱਜਣ ਦੀ ਟਿੱਪਣੀ ਸੀ ਕਿ ਅਜਿਹੀਆਂ ਪ੍ਰਸਥਿਤੀਆਂ 'ਤੇ ਵਿਚਾਰ ਕਰ ਕੇ ਸਕਾਰਾਤਮਕ ਪਹੁੰਚ ਅਪਣਾਏ ਜਾਣ ਦੀ ਲੋੜ ਹੈ। ਕਿਉਂਕਿ ਸੰਗਤ ਹੀ ਸੁਪਰੀਮ ਹੈ ਤੇ ਸਿੱਖ ਪੰਥ ਦੀ ਮਰਿਆਦਾ ਅਨੁਸਾਰ ਸੰਗਤੀ ਰੂਪ ਵਿੱਚ ਲਏ ਗਏ ਫੈਸਲਿਆਂ ਦੀ ਮਾਨਤਾ ਅਹਿਮ ਹੈ, ਇਸ ਲਈ ਮਸਲਾ ਸੰਗਤ ਦੇ ਧਿਆਨਗੋਚਰੇ ਲਿਆਉਣਾ ਬਣਦਾ ਸੀ। ਇੱਕ ਹੋਰ ਟਿੱਪਣੀ ਸੀ, 'ਜੇ ਨਿੱਕੇ-ਮੋਟੇ ਮਤਭੇਦ ਹੁੰਦੇ ਤਾਂ ਗੱਲ ਅਸਤੀਫੇ ਤੱਕ ਨਹੀਂ ਸੀ ਪਹੁੰਚਣੀ।'

ਬੇਸ਼ੱਕ ਗੁਰੂ ਘਰ ਵਿੱਚ ਨਵਾਂ ਜਥਾ ਬੁਲਾਏ ਜਾਣ ਸਬੰਧੀ ਤਿਆਰੀ ਹੈ, ਪਰ ਇੱਕ ਗੱਲ ਇਹ ਨੋਟ ਕੀਤੀ ਗਈ ਹੈ ਕਿ ਭਾਈ ਸੰਦੀਪ ਸਿੰਘ ਵਾਲੇ ਵਰਤਾਰੇ ਤੋਂ ਬਾਅਦ ਗੁਰੂ ਘਰ ਦੀਆਂ ਧਾਰਮਿਕ ਡਿਊਟੀਆਂ ਨਿਭਾਅ ਰਹੇ 'ਧਾਰਮਿਕ ਕਰਮਚਾਰੀ' ਇੱਕ ਤਰ੍ਹਾਂ ਸਕਤੇ ਵਿੱਚ ਜ਼ਰੂਰ ਹਨ। ਖੈਰ! ਰਾਗੀਆਂ/ਗ੍ਰੰਥੀਆਂ ਨਾਲ 'ਨੌਕਰੀ' ਸਬੰਧੀ ਕੀਤੇ ਜਾਂਦੇ ਇਕਰਾਰਨਾਮਿਆਂ ਵਿੱਚ ਕਿਹੜੀਆਂ ਮਦਾਂ ਜਾਂ ਸ਼ਰਤਾਂ ਲਾਗੂ ਕੀਤੀਆਂ ਜਾਂਦੀਆਂ ਹਨ, ਇਸ ਦਾ ਅਖਤਿਆਰ ਬੇਸ਼ੱਕ ਪ੍ਰਬੰਧਕੀ ਧਿਰ ਨੂੰ ਹੈ, ਪਰ ਇੰਨਾ ਜ਼ਰੂਰ ਹੈ ਕਿ 'ਧਾਰਮਿਕ ਨੌਕਰੀ' ਕਰ ਰਹੇ 'ਕਰਮਚਾਰੀਆਂ' ਨੂੰ ਵਾਧੂ ਦੀਆਂ ਸੇਵਾਵਾਂ ਨਿਭਾਉਣ ਬਾਰੇ ਅਤੇ ਉਨ੍ਹਾਂ ਨਾਲ ਹੁੰਦੇ ਕਥਿਤ ਤੌਰ 'ਤੇ ਮਾੜੇ ਵਿਹਾਰ ਪ੍ਰਤੀ ਕੁਝ ਨਾ ਕੁਝ ਰੰਜ ਜ਼ਰੂਰ ਹੈ।

ਗੁਰਦੁਆਰਾ ਪ੍ਰਬੰਧਨ ਦੇ ਵਰਤਾਰੇ ਵਿੱਚ ਸੰਵਿਧਾਨ ਅਮਲ ਕਮੇਟੀ ਦੀਆਂ ਕਿੰਨੀਆਂ ਸ਼ਕਤੀਆਂ ਹਨ ਜਾਂ ਇਹ ਕਮੇਟੀ ਕਿਸ ਤਰ੍ਹਾਂ ਆਪਣਾ ਰੋਲ ਨਿਭਾਅ ਰਹੀ ਹੈ, ਇਸ ਨੂੰ ਲੈ ਕੇ ਵੀ ਸੰਗਤੀ ਰੂਪ ਵਿੱਚ ਆਪਸੀ ਵਿਚਾਰ-ਵਟਾਂਦਰੇ ਹੋ ਰਹੇ ਹਨ। ਚਰਚਾ ਤਾਂ ਸੰਗਤ ਵਿੱਚ ਇਹ ਵੀ ਹੈ ਕਿ ਗੁਰਦੁਆਰਾ ਪ੍ਰਬੰਧਨ ਦੇ ਸਬੰਧ ਵਿੱਚ ਹੁਣ ਜ਼ਾਹਰਾ ਤੌਰ 'ਤੇ ਵਿਰੋਧੀ ਸਲੇਟ ਦੀ ਭੂਮਿਕਾ ਨਾਦਾਰਦ ਹੋਣ ਕਰ ਕੇ ਅਤੇ ਇੱਕ ਧਿਰ ਦਾ ਦਬਦਬਾ ਬਹਾਲ ਹੋਣ ਕਾਰਨ ਕਿਤੇ ਨਾ ਕਿਤੇ 'ਪ੍ਰਬੰਧਕੀ ਮਨਮਾਨੀਆਂ' ਦੇ ਸਿਲਸਲੇ ਨੂੰ ਥਾਂ ਮਿਲੀ ਹੈ।

ਦਿਲਚਸਪ ਗੱਲ ਹੈ ਕਿ ਜਿਵੇਂ ਸਰਕਾਰਾਂ ਚਲਾਉਂਦੀਆਂ ਧਿਰਾਂ ਨੂੰ ਨਾਬਰੀ ਸੁਰ ਕਦੇ ਵੀ ਤੇ ਕਿਸੇ ਵੀ ਕਰਵਟ ਸੂਤ ਨਹੀਂ ਬੈਠਦੀ, ਉਸੇ ਤਰ੍ਹਾਂ ਦੀ ਕਵਾਇਦ ਦਾ ਕਿਸੇ ਵੀ ਗੁਰਦੁਆਰਾ ਪ੍ਰਬੰਧਨ ਵਿੱਚ ਕਿਤੇ ਨਾ ਕਿਤੇ ਬਣ ਜਾਣਾ ਸੁਭਾਵਿਕ ਹੈ। ਦੂਜਾ ਪਹਿਲੂ ਇਹ ਵੀ ਹੈ ਕਿ ਪ੍ਰਬੰਧ ਸੰਭਾਲਦੀਆਂ ਧਿਰਾਂ ਨੂੰ ਕਈ ਵਾਰ ਅਜਿਹੇ ਫੈਸਲੇ ਲੈਣੇ ਪੈਂਦੇ ਹਨ, ਜੋ ਸਭ ਨੂੰ ਮੁਆਫਕ ਤਾਂ ਨਹੀਂ ਬੈਠਦੇ, ਪਰ ਗੁਰਦੁਆਰਾ ਮਾਹੌਲ ਵਿੱਚ ਲੰਮਾ ਸਮਾਂ ਕਸ਼ੀਦਗੀ ਬਣੇ ਰਹਿਣ ਤੋਂ ਬਚਣ ਲਈ ਬਦਲਵੇਂ ਰਾਹ ਦਾ ਸਬੱਬ ਜ਼ਰੂਰ ਬਣ ਜਾਂਦੇ ਹਨ।

ਖੈਰ! ਅੰਗਰੇਜ਼ੀ ਦਾ ਮੁਹਾਵਰਾ ਹੈ, "Never burn bridges-ਨੈਵਰ ਬਰਨ ਬ੍ਰਿਜਸ" (ਕਦੇ ਵੀ ਪੁਲਾਂ ਨੂੰ ਨਾ ਸੜੋ) ਯਾਨਿ ਕਿਸੇ ਰਿਸ਼ਤੇ ਨੂੰ ਮੂਲੋਂ ਹੀ ਨਸ਼ਟ/ਬਰਬਾਦ ਕਰਨ ਤੋਂ ਬਚਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਹੀ ਇੱਕ ਸਮਝੌਤੀ ਸੰਗਤ ਦੇ ਇੱਕ ਮੈਂਬਰ ਦੀ ਵੀ ਸੀ। ਕੁਝ ਹੋਰ ਸੰਗਤ ਮੈਂਬਰਾਂ ਦਾ ਵੀ ਕਹਿਣਾ ਹੈ ਕਿ ਭਾਈ ਸਾਹਿਬ ਨੂੰ ਗੁਰੂ ਘਰ ਦੀ ਸਟੇਜ ਤੋਂ ਭਵਿੱਖ ਵਿੱਚ ਕੀਰਤਨ ਨਾ ਕਰਨ ਬਾਰੇ ਨਹੀਂ ਸੀ ਕਹਿਣਾ ਚਾਹੀਦਾ; ਜਦਕਿ ਇੱਕ ਹੋਰ ਸੱਜਣ ਦੀ ਖਰੀ ਟਿੱਪਣੀ ਸੀ ਕਿ 'ਭਾਈ ਸਾਹਿਬ ਵਧੀਕੀ ਖਿਲਾਫ ਅੜ ਗਏ ਤੇ ਅਸਤੀਫਾ ਦੇ ਦਿੱਤਾ।' ਇੱਕ ਪਹਿਲੂ ਇਹ ਵੀ ਹੈ ਕਿ ਕਈ ਵਾਰ ਜ਼ਿੰਦਗੀ ਵਿੱਚ ਪ੍ਰਸਥਿਤੀਆਂ ਜਿਹੀਆਂ ਬਣ ਜਾਂਦੀਆਂ ਹਨ, ਜਿਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਬੰਦਾ ਅੱਕ ਕੇ ਹੋਰ ਰਾਹ ਚੁਣ ਲੈਂਦਾ ਹੈ। ਇਸ ਵਰਤਾਰੇ ਸਬੰਧੀ ਦੋਹਾਂ ਧਿਰਾਂ ਦੀ ਸਥਿਤੀ ਨੂੰ ਸਮਝਣ ਅਤੇ ਇੱਕ ਨਿਰਪੱਖ ਰਾਏ ਬਣਾਉਣ ਉਤੇ ਜ਼ੋਰ ਦੇਣ ਦੀ ਲੋੜ ਹੈ; ਤਾਂ ਜੋ ਭਵਿੱਖ ਵਿੱਚ ਗੁਰੂ ਘਰ ਅੰਦਰ ਮਾਹੌਲ ਸਾਜ਼ਗਾਰ ਬਣਨ ਜਾਂ ਬਣੇ ਰਹਿਣ ਬਾਰੇ ਚਾਰਾਜੋਈਆਂ ਪਹਿਲ ਦੇ ਆਧਾਰ 'ਤੇ ਹੋਣ।



## ਗੁਰਦੁਆਰਾ ਪੈਲਾਟਾਈਨ ਦੇ ਨਿਊਜ਼ਲੈਟਰ ਵਿੱਚ ਭਾਈ ਸੰਦੀਪ ਸਿੰਘ ਦੇ ਅਸਤੀਫੇ ਦਾ ਹਵਾਲਾ

"ਜਿਵੇਂ ਕਿ 3 ਨਵੰਬਰ, 2024 ਦੇ ਐਤਵਾਰ ਦੇ ਦੀਵਾਨ ਦੌਰਾਨ ਸਾਂਝਾ ਕੀਤਾ ਗਿਆ ਸੀ, ਭਾਈ ਸੰਦੀਪ ਸਿੰਘ ਨੇ ਸਾਡੇ ਨਾਲ ਆਪਣੀ ਨੌਕਰੀ ਪੂਰੀ ਕਰ ਲਈ ਹੈ ਅਤੇ ਹੁਣ ਉਹ ਗੁਰਦੁਆਰੇ ਵਿੱਚ ਅਰਦਾਸ ਨਹੀਂ ਕਰਨਗੇ। ਉਹਨਾਂ ਨੇ 25 ਮਈ 2024 ਨੂੰ, ਘਰ ਤੋਂ ਬਾਹਰ ਰਹਿਣ ਅਤੇ ਵਾਤਾਵਰਣ ਅਨੁਕੂਲ ਨਾ ਹੋਣ ਵਿੱਚ ਮਾਨਸਿਕ ਚੁਣੌਤੀਆਂ ਦਾ ਹਵਾਲਾ ਦਿੰਦੇ ਹੋਏ ਐੱਸ. ਆਰ. ਐੱਸ. ਬੋਰਡ ਆਫ ਟਰੱਸਟੀਜ਼ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ। ਇਸ ਦੇ ਜਵਾਬ ਵਿੱਚ ਬੋਰਡ ਨੇ ਉਨ੍ਹਾਂ ਦੀਆਂ ਚਿੰਤਾਵਾਂ ਅਤੇ ਤਰਕ ਨੂੰ ਸਮਝਣ ਲਈ ਹਰ ਸੰਭਵ ਕੋਸ਼ਿਸ਼ ਕੀਤੀ, ਅਤੇ ਉਹਨਾਂ ਦੀ ਰੋਜਗਾਰ ਸਮਾਂ-ਸੀਮਾ ਉਹਨਾਂ ਦੀ ਮੰਗ ਅਨੁਸਾਰ (ਕਈ ਵਾਰ 16 ਜੂਨ 2024, 31 ਅਕਤੂਬਰ 2024, ਆਖਰ 3 ਨਵੰਬਰ 2024 ਤੱਕ) ਵਧਾਈ। ਬੋਰਡ ਨੇ ਉਹਨਾਂ ਦੇ ਰੋਜਗਾਰ ਦੀ ਮਿਆਦ ਦੌਰਾਨ ਉਨ੍ਹਾਂ ਦੀਆਂ ਡਿਊਟੀਆਂ ਪ੍ਰਤੀ ਸਾਰੀਆਂ ਬੇਨਤੀਆਂ ਅਨੁਸਾਰ ਤਬਦੀਲੀਆਂ ਵੀ ਕੀਤੀਆਂ। ਇਨ੍ਹਾਂ ਯਤਨਾਂ ਦੇ ਬਾਵਜੂਦ, ਉਨ੍ਹਾਂ ਨੇ 3 ਨਵੰਬਰ, 2024 ਦੇ ਐਤਵਾਰ ਦੀਵਾਨ ਨੂੰ ਆਸਾ ਕੀ ਵਾਰ ਦੇ ਅੰਤ ਵਿੱਚ ਉਹ ਜਿਵੇਂ ਚਾਹੁੰਦੇ ਸੀ, ਉਸ ਤਰ੍ਹਾਂ ਦੇ ਬਚਨਾਂ ਨਾਲ ਹੀ ਆਪਣੇ ਕਾਰਜ ਕਾਲ ਦੀ ਸਮਾਪਤੀ ਕੀਤੀ। ਅਸੀਂ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦੇ ਹਾਂ।"


### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।



**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



### ਪੰਜਾਬੀ ਪਰਵਾਜ਼ (Punjabi Parwaz) ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਹਰਮੀਕ ਸਿੰਘ ਗਿਰਨ

ਵਿਸ਼ੇਸ਼

ਦਿਲਜੀਤ ਸਿੰਘ ਬੇਦੀ
ਫੋਨ: +91-7657968570



# ਬਾਬਾ ਨਾਨਕ ਜੀ ਦਾ ਖਾਨਦਾਨੀ ਪਿਛੋਕੜ

## (‘ਬਾਬੇ ਤਾਰੇ ਚਾਰਿ ਚਕਿ’ ਪੁਸਤਕ ਦੇ ਆਧਾਰ ਉਤੇ)

‘ਬਾਬੇ ਤਾਰੇ ਚਾਰਿ ਚਕਿ’ ਪੁਸਤਕ ਸ. ਜਗਦੀਸ਼ ਸਿੰਘ ਢਿੱਲੋਂ ਦੀ ਕਈ ਦਹਾਕਿਆਂ ਦੀ ਘਾਲਣਾ ਹੈ। ਉਹ ਗੁਰੂ ਨਾਨਕ ਜੀ ਦੇ ਜੀਵਨ, ਪਿਛੋਕੜ ਤੇ ਰਾਜਨੀਤਕ, ਧਾਰਮਿਕ, ਸਮਾਜਿਕ ਹਲਾਤਾਂ ਦਾ ਜਿੱਥੇ ਮੁਲੰਕਣ ਕਰਦਾ ਹੈ, ਉਥੇ ਉਨ੍ਹਾਂ ਦੇ ਜੀਵਨ ਸਬੰਧੀ ਨਵੇਂ ਤੱਥ ਵੀ ਪੇਸ਼ ਕਰਦਾ ਹੈ। ਬਾਬਾ ਨਾਨਕ ਦੇ ਪੜਦਾਦਾ ‘ਰਾਮ ਨਾਰਾਇਣ ਬੇਦੀ’ ਖੱਤਰੀ ਦੇ ਘਰ ਬਾਬਾ ਨਾਨਕ ਦੇ ਦਾਦਾ ‘ਸ਼ਿਵ ਨਾਰਾਇਣ’ ਜੀ ਦਾ ਜਨਮ 1418 ਈ. ਨੂੰ ਪਿੰਡ ਪਠੇਵਿੰਡ ਜ਼ਿਲ੍ਹਾ ਤਰਨਤਾਰਨ ਵਿਖੇ ਹੋਇਆ। ਬਾਬਾ ਰਾਮ ਨਾਰਾਇਣ ਦੇ ਘਰ ਬਾਬਾ ਸ਼ਿਵ ਨਾਰਾਇਣ ਤੋਂ ਬਿਨਾ ਇੱਕ ਹੋਰ ਪੁੱਤਰ ਬਾਬਾ ‘ਸੰਪਤ’ ਜੀ ਵੀ ਸੀ। ਬਾਬਾ ਸ਼ਿਵ ਨਾਰਾਇਣ ਦੇ ਜੁਆਨ ਹੋਣ ਉਤੇ ਬਾਬਾ ਸ਼ਿਵ ਨਾਰਾਇਣ ਜੀ ਦਾ ਵਿਆਹ 1431 ਈ. ਨੂੰ ਮਾਤਾ ਬਨਾਰਸੀ ਦੇਵੀ ਨਾਲ ਹੋਇਆ। ਬਾਬਾ ਸ਼ਿਵ ਨਾਰਾਇਣ ਦੇ ਘਰ ਮਾਤਾ ਬਨਾਰਸੀ ਦੇਵੀ ਦੇ ਉਦਰ ਤੋਂ ਬਾਬਾ ਨਾਨਕ ਦੇ ਪਿਤਾ ਕਲਿਆਣ ਰਾਏ ਉਰਫ ਕਾਲੂ ਜੀ ਦਾ ਜਨਮ 1440 ਈ. ਨੂੰ ਅਤੇ ਬਾਬਾ ਨਾਨਕ ਦੇ ਚਾਚਾ ਲਾਲ ਚੰਦ ਉਰਫ ਲਾਲੂ ਜੀ ਦਾ ਜਨਮ 1443 ਈ. ਨੂੰ ਹੋਇਆ।

ਬਾਬਾ ਕਾਲੂ ਜੀ ਦਾ ਵਿਆਹ 1461 ਈ. ਨੂੰ ਪਿੰਡ ਚਾਹਲ (ਜ਼ਿਲ੍ਹਾ ਲਾਹੌਰ) ਵਾਸੀ ਬਾਬਾ ਰਾਮ ਦੇਵ ਝੰਗੜ ਅਤੇ ਮਾਤਾ ਸਭਰਾਈ ਜੀ ਦੀ ਪੁੱਤਰੀ ਮਾਤਾ ਤ੍ਰਿਪਤਾ ਜੀ ਨਾਲ ਹੋਇਆ। ਬਾਬਾ ਰਾਮ ਦੇਵ ਦੇ ਇੱਕ ਪੁੱਤਰ ਕ੍ਰਿਸ਼ਨ ਚੰਦ ਜੀ ਵੀ ਸੀ। ਬਾਬਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਨੇ 1464 ਈ. ਨੂੰ ਆਪਣੀ ਪਹਿਲੀ ਸੰਤਾਨ ਬੀਬੀ ਨਾਨਕੀ ਨੂੰ ਆਪਣੇ ਪੇਕੇ ਪਿੰਡ ਚਾਹਲ ਵਿਖੇ ਜਨਮ ਦਿੱਤਾ ਅਤੇ 1469 ਈ. ਨੂੰ ਗੁਰੂ ਨਾਨਕ ਦੇਵ ਜੀ ਨੇ ਤਲਵੰਡੀ ਰਾਏ ਭੋਏ ਵਿਖੇ ਅਵਤਾਰ ਧਾਰਿਆ। ਬਾਬਾ ਨਾਨਕ ਦਾ ਜਨਮ ਦਿਨ ਪੁਰਾਣੇ ਸਮੇਂ ਤੋਂ ਹੀ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ।


ਬਾਬਾ ਨਾਨਕ ਜੀ ਦਾ ਵਿਆਹ ਬਟਾਲਾ ਨਿਵਾਸੀ ਭਾਈ ਮੂਲ ਚੰਦ ਚੋਣੇ ਖੱਤਰੀ ਦੀ ਪੁੱਤਰੀ ਮਾਤਾ ਸੁਲੱਖਣੀ ਜੀ ਨਾਲ 24 ਜੇਠ 1544 ਬਿ. (1487) ਨੂੰ ਬਟਾਲਾ ਵਿਖੇ ਹੋਇਆ। ਬਾਬਾ ਨਾਨਕ ਦੇ ਘਰ ਮਾਤਾ ਸੁਲੱਖਣੀ ਜੀ ਦੀ ਕੁੱਖ ਤੋਂ ਬਾਬਾ ਨਾਨਕ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਦਾ ਜਨਮ 1493 ਈ. ਅਤੇ ਛੋਟੇ ਪੁੱਤਰ ਬਾਬਾ ਲੱਛਮੀ ਦਾਸ ਦਾ ਜਨਮ 1496 ਈ. ਨੂੰ ਸੁਲਤਾਨਪੁਰ ਲੋਧੀ ਵਿਖੇ ਹੋਇਆ। 1489 ਈ. ਨੂੰ ਦਿੱਲੀ ਦੇ ਬਾਦਸ਼ਾਹ ਬਹਿਲੋਲ ਲੋਧੀ ਦੀ ਮੌਤ ਹੋ ਗਈ। ਉਸ ਦਾ ਪੁੱਤਰ ਨਿਜ਼ਾਮ ਖਾਂ ਆਪਣਾ ਨਾਂ ਸਿਕੰਦਰ ਲੋਧੀ ਰੱਖ ਕੇ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ। ਸੋਲ੍ਹਵੀਂ ਸਦੀ ਦੇ ਸ਼ੁਰੂ ਵਿੱਚ ਸਿਕੰਦਰ ਲੋਧੀ ਨੇ ਦੌਲਤ ਖਾਂ ਲੋਧੀ ਨੂੰ ਲਾਹੌਰ ਦਾ ਨਵਾਬ ਲਾ ਦਿੱਤਾ ਅਤੇ ਜਲੰਧਰ ਦੋਆਬ ਵੀ ਉਸ ਦੇ ਕੋਲ ਹੀ ਰਹਿਣ ਦਿੱਤਾ।

ਰਾਏ ਭੋਏ ਭੱਟੀ ਵਡੇਰੀ ਉਮਰ ਦਾ ਹੋ ਗਿਆ ਸੀ। ਉਸ ਦੀ ਜਾਗੀਰ ਦੀ ਦੇਖਭਾਲ ਉਸ ਦਾ ਪੁੱਤਰ ‘ਰਾਏ ਬੁਲਾਰ ਭੱਟੀ’ (1447-1515) ਕਰਦਾ ਸੀ। ਰਾਏ ਬੁਲਾਰ ਭੱਟੀ ਦੇ ਕੋਈ ਉਲਾਦ ਪੈਦਾ ਨਾ ਹੋਈ। ਰਾਏ ਬੁਲਾਰ ਭੱਟੀ ਬਾਬਾ ਨਾਨਕ ਨੂੰ ਨਬੀ ਪੈਗੰਬਰ ਮੰਨਦਾ ਸੀ। ਰਾਏ ਬੁਲਾਰ ਭੱਟੀ ਨੇ ਬਾਬਾ ਨਾਨਕ ਅੱਗੇ ਪੁੱਤਰ ਦੀ ਦਾਤ ਲਈ ਅਰਜੋਈ ਕੀਤੀ। ਬਾਬਾ ਨਾਨਕ ਨੇ ਅੱਲਾ ਪਾਕ ਅੱਗੇ ਇਸ ਦੀ ਫਰਿਆਦ ਕੀਤੀ। ਅਗਲੇ ਹੀ ਸਾਲ ਰਾਏ ਬੁਲਾਰ ਭੱਟੀ ਦੇ ਘਰ ਅੱਲਾ ਪਾਕ ਨੇ ਪੁੱਤਰ ਦੀ ਦਾਤ ਬਖਸ਼ੀ। ਫਿਰ ਰਾਏ ਬੁਲਾਰ ਭੱਟੀ ਵੱਲੋਂ ਪੁੱਤਰ ਪ੍ਰਾਪਤੀ ਦੀ ਖੁਸ਼ੀ ਵਿੱਚ ਆਪਣੇ ਸਕੇ ਸੰਬੰਧੀਆਂ ਨੂੰ ਇੱਕ ਵੱਡੀ ਵੈਸ਼ਨੋ ਦਾਅਵਤ ਦਿੱਤੀ ਗਈ। ਇਸ ਦਾਅਵਤ ਵਿੱਚ ਸੁਲਤਾਨਪੁਰ ਲੋਧੀ ਤੋਂ ਰਾਏ ਬੁਲਾਰ ਭੱਟੀ ਦਾ ਭਣੋਈਆ ਦੌਲਤ ਖਾਂ ਲੋਧੀ ਉਚੇਚੇ ਤੌਰ ’ਤੇ ਸ਼ਾਮਲ ਹੋਣ ਲਈ ਆਇਆ। ਰਾਏ ਬੁਲਾਰ ਭੱਟੀ ਵੱਲੋਂ ਇਸ ਖੁਸ਼ੀ ਭਰੇ ਮੌਕੇ ਉਤੇ ਬਾਬਾ ਨਾਨਕ ਦਾ ਸ਼ੁਕਰਗੁਜ਼ਾਰ ਹੁੰਦਿਆਂ ਆਪਣੀ ਜਾਗੀਰ ਦੀ 1500 ਮੁਰੱਬੇ ਜ਼ਮੀਨ ਵਿੱਚੋਂ ਅੱਧੀ ਜਾਗੀਰ 750 ਮੁਰੱਬੇ ਭਾਵ 18,750 ਏਕੜ ਜ਼ਮੀਨ ‘ਹਜ਼ਰਤ ਬਾਬਾ ਨਾਨਕ ਅਲਹਿ ਸਲਾਮ’ ਦੇ ਨਾਂ ਕਰ ਦਿੱਤੀ ਗਈ ਅਤੇ ਇੰਤਕਾਲ ਤਬਦੀਲ ਕਰ ਦਿੱਤਾ ਗਿਆ।

ਅੱਜ ਵੀ ਨਨਕਾਣਾ ਸਾਹਿਬ ਦੇ ਮਾਲ ਵਿਭਾਗ ਦੇ ਰਿਕਾਰਡ ਵਿੱਚ 750 ਮੁਰੱਬੇ ਜ਼ਮੀਨ ਦਾ ਮਾਲਕ, ਕਾਬਜ਼ ਅਤੇ ਕਾਸ਼ਤਕਾਰ ‘ਹਜਰਤ ਬਾਬਾ ਨਾਨਕ ਅਲਹਿ ਸਲਾਮ’ ਹੈ। ਇਸ 750 ਮੁਰੱਬੇ ਜ਼ਮੀਨ ਵਿੱਚ 24 ਪਿੰਡ ਵਸਦੇ ਹਨ, ਪਰ ਜ਼ਮੀਨ ਬਾਬਾ ਨਾਨਕ ਦੇ ਨਾਂ ਬੋਲਦੀ ਹੈ। ਜਿਵੇਂ ਕੋਟ ਦਰਬਾਰ ਸਾਹਿਬ, ਰੱਤੂ ਆਣਾ, ਧੂਰ ਕੋਟ, ਕੋਟ ਸਾਧੂ ਰਾਮ, ਕੋਟ ਦਿਆਲ ਦਾਸ, ਲਲਾਰ ਗੰਗਾ ਰਾਮ, ਕੋਟ ਲਾਭ ਦਾਸ, ਝੁਗੀਆਂ ਨੌਲਾਂ, ਵਾੜਾ ਗਾਬਿਆਂ, ਵਾੜਾ ਅੰਨ੍ਹਿਆਂ, ਭਾਗੋ ਵਾਲੀ, ਰਾਮ ਪੁਰ, ਧੁਪ ਸੜੀ, ਨਾਲੀ ਵਾਲਾ, ਦਰੀਆ, ਟੇਲ ਮਾਨ ਜੀ, ਕੋਟ ਲਹਿਣਾ ਦਾਸ, ਕੋਟ ਸੰਤ ਰਾਮ, ਕੋਟ ਨਰੈਣ ਸਿੰਘ, ਸ਼ਹੀਦੀ ਕੋਟ, ਵਾੜਾ ਨਰੈਣ ਸਿੰਘ, ਖਿਪ ਵਾਲਾ, ਵਾੜਾ ਭੰਬਿਆਂ, ਵਾੜਾ ਤਰਖਾਣਾ ਆਦਿ।

ਬਾਬਾ ਨਾਨਕ ਦੀ ਜਗੀਰ 750 ਮੁਰੱਬੇ ਜ਼ਮੀਨ ਵਿੱਚੋਂ ਇਨ੍ਹਾਂ ਪਿੰਡਾਂ ਦੀ 15,928 ਏਕੜ ਜ਼ਮੀਨ ਵਾਹੀਯੋਗ ਹੈ। ਲੇਖਕ ‘ਬਾਬੇ ਤਾਰੇ ਚੱਕ’ ਵਿੱਚ ਬਾਬਾ ਜੀ ਦੀਆਂ ਯਾਤਰਾਵਾਂ ਦਾ ਵੇਰਵਾ ਵੀ ਦਿੰਦਾ ਹੈ। ਗੁਰੂ ਨਾਨਕ ਬਾਬਾ ਨੇ 78 ਦੇਸ਼ਾਂ ਦੀ ਯਾਤਰਾ ਕੀਤੀ। ਬਾਬਾ ਨਾਨਕ ਦੀਆਂ ਉਦਾਸੀਆਂ ਅਨੁਸਾਰ ਅੱਜ ਦੇ ਦੇਸ਼, ਬਾਬਾ ਨਾਨਕ ਦੇ ਸਮੇਂ ਭਾਰਤ ਦੀ ਰਾਜਨੈਤਿਕ ਦਸ਼ਾ, ਆਰਥਿਕ ਦਸ਼ਾ, ਸਮਾਜਿਕ ਦਸ਼ਾ, ਧਾਰਮਿਕ ਦਸ਼ਾ, ਬਾਬਾ ਨਾਨਕ ਦਾ ਖਾਨਦਾਨੀ ਪਿਛੋਕੜ, ਨਨਕਾਣਾ ਸਾਹਿਬ ਦਾ ਪਿਛੋਕੜ ਅਤੇ ਪੰਜਾਬ ਦੀਆਂ ਬਾਰਾਂ ਦਾ ਜ਼ਿਕਰ ਹੈ। ਬਾਬਾ ਨਾਨਕ ਦੀਆਂ ਚਾਰ ਉਦਾਸੀਆਂ ਤੋਂ ਇਲਾਵਾ ਹੋਰ ਯਾਤਰਾਵਾਂ ਦਾ ਵਰਨਣ ਬਾਖੂਬੀ ਦਿੱਤਾ ਗਿਆ ਹੈ।

ਬਾਬਾ ਨਾਨਕ ਦੀਆਂ ਯਾਤਰਾਵਾਂ ਪਾਠਕ ਮਨ ਨੂੰ ਅਗਾਂਹ ਵੱਲ ਰੁਚਿਤ ਕਰਦੀਆਂ ਹਨ, ਉਹ ਕਿਤਾਬ ਹੰਗਾਲਣ ਲਈ ਉਤਾਵਲਾ ਹੋ ਜਾਂਦਾ ਹੈ, ਜਿਵੇਂ ਪਹਿਲੀ ਉਦਾਸੀ-ਪਾਕਿਸਤਾਨ, ਭਾਰਤ, ਬੰਗਲਾ ਦੇਸ਼, ਬਰਮਾ, ਚੀਨ, ਲਾਉਸ, ਵਿਅਤਨਾਮ, ਕੰਬੋਡੀਆ, ਥਾਈਲੈਂਡ, ਮਲੇਸ਼ੀਆ, ਸਿੰਗਾਪੁਰ, ਇੰਡੋਨੇਸ਼ੀਆ, ਟੀਮੋਰਦੀਪ। ਦੂਜੀ ਉਦਾਸੀ-ਸ੍ਰੀ ਲੰਕਾ। ਤੀਜੀ ਉਦਾਸੀ-ਨੇਪਾਲ, ਭੂਟਾਨ, ਫਿਲੀਪਾਇਨ, ਤਾਇਵਾਨ, ਜਪਾਨ, ਮੰਗੋਲੀਆ (ਚੀਨ ਹੋ ਕੇ ਵਾਪਸ)। ਚੌਥੀ ਉਦਾਸੀ-ਉਮਾਨ, ਯਮਨ, ਅਰਬ, ਇਰਾਕ, ਜੋਰਡਨ, ਇਜ਼ਰਾਇਲ, ਮਿਸਰ, ਸੁਡਾਨ, ਇਥੋਪੀਆ, ਸੋਮਾਲੀਆ, ਕੇਨੀਆ, ਤਨਜ਼ਾਨੀਆ, ਬਰੂੰਡੀ, ਰਵਾਂਡਾ ਕਾਂਗੋ (ਜਇਰੇ), ਯੂਗਾਂਡਾ, ਸਾਊਥ ਸੁਡਾਨ, ਫਲਿਸਤੀਨ, ਲੈਬਨਾਨ,



■ ਬਾਬਾ ਨਾਨਕ ਜੀ ਵੱਲੋਂ ਉਦਾਸੀਆਂ ਕੀਤੇ ਜਾਣ ਦੇ ਸੰਦਰਭ ਵਿੱਚ ਇੱਕ ਚਿੱਤਰਕਾਰ ਵੱਲੋਂ ਬਣਾਇਆ ਗਿਆ ਚਿੱਤਰ

ਸੀਰੀਆ, ਤੁਰਕੀ, ਯੂਨਾਨ, ਅਲਬਾਨੀਆ, ਇਟਲੀ, ਵੈਟੀਕਨ, ਸਵਿਟਜ਼ਰਲੈਂਡ, ਜਰਮਨੀ, ਡੈਨਮਾਰਕ, ਸਵੀਡਨ, ਨਾਰਵੇ (ਵਾਪਸੀ) ਸਕਾਟਲੈਂਡ, ਇੰਗਲੈਂਡ, ਹਾਲੈਂਡ, ਬੈਲਜੀਅਮ, ਫਰਾਂਸ, ਸਪੇਨ, ਟ੍ਰਿਨੀਡਾਡ ਐਂਡ ਟੋਬੈਗੋ, ਕਿਊਬਾ ਦੀਪ, ਬਹਾਂਮਾਜ਼ ਦੀਪ, ਅਮਰੀਕਾ (ਵਾਪਸੀ), ਪੁਰਤਗਾਲ, ਜਿਬਰਾਲਟਰ, ਮਕਦੂਨੀਆਂ, ਖੋਸੋਵੋ, ਸਰਬੀਆ, ਹੰਗਰੀ, ਰੋਮਾਨੀਆ, ਬੁਲਗਾਰੀਆ, ਜਾਰਜੀਆ, ਰੂਸ, ਅਜ਼ਰਬਾਇਜਾਨ, ਅਰਮੀਨੀਆ, ਈਰਾਨ, ਤੁਰਕਮੇਨਿਸਤਾਨ, ਉਜਬੇਕਿਸਤਾਨ, ਕਿਰਗੀਜਸਤਾਨ, ਕਜਾਕਿਸਤਾਨ ਅਤੇ ਅਫਗਾਨਿਸਤਾਨ (ਵਾਪਸੀ)।

ਇਸ ਵੱਡਅਕਾਰੀ ਗ੍ਰੰਥ ਵਿੱਚ ਜ਼ਿਕਰ ਕੀਤਾ ਹੈ ਕਿ ਬ੍ਰਹਿਮੰਡ ਬਾਰੇ ਬਾਬਾ ਨਾਨਕ ਵੱਲੋਂ ਦਿੱਤੇ ਵਿਚਾਰ ਅਤੇ ਸਿਧਾਂਤ ਪੱਥਰ ਉਤੇ ਲਕੀਰ ਦੀ ਤਰ੍ਹਾਂ ਹਮੇਸ਼ਾ ਸੱਚ ਸਾਬਤ ਹੋਏ ਹਨ। ਬਾਬਾ ਨਾਨਕ ਦੁਨੀਆਂ ਵਿੱਚ ਅਜਿਹੇ ਇੱਕੋ ਇੱਕ ਨਬੀ ਪੈਗੰਬਰ ਹੋਏ ਹਨ, ਜਿਨ੍ਹਾਂ ਨੇ ਦੁਨੀਆਂ ਵਿੱਚ ਗੁਲਾਮੀ ਦੀ ਪ੍ਰਥਾ ਵਿਰੁਧ ਆਵਾਜ਼ ਬੁਲੰਦ ਕਰਕੇ ਹੋਕਾ ਦਿੱਤਾ। ਗੁਲਾਮੀ ਦੀ ਪ੍ਰਥਾ ਨੂੰ ਖ਼ਤਮ ਕੀਤਾ। ਬਾਬਾ ਨਾਨਕ ਵੱਲੋਂ ਪ੍ਰਗਟ ਕੀਤੇ ਚਸ਼ਮੇ ਅੱਜ ਵੀ ਵਗਦੇ ਹਨ। ਲਾਈਆਂ ਬਾਉਲੀਆਂ ਅੱਜ ਵੀ ਪਾਣੀ ਦੀਆਂ ਭਰੀਆਂ ਹਨ। ਲਾਏ ਰੁਖ ਅੱਜ ਵੀ ਹਰੇ ਖੜੇ।

ਮੈਂ ਬਾਬਾ ਨਾਨਕ ਨੂੰ ਬਾਬਾ ਨਾਨਕ ਲਿਖ ਕੇ ਆਪਣੇ ਆਪਨੂੰ ਬਾਬਾ ਨਾਨਕ ਦਾ ਅੰਸ਼ ਹੋਣ ਦੀ ਕੋਸ਼ਿਸ਼ ਕੀਤੀ ਹੈ। ਮੁਸਲਿਮ ਜਗਤ ਦੇ ਖਲੀਫਾ ਸੁਲਤਾਨ ਸਲੀਮ ਪਹਿਲੇ ਦੇ ਦਿਲ ਉਤੇ ਬਾਬਾ ਨਾਨਕ ਦੇ ਵਿਯੋਗ ਦਾ ਅਜਿਹਾ ਅਸਰ ਹੋਇਆ ਕਿ ਖਲੀਫਾ ਬਾਬਾ ਨਾਨਕ ਦਾ ਵਿਯੋਗ ਨਾ ਸਹਾਰਦਾ ਹੋਇਆ 1520 ਈ. ਨੂੰ ਇਸ ਜਹਾਨ ਤੋਂ ਵਫਾਤ ਪਾ ਗਿਆ। ਕਦੇ ਕੋਈ ਨਬੀ ਪੈਗੰਬਰ ਵੈਟੀਕਨ ਸਥਿਤ ਪੋਪ ਨਾਲ ਵਿਚਾਰ ਗੋਸਟੀ ਕਰਨ ਲਈ ਆਪ ਚਲ ਕੇ ਨਹੀਂ ਗਿਆ, ਪਰ ਬਾਬਾ ਨਾਨਕ ਨੇ ਆਪ ਵੈਟੀਕਨ ਜਾ ਕੇ ਪੋਪ ਨੂੰ ਗੁਲਾਮੀ ਦੀ ਪ੍ਰਥਾ ਸਬੰਧੀ ਖਰੀਆਂ-ਖਰੀਆਂ ਗੱਲਾਂ ਕਹੀਆਂ। ਬਾਬੇ ਨਾਨਕ ਦੀਆਂ ਖਰੀਆਂ-ਖਰੀਆਂ ਗੱਲਾਂ ਦਾ ਪੋਪ ਦੇ ਦਿਲ ਉਤੇ ਅਜਿਹਾ ਅਸਰ ਹੋਇਆ ਕਿ ਪੋਪ ਦੀ ਰੂਹ ਕੰਬ ਉਠੀ ਅਤੇ ਪੋਪ ਛੇਤੀ ਹੀ ਦਿਲ ਦੀ ਨਮੋਸ਼ੀ ਵਿੱਚ 1521 ਈ. ਨੂੰ ਇਸ ਜਹਾਨ ਨੂੰ ਛੱਡ ਗਿਆ। ਗੁਰੂ ਜੀ ਨੇ ਮਨੁੱਖ ਅੰਦਰੋਂ ਕੂੜ ਦੀ ਕੰਧ ਢਾਹ ਕੇ ਸੱਚ ਦਾ ਸੰਚਾਰ ਕਰਨ ਲਈ ਵਡਮੁੱਲੇ ਸਿਧਾਂਤ ਪੇਸ਼ ਕੀਤੇ। ਸਤਿਗੁਰ ਜੀ ਦੀਆਂ ਸਿੱਖਿਆਵਾਂ ‘ਤੇ ਚੱਲ ਕੇ ਸੁਖਦ ਤੇ ਅਨੰਦਮਈ ਜੀਵਨ ਜਿਉਣ ਦੀ ਸੇਧ ਮਿਲਦੀ ਹੈ। ਉਨ੍ਹਾਂ ਕਿਹਾ ‘ਜਗਤੁ ਗੁਰੂ ਬਾਬਾ’ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਮਨੁੱਖਤਾ ਨੂੰ ਆਪਣੇ ਅੰਦਰੋਂ ਝੂਠ, ਬੇਈਮਾਨੀ, ਕੂੜ-ਕੁਸੱਤ ਜਿਹੀਆਂ ਬੁਰਾਈਆਂ ਦਾ ਤਿਆਗ ਕਰਕੇ ਸੱਚ-ਆਚਾਰ ਦੇ ਧਾਰਨੀ ਬਣਨਾ ਚਾਹੀਦਾ ਹੈ।

ਡਾ. ਗੁਰਪ੍ਰੀਤ ਸਿੰਘ ਢਿੱਲੋਂ
ਕੈਲਗਰੀ, ਕੈਨੇਡਾ

# ਗੁਰੂ ਕੇ ਲੰਗਰ ਦੀ ਮਰਿਆਦਾ

ਲੰਗਰ ਦੀ ਸ਼ੁਰੂਆਤ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਤਾਂ ਕੇ ਲੋੜਵੰਦ ਸ਼ਰਧਾਲੂਆਂ ਨੂੰ ਬਿਨਾ ਕਿਸੇ ਭੇਦਭਾਵ ਦੇ ਪ੍ਰਸ਼ਾਦਾ ਛਕਾਇਆ ਜਾਵੇ। ਇਸ ਦਾ ਮੁੱਖ ਮੰਤਵ ਧਰਮ ਦੇ ਸਿਧਾਂਤ ਨੂੰ ਕਾਇਮ ਰੱਖਦੇ ਹੋਏ ਅਤੇ ਲੋਕਾਂ ਵਿੱਚ ਏਕਤਾ ਨੂੰ ਉਤਸ਼ਾਹਿਤ ਕਰਨਾ ਸੀ; ਇਹ ਸੁਨਿਸ਼ਚਿਤ ਕਰਨਾ ਸੀ ਕਿ ਕੋਈ ਗਰੀਬ ਭੁੱਖਾ ਨਾ ਰਹੇ ਤੇ ਕੁਪੋਸ਼ਣ ਦਾ ਸ਼ਿਕਾਰ ਨਾ ਬਣੇ। ਲੰਗਰ ਦਾ ਇਹ ਵਿਲੱਖਣ ਸੰਕਲਪ ਉੱਤਰੀ ਭਾਰਤੀ ਰਾਜ ਪੰਜਾਬ ਵਿੱਚ ਲਗਭਗ 1500 ਈ. ਦੌਰਾਨ ਸਿੱਖ ਧਰਮ ਵਿੱਚ ਪੇਸ਼ ਕੀਤਾ ਗਿਆ ਸੀ, ਜੋ ਕਿ ਧਰਮ, ਜਾਤ, ਰੰਗ, ਨਸਲ, ਉਮਰ, ਲਿੰਗ ਜਾਂ ਸਮਾਜਿਕ ਰੁਤਬੇ ਦੀ ਪਰਵਾਹ ਕੀਤੇ ਬਿਨਾ ਸਾਰੇ ਲੋਕਾਂ ਵਿੱਚ ਬਰਾਬਰੀ ਬਰਕਰਾਰ ਰੱਖਣ ਲਈ ਤਿਆਰ ਕੀਤਾ ਗਿਆ ਸੀ। ਬਾਬੇ ਨਾਨਕ ਦੁਆਰਾ ਸ਼ੁਰੂ ਕੀਤਾ ਗਿਆ ਲੰਗਰ ਅੱਜ ਵੀ ਬਿਨਾ ਕਿਸੇ ਰੋਕ-ਟੋਕ ਦੇ ਨਿਰੰਤਰ ਚੱਲ ਰਿਹਾ ਹੈ ਤੇ ਸਿੱਖ ਧਰਮ ਦੀ ਸ਼ਾਨ ਤੇ ਵਿਲੱਖਣਤਾ ਪੇਸ਼ ਕਰਦਾ ਹੈ।

ਪਹਿਲੇ ਸਿੱਖ ਗੁਰੂ ਦੁਆਰਾ ਸ਼ੁਰੂ ਕੀਤੀ ਗਈ ‘ਲੰਗਰ’ ਦੀ ਪਰੰਪਰਾ ਨੂੰ ਅੱਗੇ ਜਾ ਕੇ ਤੀਸਰੇ ਗੁਰੂ, ਗੁਰੂ ਅਮਰਦਾਸ ਜੀ ਦੁਆਰਾ ਗੋਇੰਦਵਾਲ ਵਿਖੇ ਇਸ ਸਾਂਝੇਦਾਰੀ ਅਤੇ ਬਰਾਬਰੀ ਦੇ ਸੰਕਲਪ ਨੂੰ ਸੰਸਥਾਗਤ ਰੂਪ ਦਿੱਤਾ ਗਿਆ। ਇੱਕ ਵਾਰ ਗੁਰੂ ਅਮਰਦਾਸ ਜੀ ਨੂੰ ਮਿਲਣ ਆਇਆ ਮੁਗਲ ਬਾਦਸ਼ਾਹ ਅਕਬਰ ਵੀ ਲੰਗਰ ਦੀ ਰਵਾਇਤ ਤੋਂ ਬੜਾ ਪ੍ਰਭਾਵਿਤ ਹੋਇਆ ਤੇ ਬਾਕੀ ਸੰਗਤ ਨਾਲ ਪੰਗਤ ਵਿੱਚ ਭੁੰਞੇ ਬੈਠ ਕੇ ਲੰਗਰ ਛਕਿਆ। ਇਹ ਇੱਕ ਅਜਿਹੀ ਪ੍ਰਕਿਰਿਆ ਹੈ, ਜਿੱਥੇ ਸਿੱਖ ਆਪਣੀ ਸ਼ਰਧਾ ਨਾਲ ਲੋੜਵੰਦ ਲੋਕਾਂ ਲਈ ਭੋਜਨ ਮੁਹੱਈਆ ਕਰਨ ਲਈ ਆਪਣੀ ਇਮਾਨਦਾਰ ਕਮਾਈ ਨੂੰ ਸਾਂਝਾ ਕਰਦੇ ਹਨ। ਆਪਣੀ ਨੇਕ ਕਮਾਈ ਵਿੱਚੋਂ ਦਸਵੰਦ ਕੱਢਣ ਦੀ ਪਰੰਪਰਾ ਦੀ ਸ਼ੁਰੂਆਤ ਹੋਈ। ਇਹ ਇੱਕ ਕ੍ਰਾਂਤੀਕਾਰੀ ਸੰਕਲਪ ਹੈ। 16ਵੀਂ ਸਦੀ ਦੇ ਭਾਰਤ ਦਾ ਜਾਤੀ-ਕ੍ਰਮਬੱਧ ਸਮਾਜ ਜਿੱਥੇ ਸਿੱਖ ਧਰਮ ਦੀ ਸ਼ੁਰੂਆਤ ਹੋਈ, ਸਮਾਨਤਾ ਦੇ ਆਦਰਸ਼ਾਂ ਤੋਂ ਇਲਾਵਾ ਲੰਗਰ ਦੀ ਪਰੰਪਰਾ ਸਮੁੱਚੀ ਮਨੁੱਖਤਾ ਦੀ ਸਾਂਝੀਵਾਲਤਾ, ਭਾਈਚਾਰੇ, ਸਮਾਵੇਸ਼ ਅਤੇ ਏਕਤਾ ਦੀ ਨੈਤਿਕਤਾ ਨੂੰ ਦਰਸਾਉਂਦੀ ਹੈ। ਇਹ ਕਈ ਸਦੀਆਂ ਤੋਂ ਨਿਰੰਤਰ ਵਰਤਦਾ ਵਰਤਾਰਾ ਸਿੱਖ ਧਰਮ ਨੂੰ ਦੂਜੇ ਧਰਮਾਂ ਨਾਲ ਅਲਹਿਦਾ ਕਰਦਾ ਹੈ। ਲੰਗਰ ਗੁਰਦੁਆਰਿਆਂ ਦਾ ਇੱਕ ਮਹੱਤਵਪੂਰਨ ਅਤੇ ਅਨਿੱਖੜਵਾਂ ਅੰਗ ਹੈ। ਸਿੱਖ ਜਿੱਥੇ ਵੀ ਹਨ, ਉਨ੍ਹਾਂ ਨੇ ਸਾਰਿਆਂ ਲਈ ਲੰਗਰ ਸਥਾਪਿਤ ਕੀਤੇ ਹਨ। ਆਪਣੀ ਅਰਦਾਸ ਵਿੱਚ ਸਿੱਖ ਵਾਹਿਗੁਰੂ ਤੋਂ ਬੱਸ ਇਹ ਮੰਗਦੇ ਹਨ ਕਿ “ਲੋਹ ਲੰਗਰ ਤਪਦੇ ਰਹਿਣ।”

ਹਰਿਮੰਦਰ ਸਾਹਿਬ ਦਾ ਲੰਗਰ ਸਿੱਖ ਧਰਮ ਵੱਲੋਂ ਜਾਤ-ਪਾਤ ਦੀ ਧਾਰਨਾ ਨੂੰ ਰੱਦ ਕਰਨ ਦੀ ਜਿਉਂਦੀ ਜਾਗਦੀ ਮਿਸਾਲ ਹੈ। ਇੱਥੇ ਆਮ ਤੌਰ ‘ਤੇ ਪ੍ਰਤੀ ਦਿਨ ਲਗਭਗ 50,000 ਲੋਕ ਤੇ ਧਾਰਮਿਕ ਦਿਹਾੜਿਆਂ ਅਤੇ ਹਫਤੇ ਦੇ ਅੰਤ ਵਿੱਚ, ਲੰਗਰ ਵਿੱਚੋਂ ਇੱਕ ਦਿਨ ਵਿੱਚ 100,000 ਤੋਂ ਵੱਧ ਲੋਕ ਭੋਜਨ ਛਕਦੇ ਹਨ। ਇਹ ਸ਼ਾਨਦਾਰ ਵਰਤਾਰਾ ਸੰਗਤ ਵੱਲੋਂ ਕੀਤੇ ਜਾਂਦੇ ਦਾਨ ਅਤੇ ਵਾਲੰਟੀਅਰਾਂ ਦੁਆਰਾ ਸੰਭਵ ਹੁੰਦਾ ਹੈ। ਲੰਗਰ ਕਦੇ ਨਹੀਂ ਰੁਕਦਾ ਅਤੇ ਰੋਜ਼ਾਨਾ ਔਸਤਨ 7000 ਕਿੱਲੋ ਕਣਕ ਦਾ ਆਟਾ, 1300 ਕਿੱਲੋ ਚੌਲ, 2000 ਕਿੱਲੋ ਦਾਲ, 500 ਕਿਲੋ ਘਿਓ ਦੀ ਵਰਤੋਂ ਹਰ ਰੋਜ਼ ਭੋਜਨ ਤਿਆਰ ਕਰਨ ਵਿੱਚ ਕੀਤੀ ਜਾਂਦੀ ਹੈ। ਰਸੋਈ ਨੂੰ 450 ਸਟਾਫ ਦੁਆਰਾ ਚਲਾਇਆ ਜਾਂਦਾ ਹੈ, ਸੈਂਕੜੇ ਹੋਰ ਵਾਲੰਟੀਅਰਾਂ ਦੁਆਰਾ ਮਦਦ ਕੀਤੀ ਜਾਂਦੀ ਹੈ। ਰਸੋਈ ਵਿੱਚ ਆਟੋਮੈਟਿਕ ਰੋਟੀ ਮਸ਼ੀਨ ਦੀ ਵਰਤੋਂ ਹੁੰਦੀ ਹੈ, ਜੋ 25,000 ਰੋਟੀਆਂ ਇੱਕ ਘੰਟੇ ਵਿੱਚ ਤਿਆਰ ਕਰ ਸਕਦੀ ਹੈ। ਲੰਗਰ ਸੱਤੇ ਦਿਨ ਨਿਰੰਤਰ ਚਲਦਾ ਹੈ।

ਸਾਡੇ ਗੁਰੂਆਂ ਦੁਆਰਾ ਸ਼ੁਰੂ ਕੀਤੀ ਗਈ ਲੰਗਰ ਦੀ ਪ੍ਰਥਾ ਅੱਜ ਕਿੱਧਰ ਨੂੰ ਚੱਲ ਪਈ ਹੈ! ਅੱਜ ਸਾਦੇ ਤੇ ਸਿਹਤ ਲਈ ਫਾਇਦੇਮੰਦ ਲੰਗਰ ਵੱਲੋਂ ਮੂੰਹ ਮੋੜ ਕੇ ਅਸੀਂ ਜੰਕ



ਭੋਜਨ (ਪੀਜ਼ੇ ਤੇ ਹੋਰ ਤਰਲ ਪਦਾਰਥ) ਵੱਲ ਹੋ ਤੁਰੇ ਹਾਂ, ਜੋ ਕਿ ਲੰਗਰ ਦੀ ਮਰਿਆਦਾ ਦੇ ਬਿਲਕੁਲ ਉਲਟ ਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਾ ਹੈ। ਮੇਲਿਆਂ ਤੇ ਹੋਰ ਧਾਰਮਿਕ ਸਮਾਗਮਾਂ ਵਿੱਚ ਲੱਗਦੇ ਸਟਾਲਾਂ ‘ਤੇ ਤੁਹਾਨੂੰ ਕਈ ਕਿਸਮ ਦੇ ਪ੍ਰੋਸੈਸਡ ਭੋਜਨ ਜੋ ਕਿ ਸਾਡੀ ਸਿਹਤ ਲਈ ਹਾਨੀਕਾਰਕ ਹਨ, ਵਰਤਾਏ ਜਾਂਦੇ ਹਨ। ਸਟਾਲ ਲਾਉਣ ਵਾਲੇ ਕਾਰੋਬਾਰੀ ਨੇ ਸਿਰਫ ਆਪਣੇ ਕਾਰੋਬਾਰ ਦੀ ਮਸ਼ਹੂਰੀ ਕਰਨੀ ਹੈ। ਪੰਜਾਬ ਤੇ ਦੇਸ਼-ਵਿਦੇਸ਼ ਵਿੱਚ ਇਹ ਆਮ ਵਰਤਾਰਾ ਬਣ ਗਿਆ ਹੈ। ਤਰ੍ਹਾਂ ਤਰ੍ਹਾਂ ਦੇ ਭੋਜਨ ਤੇ ਤਰਲ ਪਦਾਰਥ ਸੰਗਤ ਨੂੰ ਵਰਤਾਏ ਜਾਂਦੇ ਹਨ। ਭੋਜਨ ਦੀ ਬੇਕਦਰੀ ਤੇ ਬਰਬਾਦੀ ਅਲੱਗ ਹੁੰਦੀ ਹੈ। ਇਨ੍ਹਾਂ ਸਮਾਗਮਾਂ ’ਚ ਸਟਾਲ ਜਾਂ ਤਾਂ ਗੁਰਦੁਆਰੇ ਦੀ ਪ੍ਰਬੰਧਕ ਕਮੇਟੀਆਂ ਖੁਦ ਲਾਉਣ ਜਾਂ ਦੇਖ-ਰੇਖ ਕਰਨ। ਜੇ ਕੋਈ ਕਾਰੋਬਾਰੀ ਲੰਗਰ ਵਿਚ ਆਪਣੀ ਨੇਕ ਕਮਾਈ ਵਿੱਚੋਂ ਹਿੱਸਾ ਪਾਉਣਾ ਚਾਹੇ ਤਾਂ ਕਮੇਟੀਆਂ ਨੂੰ ਦਸਵੰਦ ਜਾਂ ਆਪਣੀ ਲੋੜ ਮੁਤਾਬਕ ਲੰਗਰ ਵਿੱਚ ਦਾਨ ਕਰ ਸਕਦਾ ਹੈ, ਲੰਗਰ ਵਿੱਚ ਸੇਵਾ ਕਰ ਸਕਦਾ ਹੈ। ਲੋਕਾਂ ਦੀ ਸੇਵਾ ਕਰਨ ਦੇ ਹੋਰ ਵੀ ਕਈ ਜਾਇਜ਼ ਰਸਤੇ ਹਨ।


ਲੰਗਰ ਨੂੰ ਨਿੱਜੀ ਮੁਫਾਦ ਲਈ ਵਰਤਣਾ ਗ਼ਲਤ ਹੈ। ਗੁਰਦਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਇਨ੍ਹਾਂ ਸਟਾਲਾਂ ਨੂੰ ਮਨਜ਼ੂਰੀ ਸੋਚ ਸਮਝ ਕੇ ਦੇਣੀ ਚਾਹੀਦੀ ਹੈ, ਸਿਰਫ ਫੀਸ ਲੈ ਕੇ ਹਰ ਇੱਕ ਨੂੰ ਮਨਜ਼ੂਰੀ ਨਹੀਂ ਦੇ ਦੇਣੀ ਚਾਹੀਦੀ। ਗੁਰੂ ਦੇ ਲੰਗਰ ਦੀ ਸੇਵਾ ਮਰਿਆਦਾ ਵਿਚ ਰਹਿ ਕੇ ਕਰਨੀ ਚਾਹੀਦੀ ਹੈ, ਨਾ ਕਿ ਸਿਰਫ ਆਰਥਿਕ ਪੱਖ ਵੇਖ ਕੇ। ਕੋਈ ਢਿੱਡੋਂ ਭੁੱਖਾ ਬੰਦਾ ਬੜੀ ਸ਼ਰਧਾ ਤੇ ਉਮੀਦ ਨਾਲ ਗੁਰੂ ਘਰ ਆ ਕੇ ਲੰਗਰ ਛੱਕ ਕੇ ਆਪਣੀ ਭੁੱਖ ਤ੍ਰਿਪਤ ਕਰਦਾ ਹੈ। ਜੇ ਪ੍ਰੋਸੈਸਡ ਭੋਜਨ ਖਾ ਕੇ ਕਿਸੇ ਦੀ ਸਿਹਤ ਦਾ ਨੁਕਸਾਨ ਹੋਵੇ, ਫਿਰ ਇਹੋ ਜਿਹੇ ਲੰਗਰ ਦਾ ਕੀ ਫਾਇਦਾ? ਵਿਦੇਸ਼ਾਂ ਦੇ ਕਈ ਗੁਰੂਘਰਾਂ ਵਿੱਚ ਲੰਗਰ ਦੀ ਸਹੀ ਮਰਿਆਦਾ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਤੇ ਲੰਗਰ ਰੈਸਟੋਰੈਂਟ ਵਾਂਗ ਪੇਸ਼ ਕੀਤਾ ਜਾਂਦਾ ਹੈ! ਸ਼੍ਰੋਮਣੀ ਗੁਰਦੁਆਰਾ ਪ੍ਰਬੰਦਕ ਕਮੇਟੀ ਨੂੰ ਵੀ ਇਸ ਪਾਸੇ ਖਾਸ ਤਵੱਜੋਂ ਦੇਣ ਦੀ ਲੋੜ ਹੈ ਤਾਂ ਜੋ ਲੋਕਾਂ ਨੂੰ ਸਹੀ ਸੇਧ ਦਿੱਤੀ ਜਾਵੇ ਤੇ ਗੁਰੂ ਦੇ ਲੰਗਰ ਦੀ ਅਸਲ ਮਰਿਆਦਾ ਬਹਾਲ ਕੀਤੀ ਜਾ ਸਕੇ। ਲੋਕਲ ਗੁਰਦੁਆਰਾ ਕਮੇਟੀਆਂ ਨੂੰ ਵੀ ਕਦਮ ਚੁੱਕਣੇ ਚਾਹੀਦੇ ਹਨ ਤੇ ਸਖਤੀ ਨਾਲ ਲਾਗੂ ਕਰਨੇ ਚਾਹੀਦੇ ਹਨ।

ਵੰਡ '47 ਦੀ

ਕਿਸ਼ਤ ਸੱਤਵੀਂ

ਮਸਲੇ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



## ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?

# ਸਿੱਖਾਂ ਨੇ ਕੋਈ ਵੀ ਸਿਆਸੀ ਦਬਾਅ ਵਾਲਾ ਤਰੀਕਾ ਇਸਤੇਮਾਲ ਨਾ ਕੀਤਾ

***1947 ਦੇ ਮੁਲਕੀ ਵੰਡ-ਵੰਡਾਰੇ ਦੇ ਦੁਖਾਂਤ ਲਈ ਅਸਲ ਕਾਰਨ ਕੀ ਬਣੇ ਜਾਂ ਕਿਸ ਤਰ੍ਹਾਂ ਪ੍ਰਸਥਿਤੀਆਂ ਪੈਦਾ ਹੁੰਦੀਆਂ ਗਈਆਂ; ਜਾਂ ਇਸ ਸਭ ਲਈ ਅਸਲ ਦੋਸ਼ੀ ਕੌਣ ਸਨ? ਬਾਰੇ ਲਿਖਿਆ ਹਥਲਾ ਲੇਖ ਬਹੁਤ ਧਿਆਨ ਮੰਗਦਾ ਹੈ। 'ਮੁਲਕ ਦੀ ਵੰਡ ਦੇ ਬੀਜ' ਦੇ ਇਰਦ-ਗਿਰਦ ਜੁੜਦੀਆਂ ਗਈਆਂ ਜਾਂ ਪੈਦਾ ਕੀਤੀਆਂ ਗਈਆਂ ਘਟਨਾਵਾਂ ਦੇ ਪਰਿਪੇਖ ਵਿੱਚ ਵੱਖਰੇ ਕੋਣ ਤੋਂ ਨਜ਼ਰੀਆ ਜਾਹਰ ਕੀਤਾ ਗਿਆ ਹੈ। ਲੇਖਕ ਦੇ ਵਿਚਾਰਾਂ ਨਾਲ 'ਪੰਜਾਬੀ ਪਰਵਾਜ਼' ਦਾ ਸਹਿਮਤ ਹੋਣਾ ਜਾਂ ਨਾ ਹੋਣਾ ਜ਼ਰੂਰੀ ਨਹੀਂ, ਪਰ ਇਸ ਮਾਮਲੇ ਬਾਰੇ ਅਸੀਂ ਇਹ ਲੇਖ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰ ਰਹੇ ਹਾਂ, ਜਿਸ ਵਿੱਚ '1947 ਦੀ ਵੰਡ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?' ਉਤੇ ਵੀ ਚਰਚਾ ਕੀਤੀ ਗਈ ਹੈ। ਪੇਸ਼ ਹੈ, '47 ਦੀ ਵੰਡ ਬਾਬਤ ਲੰਮੇ ਲੇਖ ਦੀ ਸੱਤਵੀਂ ਕਿਸ਼ਤ, ਜਿਸ ਵਿੱਚ ਸਿੱਖਾਂ ਵੱਲੋਂ ਆਪਣੇ ਵੱਖਰੇ ਮੁਲਕ ਦੀ ਪ੍ਰਾਪਤੀ ਲਈ ਕੋਈ ਦਾਅਪੇਚ ਨਾ ਵਰਤਣ, ਅੰਗਰੇਜ਼ਾਂ ਵੱਲੋਂ ਸਿੱਖਾਂ ਨੂੰ ਵੱਖਰੇ ਰਾਜ ਦੀ ਪੇਸ਼ਕਸ਼ ਨਾ ਕਰਨ ਅਤੇ ਸਿੱਖ ਕੌਮ ਦੀ ਕਿਤੇ ਬੱਝਵੀਂ ਆਬਾਦੀ ਨਾ ਹੋਣ ਦੀਆਂ ਅਟਲਕਲਾਂ ਆਦਿ ਸਮੇਤ ਹੋਰ ਵੇਰਵਾ ਸ਼ਾਮਲ ਹੈ...***

ਅਖੀਰ ਗੱਲ ਤੁਰਦੀ ਤੁਰਦੀ ਵੰਡ 'ਤੇ ਆਣ ਪਹੁੰਚੀ। 3 ਜੂਨ 1947 ਨੂੰ ਸਾਰੀਆਂ ਧਿਰਾਂ ਦੀ ਸਹਿਮਤੀ ਨਾਲ ਲਾਰਡ ਮਾਊਂਟਬੈਟਨ ਨੇ ਵੰਡ ਦਾ ਜਿਹੜਾ ਫਾਰਮੂਲਾ ਨਸ਼ਰ ਕੀਤਾ, ਉਸ ਮੁਤਾਬਕ ਮੁਸਲਮਾਨ ਬਹੁਗਿਣਤੀ ਵਾਲੇ ਸੂਬੇ ਸਿੰਧ ਤੇ ਸਰਹੱਦੀ ਸੂਬਾ, ਪਾਕਿਸਤਾਨ ਵੱਲ ਜਾਣੇ ਸਨ। ਮੁਸਲਿਮ ਬਹੁਗਿਣਤੀ ਵਾਲੇ ਹੀ ਪੰਜਾਬ ਅਤੇ ਬੰਗਾਲ ਦੀ ਵੰਡ ਹੋਣੀ ਸੀ, ਬਸ਼ਰਤੇ ਇਨ੍ਹਾਂ ਸੂਬਿਆਂ ਦੀਆਂ ਵਿਧਾਨ ਸਭਾਵਾਂ ਵੰਡ ਦਾ ਮਤਾ ਪਾਸ ਕਰਦੀਆਂ। ਜਿਵੇਂ ਪੰਜਾਬ ਵਿਧਾਨ ਸਭਾ ਦਾ ਇਜਲਾਸ ਦੋ ਹਿੱਸਿਆਂ ਵਿੱਚ ਹੋਇਆ, ਮੁਸਲਮਾਨ ਬਹੁਗਿਣਤੀ ਵਾਲੇ ਇਲਾਕੇ ਪੱਛਮੀ ਪੰਜਾਬ ਦੇ ਐੱਮ.ਐੱਲ.ਏ. ਇੱਕ ਹਿੱਸੇ ਵਿੱਚ ਬੈਠੇ ਤੇ ਗੈਰ-ਮੁਸਲਿਮ ਬਹੁਗਿਣਤੀ ਵਾਲੇ ਦੱਖਣ-ਪੂਰਬੀ ਪੰਜਾਬ ਦੇ ਐੱਮ.ਐੱਲ.ਏ. ਦੂਜੇ ਹਿੱਸੇ ਵਿੱਚ ਬੈਠੇ। ਦੋਨਾਂ ਤੋਂ ਇਹ ਪੁੱਛਿਆ ਗਿਆ ਕਿ ਕੀ ਤੁਸੀਂ ਵੰਡ ਚਾਹੁੰਦੇ ਹੋ? ਜੇ ਚਾਹੁੰਦੇ ਹੋ ਤਾਂ ਤੁਸੀਂ ਹਿੰਦੁਸਤਾਨ ਜਾਂ ਪਾਕਿਸਤਾਨ 'ਚੋਂ ਕਿਧਰ ਰਲਣਾ ਪਸੰਦ ਕਰੋਂਗੇ? ਪੱਛਮ ਵਾਲਿਆਂ ਨੇ ਵੰਡ ਦੇ ਖਿਲਾਫ ਮਤਾ ਪਾਸ ਕੀਤਾ। ਪੂਰਬ ਵਾਲਿਆਂ ਨੇ ਵੰਡ ਦੇ ਹੱਕ ਵਿੱਚ ਮਤਾ ਪਾਸ ਕੀਤਾ। ਫਾਰਮੂਲਾ ਇਹ ਵੀ ਸੀ ਕਿ ਜੇ ਕੋਈ ਵੀ ਇੱਕ ਹਿੱਸਾ ਵੰਡ ਦੇ ਹੱਕ ਵਿੱਚ ਮਤਾ ਪਾਸ ਕਰੇਗਾ ਤਾਂ ਸੂਬੇ ਦੀ ਵੰਡ ਕਰ ਦਿੱਤੀ ਜਾਵੇਗੀ। ਪੂਰਬ ਵਾਲੇ ਮਤੇ ਦੇ ਮੁਤਾਬਕ ਵੰਡ ਪਾਸ ਹੋ ਗਈ ਤੇ ਪੂਰਬ ਵਾਲਿਆਂ ਨੇ ਹਿੰਦੁਸਤਾਨ ਵਿੱਚ ਜਾਣ ਦਾ ਮਤਾ ਪਾਸ ਕੀਤਾ। ਪੱਛਮ ਵਾਲਿਆਂ ਨੇ ਪਾਕਿਸਤਾਨ 'ਚ ਜਾਣ ਦਾ ਮਤਾ ਪਾਸ ਕੀਤਾ। ਫਾਰਮੂਲੇ ਮੁਤਾਬਕ ਮੁਸਲਿਮ ਬਹੁਗਿਣਤੀ ਵਾਲੇ ਜ਼ਿਲ੍ਹੇ ਪੱਛਮੀ ਭਾਵ ਪਾਕਿਸਤਾਨ ਵੱਲ ਜਾਣੇ ਤੈਅ ਹੋਏ ਤੇ ਪੂਰਬ ਵਾਲੇ ਗ਼ੈਰ-ਮੁਸਲਿਮ ਆਬਾਦੀ ਵਾਲੇ ਜ਼ਿਲ੍ਹੇ ਹਿੰਦੁਸਤਾਨ ਵਿੱਚ ਜਾਣੇ ਤੈਅ ਹੋਏ। ਕੁਝ ਜ਼ਿਲ੍ਹੇ ਅੱਧ ਵਿਚਕਾਰ ਭਾਵ ਝਗੜੇ ਵਾਲੇ ਮਿੱਥੇ ਗਏ। ਝਗੜੇ ਵਾਲੇ ਜ਼ਿਲ੍ਹੇ ਇਹ ਸਨ: ਫਿਰੋਜ਼ਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਗੁਰਦਾਸਪੁਰ, ਲਾਹੌਰ, ਸ਼ੇਖੂਪੁਰਾ, ਮਿੰਟਗੁੰਮਰੀ, ਲਾਇਲਪੁਰ, ਗੁਜਰਾਂਵਾਲਾ, ਅੰਮ੍ਰਿਤਸਰ, ਸਿਆਲਕੋਟ, ਮੁਲਤਾਨ ਤੇ ਹਿਸਾਰ। ਇਨ੍ਹਾਂ ਜ਼ਿਲ੍ਹਿਆਂ ਦੀ ਵੰਡ ਦਾ ਕੰਮ ਇੱਕ ਕਮਿਸ਼ਨ ਨੂੰ ਦੇਣ ਦਾ ਫੈਸਲਾ ਹੋਇਆ।

ਵਿਧਾਨ ਸਭਾ ਦੇ ਪੂਰਬੀ ਹਿੱਸੇ ਵਿੱਚ ਸਿੱਖ ਅਤੇ ਮੁਸਲਮਾਨ ਬਹੁ-ਗਿਣਤੀ ਵਿੱਚ ਸਨ। ਜੇ ਸਿੱਖ ਮੁਸਲਮਾਨਾਂ ਨਾਲ ਸਮਝੌਤੇ 'ਤੇ ਆ ਜਾਂਦੇ ਤਾਂ ਪੰਜਾਬ ਦੀ ਵੰਡ ਨਹੀਂ ਸੀ ਹੋਣੀ ਤੇ ਸਾਰੇ ਦਾ ਸਾਰਾ ਪੰਜਾਬ ਪਾਕਿਸਤਾਨ ਵਿੱਚ ਸ਼ਾਮਿਲ ਹੋਣਾ ਸੀ। ਉਸ ਵੇਲੇ ਪੰਜਾਬ ਦਾ ਨਕਸ਼ਾ ਇਹ ਸੀ- ਪਾਕਿਸਤਾਨ ਵਾਲਾ ਸਾਰਾ ਪੰਜਾਬ, ਭਾਰਤ ਦੇ ਹਿੱਸੇ ਵਾਲਾ 1966 ਵੇਲੇ ਦਾ ਪੰਜਾਬ ਜੀਹਦੇ ਵਿੱਚ ਹਰਿਆਣਾ ਤੇ ਹਿਮਾਚਲ ਵੀ ਸ਼ਾਮਿਲ ਸੀ, ਜੇ ਇਹ ਗੱਲ ਹੋ ਜਾਂਦੀ ਤਾਂ ਭਾਰਤ ਦੀ ਰਾਜਧਾਨੀ ਦਿੱਲੀ ਤਿੰਨ ਪਾਸਿਆਂ ਤੋਂ ਪਾਕਿਸਤਾਨ ਨਾਲ ਘਿਰ ਜਾਣੀ ਸੀ। ਤੇ ਹਿੰਦੁਸਤਾਨ ਕੋਲ ਕਸ਼ਮੀਰ ਤਕ ਪਹੁੰਚਣ ਦਾ ਵੀ ਕੋਈ ਰਾਹ ਨਹੀਂ ਰਹਿਣਾ ਸੀ ਤੇ ਕਸ਼ਮੀਰ ਵੀ ਆਰਾਮ ਨਾਲ ਪਾਕਿਸਤਾਨ ਦਾ ਹਿੱਸਾ ਬਣ ਸਕਦਾ ਸੀ।

ਸਿਆਸੀ ਮਸਲਿਆਂ ਵਿੱਚ ਸਿਆਸੀ ਦਬਾਅ ਅਤੇ ਸੌਦੇਬਾਜ਼ੀ ਆਪਣੇ ਹਿੱਤਾਂ ਲਈ ਵਰਤੇ ਜਾਂਦੇ ਹਨ। ਜੇ ਸਿੱਖ ਆਗੂ ਉਦੋਂ ਇਸੇ ਦਾਅਪੇਚ ਤੋਂ ਕੰਮ ਲੈਂਦੇ ਤਾਂ ਉਨ੍ਹਾਂ ਨੂੰ ਇਹ ਕਹਿਣਾ ਚਾਹੀਦਾ ਸੀ ਕਿ ਜੇ ਹਿੰਦੁਸਤਾਨ ਸਾਨੂੰ ਕੁਝ ਨਹੀਂ ਦਿੰਦਾ ਤਾਂ ਅਸੀਂ ਪਾਕਿਸਤਾਨ ਨਾਲ ਚਲੇ ਜਾਵਾਂਗੇ। ਜਿਵੇਂ ਉਤੇ ਤਸਵੀਰ ਦੱਸੀ ਗਈ ਹੈ ਕਿ ਪੰਜਾਬ, ਹਰਿਆਣਾ, ਹਿਮਾਚਲ ਤੇ ਕਸ਼ਮੀਰ ਹੱਥੋਂ ਜਾਂਦਾ ਦੇਖ ਅਤੇ ਆਪ ਦਾ ਸਦਰ ਮੁਕਾਮ ਦਿੱਲੀ ਪਾਕਿਸਤਾਨ ਨਾਲ ਤਿੰਨ ਪਾਸਿਆਂ ਤੋਂ ਘਿਰਦਾ ਦੇਖ ਖੌਫਜ਼ਦਾ ਜ਼ਰੂਰ ਹੋਣੇ ਸਨ। ਇਸੇ ਦਬਾਅ ਤਹਿਤ ਉਨ੍ਹਾਂ ਤੋਂ ਵੱਡੀ ਤੋਂ ਵੱਡੀ ਗੱਲ ਵੀ ਮਨਵਾਈ ਜਾ ਸਕਦੀ ਸੀ। ਹਿੰਦੁਸਤਾਨੀ ਆਗੂ ਘੱਟੋ-ਘੱਟ ਐਨਾ ਕਹਿਣ ਲਈ ਮਜਬੂਰ ਹੋ ਜਾਂਦੇ ਕਿ ਅਸੀਂ ਦਿੱਲੀ ਨੂੰ ਤਿੰਨ ਪਾਸਿਓਂ ਮੁਸਲਮਾਨ ਰਾਜ ਨਾਲ ਘਿਰਨ ਦੀ ਬਜਾਏ ਸਿੱਖਾਂ ਦੇ ਰਾਜ ਨਾਲ ਘਿਰਿਆ ਪਸੰਦ ਕਰਾਂਗੇ, ਪਰ ਜਦੋਂ ਕੋਈ ਸਿਆਸੀ ਧਿਰ ਪਹਿਲਾਂ ਹੀ ਇਹ ਐਲਾਨ ਕਰ ਦੇਵੇ ਕਿ ਅਸੀਂ ਦੂਜੀ ਧਿਰ ਨਾਲ ਤਾਂ ਉੱਕਾ ਹੀ ਸਮਝੌਤਾ ਨਹੀਂ ਕਰਨਾ ਤਾਂ ਉਹਦੇ ਕੋਲ ਪਹਿਲੀ ਧਿਰ ਨਾਲ ਸਮਝੌਤਾ ਕਰਨ ਦੀ ਪਹਿਲੀ ਅਤੇ ਆਖਰੀ ਮਜਬੂਰੀ ਹੁੰਦੀ ਹੈ। ਇਹ ਸਮਝੌਤਾ ਨਹੀਂ, ਬਲਕਿ ਆਤਮ ਸਮਰਪਣ ਹੁੰਦਾ ਹੈ। ਜਦੋਂ ਦੂਜੀ ਧਿਰ ਨੂੰ ਇਹ ਸਪੱਸ਼ਟ ਹੋਵੇ ਕਿ ਕਿਸੇ ਫਲਾਣੀ ਧਿਰ ਦਾ ਮੇਰੇ ਨਾਲ ਸਮਝੌਤਾ ਕਰਨ ਤੋਂ ਬਿਨਾ ਕੋਈ ਚਾਰਾ ਹੀ ਨਹੀਂ ਤਾਂ ਦੂਜੀ ਧਿਰ ਉਹਦੀ ਕੋਈ ਸ਼ਰਤ ਕਿਉਂ ਮੰਨੇਗੀ? ਭਾਵ ਜਦੋਂ ਸਿੱਖ ਪਹਿਲਾਂ ਹੀ ਗੱਜਵੱਜ ਕੇ ਐਲਾਨ ਕਰੀ ਬੈਠੇ ਸਨ ਕਿ ਅਸੀਂ ਮੁਸਲਮਾਨਾਂ ਨਾਲ ਨਹੀਂ ਜਾਣਾ ਅਤੇ ਹਿੰਦੁਸਤਾਨ 'ਚ ਹੀ ਰਹਿਣਾ ਹੈ ਤਾਂ ਫਿਰ ਹਿੰਦੁਸਤਾਨੀ ਆਗੂਆਂ ਨੂੰ ਕਿਹੜੀ ਲੋੜ ਸੀ, ਜੋ ਉਹ ਸਿੱਖਾਂ ਦੀ ਕੋਈ ਸ਼ਰਤ ਮੰਨਦੇ। ਹਾਲਾਂਕਿ ਮੁਸਲਿਮ ਲੀਗ ਸਿੱਖਾਂ ਵੱਲੋਂ ਪਾਕਿਸਤਾਨ ਨਾਲ ਰਲਣ ਦੀ ਸੂਰਤ ਵਿੱਚ ਉਨ੍ਹਾਂ ਦੀ ਫੌਜ ਵਿੱਚ 40 ਫੀਸਦੀ ਹਿੱਸੇਦਾਰੀ ਅਤੇ ਪੰਜਾਬ ਦਾ ਗਵਰਨਰ ਜਾਂ ਮੁੱਖ ਮੰਤਰੀ ਦਾ ਅਹੁਦਾ ਸਦਾ ਵਾਸਤੇ ਸਿੱਖਾਂ ਲਈ ਰਿਜ਼ਰਵ ਕਰਨ ਲਈ ਤਿਆਰ ਸੀ।

ਪੰਜਾਬ ਵਿੱਚ ਸਾਰੇ ਅਹੁਦਿਆਂ 'ਤੇ 33 ਫੀਸਦੀ ਅਤੇ ਕੇਂਦਰੀ ਪੱਧਰ 'ਤੇ 20 ਫੀਸਦੀ ਸਿੱਖਾਂ ਲਈ ਸੀਟਾਂ ਰਿਜ਼ਰਵ ਹੋਣਗੀਆਂ। ਉਨ੍ਹਾਂ ਦਾ ਇਹ ਵੀ ਦਾਅਵਾ ਸੀ- ਪਾਕਿਸਤਾਨ ਵਿੱਚ ਕੋਈ ਕਾਨੂੰਨ ਜਾਂ ਵਿਧਾਨ, ਜਿਸ ਨੂੰ ਸਿੱਖ ਬਹੁ-ਸੰਮਤੀ ਨਾਲ ਕਹਿਣ ਕਿ ਸਿੱਖਾਂ ਦੇ ਬਰਖਿਲਾਫ ਵਿਤਕਰੇ ਭਰਿਆ ਹੈ, ਪਾਸ ਹੋ ਕੇ ਲਾਗੂ ਨਹੀਂ ਹੋ ਸਕੇਗਾ; ਜਿੰਨਾ ਚਿਰ ਪਾਕਿਸਤਾਨ ਦੀ ਸੁਪਰੀਮ ਕੋਰਟ ਇਹ ਨਾ ਕਹਿ ਦੇਵੇ ਕਿ ਉਸ ਕਾਨੂੰਨ ਦਾ ਸਿੱਖਾਂ ਉਤੇ ਕੋਈ ਅਸਰ ਸਿੱਧਾ ਨਹੀਂ ਪੈਂਦਾ। ਇਹ ਤਜਵੀਜ਼ਾਂ ਮੁਹੰਮਦ ਅਲੀ ਜਿਨਾਹ ਨੇ ਮਈ 1947 ਵਿੱਚ ਮਾਸਟਰ ਤਾਰਾ ਸਿੰਘ ਤੇ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਨੂੰ ਪੇਸ਼ ਕੀਤੀਆਂ। ਜਿਨਾਹ ਨੇ ਇਹ ਵੀ ਦੱਸਿਆ ਕਿ ਇਹਦੇ ਨਾਲ ਸਾਨੂੰ ਇਹ ਫਾਇਦਾ ਹੈ ਕਿ ਸਾਰਾ ਪੰਜਾਬ ਅਤੇ ਸਾਰਾ ਬੰਗਾਲ ਪਾਕਿਸਤਾਨ ਦੇ ਹਿੱਸੇ ਆਉਂਦਾ ਹੈ, ਇਹਦੇ ਬਦਲੇ ਵਿੱਚ ਸਾਡੇ ਵੱਲੋਂ ਪਾਕਿਸਤਾਨ ਵਿੱਚ ਸਿੱਖਾਂ ਨੂੰ ਖੁਦਮੁਖਤਿਆਰੀ ਦੇਣਾ ਕੋਈ ਮਹਿੰਗਾ ਸੌਦਾ ਨਹੀਂ। ਪਰ ਮਾਸਟਰ ਤਾਰਾ ਸਿੰਘ ਨੇ ਇਸ ਤਜਵੀਜ਼ ਦਾ ਕੋਈ ਜਵਾਬ ਨਾ ਦਿੱਤਾ। ਜਲੰਧਰ ਤੋਂ ਨਿਕਲਦੇ ਰੋਜ਼ਾਨਾ ਅਖਬਾਰ 'ਜਥੇਦਾਰ' 11 ਅਕਤੂਬਰ 1962 ਦੇ ਅੰਕ ਵਿੱਚ ਆਪਣੇ ਲਿਖੇ ਐਡੀਟੋਰੀਅਲ ਵਿੱਚ ਮਾਸਟਰ ਤਾਰਾ ਸਿੰਘ ਨੇ ਤਸਲੀਮ ਕੀਤਾ ਕਿ 1947 ਵਿੱਚ ਅੰਗਰੇਜ਼ ਤੇ ਮੁਸਲਿਮ ਲੀਗ ਦੀ ਇਹ ਕੋਸ਼ਿਸ਼ ਸੀ ਕਿ ਸਿੱਖਾਂ ਅਤੇ ਮੁਸਲਿਮ ਲੀਗ ਵਿਚਾਲੇ ਕੋਈ ਸਮਝੌਤਾ ਹੋ ਜਾਵੇ ਤਾਂ ਉਸ ਵਿੱਚ ਸਭ ਤੋਂ ਵੱਡੀ ਰੁਕਾਵਟ ਮੈਂ ਹੀ ਸਾਂ।

ਵੰਡ ਤੋਂ ਬਾਅਦ ਮਾਸਟਰ ਤਾਰਾ ਸਿੰਘ ਨੇ ਇਹ ਬਹਾਨਾ ਲਾਇਆ ਕਿ ਇਨ੍ਹਾਂ ਵਾਅਦਿਆਂ ਨੂੰ ਮੁਸਲਿਮ ਲੀਗ ਲਿਖਤੀ ਤੌਰ 'ਤੇ ਦੇਣ ਲਈ ਤਿਆਰ ਨਹੀਂ ਸੀ। ਮਾਸਟਰ ਜੀ ਦੇ ਇਸ ਬਹਾਨੇ ਵਿੱਚ ਕੋਈ ਦਮ ਨਹੀਂ ਲਗਦਾ, ਕਿਉਂਕਿ ਸਿੱਖਾਂ ਨਾਲ ਜੋ ਵਾਅਦੇ ਹਿੰਦੁਸਤਾਨੀ ਆਗੂਆਂ ਨੇ ਕੀਤੇ, ਉਹ ਕਿਹੜਾ ਲਿਖਤੀ ਤੌਰ 'ਤੇ ਦਿੱਤੇ ਸੀ। ਹਿੰਦੁਸਤਾਨੀ ਆਗੂਆਂ ਨੇ ਕਿਸੇ ਵੀ ਮਤੇ ਰਾਹੀਂ ਜਾਂ ਬਾਕਾਇਦਾ ਤੌਰ 'ਤੇ ਕੋਈ ਵੀ ਵਾਅਦਾ ਨਹੀਂ ਕੀਤਾ। ਬਸ ਇੱਕ ਵਾਰੀ ਮਹਾਤਮਾ ਗਾਂਧੀ ਨੇ ਗੁਰਦੁਆਰਾ ਸੀਸ ਗੰਜ ਦਿੱਲੀ ਵਿੱਚ ਆ ਕੇ ਇਹ ਬਿਆਨ ਦਿੱਤਾ ਕਿ ਮੈਨੂੰ ਹਿੰਦੁਸਤਾਨ ਦੇ ਪੱਛਮੀ ਹਿੱਸੇ ਵਿੱਚ ਕੋਈ ਅਜਿਹਾ ਹਿੱਸਾ ਬਣਨ 'ਤੇ ਇਤਰਾਜ਼ ਨਹੀਂ ਹੋਵੇਗਾ, ਜਿੱਥੇ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣ।

ਹੁਣ ਪਾਠਕ ਖੁਦ ਇਸ ਗੱਲ ਦਾ ਅੰਦਾਜ਼ਾ ਲਾ ਸਕਦੇ ਹਨ ਕਿ ਇਹ ਕੋਈ ਵਾਅਦਾ ਨਹੀਂ ਸੀ ਬਲਕਿ ਅਜਿਹੀ ਗੋਲ ਗੱਲ ਸੀ, ਜੀਹਦਾ ਕੋਈ ਮੂੰਹ ਸਿਰਾ ਨਹੀਂ ਸੀ। ਗਾਂਧੀ ਨੇ ਤਾਂ ਇਹ ਵੀ ਨਹੀਂ ਕਿਹਾ ਕਿ ਅਸੀਂ ਸਿੱਖਾਂ ਨੂੰ ਆਜ਼ਾਦੀ ਦਾ ਨਿੱਘ ਦਿਆਂਗੇ ਬਲਕਿ ਇਹ ਕਿਹਾ ਕਿ ਮੈਨੂੰ ਅਜਿਹਾ ਨਿੱਘ ਮਿਲਣ ਵਿੱਚ ਕੋਈ ਇਤਰਾਜ਼ ਨਹੀਂ ਹੋਵੇਗਾ। ਦੂਜੇ ਪਾਸੇ ਜਦੋਂ ਮਹਾਤਮਾ ਗਾਂਧੀ ਨੇ ਮਿਸਟਰ ਜਿਨਾਹ ਨੂੰ ਪਾਕਿਸਤਾਨ ਬਣਨ ਤੋਂ ਰੋਕਣ ਖਾਤਰ ਆਪਣੀ ਚਤੁਰਾਈ ਵਰਤਣੀ ਚਾਹੀ ਤਾਂ ਜਿਨਾਹ ਨੇ ਗਾਂਧੀ ਦੀ ਚਤੁਰਾਈ ਵਾਲੇ ਲਫਜ਼ ਰਾਹ 'ਚ ਹੀ ਬੁੱਚ ਲਏ। ਗਾਂਧੀ ਨੇ ਜਿਨਾਹ ਨੂੰ ਆਖਿਆ ਕਿ ਤੂੰ ਇੱਕ ਚੁਆਨੀ ਜਿੱਡਾ ਪਾਕਿਸਤਾਨ ਲੈ ਰਿਹਾ, ਤੂੰ ਹਿੰਦੁਸਤਾਨ ਰਹਿ ਅਸੀਂ ਤੈਨੂੰ ਇਹਦੇ 'ਚ ਅਠਿਆਨੀ ਜਿੰਨਾ ਹਿੱਸੇਦਾਰ ਬਣਾਵਾਂਗੇ। ਜਿਨਾਹ ਬਿਨਾ ਸੋਚੇ ਬੋਲਿਆ, "ਓ ਗਾਂਧੀ ਤੂੰ ਮੇਰੀ ਜਦੋਂ ਚੁਆਨੀ ਨ੍ਹੀਂ ਜਰਦਾ ਤਾਂ ਤੂੰ ਮੈਨੂੰ ਅਠਿਆਨੀ ਕਿੱਥੋਂ ਦੇ ਦੇਵੇਂਗਾ! ਜੇ ਦੇਵੇਂਗਾ ਤਾਂ ਅਠਿਆਨੀ ਜ਼ਰੂਰ ਖੋਟੀ ਹੋਊਗੀ।" ਇੱਥੋਂ ਸਿੱਖ ਅਤੇ ਮੁਸਲਮਾਨ ਆਗੂਆਂ ਦੀ ਸਿਆਸੀ ਸੋਝੀ ਦਾ ਫਰਕ ਪਤਾ ਲੱਗ ਜਾਂਦਾ ਹੈ ਤੇ ਨਾਲ ਦੀ ਨਾਲ ਹਿੰਦੂ ਆਗੂਆਂ ਦੀ ਚਤੁਰਾਈ ਵੀ ਜ਼ਾਹਰ ਹੁੰਦੀ ਹੈ।




■ 8 ਅਗਸਤ 1947 ਨੂੰ ਡਾਊਨਿੰਗ ਸਟਰੀਟ, ਲੰਡਨ ਤੋਂ ਰਵਾਨਾ ਹੋਏ ਸਿੱਖਾਂ ਦਾ ਇੱਕ ਵਫ਼ਦ, ਜਿਸ ਨੇ ਇੱਕ ਪਟੀਸ਼ਨ ਪੇਸ਼ ਕੀਤੀ ਸੀ ਜਿਸ ਵਿੱਚ ਬ੍ਰਿਟਿਸ਼ ਭਾਰਤ ਦੀ ਵੰਡ ਵੇਲੇ ਪੂਰੇ ਪੰਜਾਬ ਖੇਤਰ ਨੂੰ ਭਾਰਤ ਰਾਜ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਗਈ ਸੀ।

## ਕੀ ਅੰਗਰੇਜ਼ਾਂ ਨੇ ਸਿੱਖਾਂ ਨੂੰ ਵੱਖਰੇ ਰਾਜ ਦੀ ਪੇਸ਼ਕਸ਼ ਕੀਤੀ ਸੀ?

ਅੰਗਰੇਜ਼ਾਂ ਨੇ ਸਿੱਧਮ-ਸਿੱਧੀ ਕੋਈ ਪੇਸ਼ਕਸ਼ ਸਿੱਖਾਂ ਨੂੰ ਅਜਿਹੀ ਨਹੀਂ ਕੀਤੀ। ਉਹਦਾ ਕਾਰਨ ਇਹ ਸੀ ਕਿ ਅੰਗਰੇਜ਼ ਕਿਸੇ ਕੌਮ ਨੂੰ ਅਜਿਹੀ ਸਿੱਧੀ ਪੇਸ਼ਕਸ਼ ਕਰਕੇ ਇਹ ਇਲਜ਼ਾਮ ਆਪਣੇ ਸਿਰ ਨਹੀਂ ਸੀ ਲੈਣਾ ਚਾਹੁੰਦੇ ਕਿ ਅੰਗਰੇਜ਼ ਭਾਰਤ ਦੇ ਤਿੰਨ ਟੋਟੇ ਕਰਨਾ ਚਾਹੁੰਦੇ ਨੇ ਜਾਂ ਉਹ ਸਿੱਖਾਂ ਨੂੰ ਹਿੰਦੂਆਂ ਨਾਲੋਂ ਤੋੜਨਾ ਚਾਹੁੰਦੇ ਨੇ। ਉਨ੍ਹਾਂ ਨੇ ਮੁਸਲਮਾਨਾਂ ਨੂੰ ਵੀ ਕਦੇ ਇਹ ਨਹੀਂ ਕਿਹਾ ਕਿ ਤੁਸੀਂ ਆਪਦੇ ਖਾਤਰ ਵੱਖਰਾ ਮੁਲਕ ਮੰਗੋ। ਅੰਗਰੇਜ਼ਾਂ ਨੇ ਜਦੋਂ ਮੁਸਲਮਾਨਾਂ ਲਈ ਵੱਖਰੇ ਚੋਣ ਖੇਤਰਾਂ ਦੀ ਮੰਗ ਮੰਨੀ ਤਾਂ ਉਨ੍ਹਾਂ 'ਤੇ ਹਿੰਦੂਆਂ ਨੇ ਇਹ ਇਲਜ਼ਾਮ ਲਾਇਆ ਕਿ ਉਹ ਮੁਸਲਮਾਨਾਂ ਨੂੰ ਵੱਖ ਹੋਣ ਦੀ ਹੱਲਾਸ਼ੇਰੀ ਦਿੰਦੇ ਨੇ। ਅੰਗਰੇਜ਼ਾਂ ਨੇ ਸਿੱਖਾਂ ਵੱਲੋਂ ਬਿਨਾ ਮੰਗਣ 'ਤੇ ਵੀ ਉਨ੍ਹਾਂ ਨੂੰ ਜੋ ਕੁਝ ਦਿੱਤਾ, ਉਹਦੇ ਬਦਲੇ ਧੰਨਵਾਦ ਦੀ ਬਜਾਏ ਸਿੱਖਾਂ ਨੇ ਉਲਟੀ ਉਨ੍ਹਾਂ ਦੀ ਲਾਹ-ਪਾਹ ਹੀ ਨਹੀਂ ਕੀਤੀ, ਸਗੋਂ ਦਿੱਤਾ ਹੋਇਆ ਵਾਪਸ ਲੈਣ ਲਈ ਮਰਨ-ਮਾਰਨ ਤਕ ਉਤਾਰੂ ਵੀ ਹੋਏ। ਜਿਵੇਂ ਪਾਠਕ ਪਿੱਛੇ ਪੜ੍ਹ ਆਏ ਹਨ ਕਿ ਕੋਤਵਾਲੀ ਗੁਰਦੁਆਰਾ ਸੀਸ ਗੰਜ ਨੂੰ ਦੇਣ, ਖ਼ਾਲਸਾ ਕਾਲਜ ਨੂੰ ਯੂਨੀਵਰਸਿਟੀ ਦਾ ਦਰਜਾ ਦੇਣ ਆਉਂਦੇ ਬਰਤਾਨਵੀ ਸ਼ਹਿਜ਼ਾਦੇ ਨੂੰ ਸਿੱਖਾਂ ਨੇ ਛਿੱਤਰ ਮਾਰ ਕੇ ਵਾਪਸ ਤੋਰਿਆ। ਮੁਸਲਮਾਨਾਂ ਦੇ ਨਾਲ ਸਿੱਖਾਂ ਨੂੰ ਚੋਣ ਹਲਕਿਆਂ ਵਿੱਚ ਬਿਨ ਮੰਗੀ ਰਿਜ਼ਰਵੇਸ਼ਨ ਦੇਣ 'ਤੇ ਜਿਵੇਂ ਸਿੱਖਾਂ ਨੇ ਸਿੰਗਾਂ 'ਤੇ ਮਿੱਟੀ ਚੱਕੀ, ਉਹ ਵੀ ਪਾਠਕ ਪਿੱਛੇ ਪੜ੍ਹ ਆਏ ਹਨ। ਸੋ ਅਜਿਹੀ ਸੂਰਤੇਹਾਲ ਵਿੱਚ ਅੰਗਰੇਜ਼ ਕਿਵੇਂ ਸਿੱਖਾਂ ਨੂੰ ਅਜਿਹੀ ਪੇਸ਼ਕਸ਼ ਕਰ ਸਕਦੇ ਸਨ! ਜੇ ਸਿੱਖਾਂ ਵੱਲੋਂ ਮੰਗ ਕੀਤੀ ਜਾਂਦੀ ਤਾਂ ਜ਼ਰੂਰ ਇਸ ਮੰਗ 'ਤੇ ਗੌਰ ਕਰਦੇ।

ਜਦੋਂ ਦਸੰਬਰ ਵਿੱਚ ਸਿੱਖ, ਮੁਸਲਮਾਨ ਤੇ ਹਿੰਦੂ ਨੁਮਾਇੰਦਿਆਂ ਨੂੰ ਮੁਲਕ ਦੀ ਵੰਡ ਬਾਰੇ ਗੱਲ ਕਰਨ ਲਈ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ



ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਅਤੇ ਮਾਸਟਰ ਤਾਰਾ ਸਿੰਘ

*ਜਲੰਧਰ ਤੋਂ ਨਿਕਲਦੇ ਰੋਜ਼ਾਨਾ ਅਖਬਾਰ 'ਜਥੇਦਾਰ' 11 ਅਕਤੂਬਰ 1962 ਦੇ ਅੰਕ ਵਿੱਚ ਆਪਣੇ ਲਿਖੇ ਐਡੀਟੋਰੀਅਲ ਵਿੱਚ ਮਾਸਟਰ ਤਾਰਾ ਸਿੰਘ ਨੇ ਤਸਲੀਮ ਕੀਤਾ ਕਿ 1947 ਵਿੱਚ ਅੰਗਰੇਜ਼ ਤੇ ਮੁਸਲਿਮ ਲੀਗ ਦੀ ਇਹ ਕੋਸ਼ਿਸ਼ ਸੀ ਕਿ ਸਿੱਖਾਂ ਅਤੇ ਮੁਸਲਿਮ ਲੀਗ ਵਿਚਾਲੇ ਕੋਈ ਸਮਝੌਤਾ ਹੋ ਜਾਵੇ ਤਾਂ ਉਸ ਵਿੱਚ ਸਭ ਤੋਂ ਵੱਡੀ ਰੁਕਾਵਟ ਮੈਂ ਹੀ ਸਾਂ।*

# ਫ਼ਾਈਨਾਂਸ ਦੇ ਧੰਦੇ ’ਚ ਮੋਹਰੀ ਫ਼ਿਲੀਪੀਨਜ਼ ਵੱਸਦੇ ਪੰਜਾਬੀ

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



*ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਆਪਣੀ ਮਿਹਨਤ ਅਤੇ ਲਿਆਕਤ ਸਦਕਾ ਉਚੇਰੇ ਮੁਕਾਮ ਹਾਸਿਲ ਕੀਤੇ ਹਨ ਅਤੇ ਨਿਵੇਕਲੀ ਪਛਾਣ ਕਾਇਮ ਰੱਖਣ ਹਿਤ ਜੱਦੋਜਹਿਦ ਵੀ ਕੀਤੀ। ਇਸ ਲੜੀ ਤਹਿਤ ਅਸੀਂ ਪਾਠਕਾਂ ਲਈ ਸੰਖੇਪ ਵੇਰਵੇ ਵਾਲੇ ਕਈ ਲੇਖ ਛਾਪ ਚੁਕੇ ਹਾਂ। ਹਥਲੇ ਲੇਖ ਵਿੱਚ ਜ਼ਿਕਰ ਹੈ ਕਿ ਫ਼ਿਲੀਪੀਨਜ਼ ਵਿੱਚ ਵੱਸਦੇ ਪੰਜਾਬੀਆਂ ਦਾ ਪ੍ਰਮੁੱਖ ਧੰਦਾ ‘ਫ਼ਾਈਨਾਂਸ’ ਜਾਂ ‘ਵਿੱਤੀ ਸੇਵਾਵਾਂ’ ਪ੍ਰਦਾਨ ਕਰਨਾ ਹੈ। ਇੱਥੇ ਵੱਸਦੇ ਭਾਰਤੀਆਂ ਵਿੱਚ ਸਿੰਧੀਆਂ ਅਤੇ ਪੰਜਾਬੀਆਂ ਦੀ ਬਹੁਤਾਤ ਹੈ। ਪੰਜਾਬੀਆਂ ਦੀ ਇੱਥੇ ਵੱਡੇ ਪੱਧਰ ’ਤੇ ਆਮਦ ਸੰਨ 1920 ਦੇ ਆਸਪਾਸ ਸ਼ੁਰੂ ਹੋਈ ਸੀ। ਉਂਜ ਭਾਰਤ ਨਾਲ ਫ਼ਿਲੀਪੀਨਜ਼ ਦੇ ਸਬੰਧ ਤੇ ਵਿਸ਼ੇਸ਼ ਕਰਕੇ ਵਪਾਰਕ ਸਬੰਧ ਨੌਵੀਂ ਤੇ ਦਸਵੀਂ ਸਦੀ ਤੋਂ ਹੀ ਜੁੜ ਗਏ ਸਨ।*







ਫ਼ਿਲੀਪੀਨਜ਼ ਅਸਲ ਵਿੱਚ ਦੱਖਣ-ਪੂਰਬੀ ਏਸ਼ੀਆ ਵਿੱਚ ਸਥਿਤ ਇੱਕ ਅਜਿਹਾ ਮੁਲਕ ਹੈ, ਜਿੱਥੇ ਦੱਖਣੀ ਕੋਰੀਆ ਤੋਂ ਇਲਾਵਾ ਈਸਾਈ ਧਰਮ ਦੇ ਸਭ ਤੋਂ ਵੱਧ ਪੈਰੋਕਾਰ ਵੱਸਦੇ ਹਨ। ਲਗਪਗ 7641 ਟਾਪੂਆਂ ਦਾ ਸਮੂਹ ਮੰਨੇ ਜਾਂਦੇ ਇਸ ਮੁਲਕ ਦਾ ਕੁੱਲ ਰਕਬਾ 3 ਲੱਖ ਵਰਗ ਕਿਲੋਮੀਟਰ ਹੈ। ਇਸਨੂੰ ਚੀਨ, ਜਪਾਨ, ਮਲੇਸ਼ੀਆ, ਤਾਈਵਾਨ, ਮਲੇਸ਼ੀਆ, ਵੀਅਤਨਾਮ ਅਤੇ ਇੰਡੋਨੇਸ਼ੀਆ ਦੀਆਂ ਸਮੁੰਦਰੀ ਹੱਦਾਂ ਚਾਰ-ਚੁਫ਼ੇਰੇ ਤੋਂ ਛੂੰਹਦੀਆਂ ਹਨ। ਸਾਲ 2024 ਵਿੱਚ ਇਸਦੀ ਆਬਾਦੀ 11,41,63,719 ਹੋ ਚੁੱਕੀ ਹੈ ਤੇ ਇਸਦੀ ਰਾਜਧਾਨੀ ਦਾ ਨਾਂ ਮਨੀਲਾ ਹੈ। ਇੱਥੇ ਪ੍ਰਚਲਿਤ ਕਰੰਸੀ ਦਾ ਨਾਂ ‘ਪੀਸੋ’ ਹੈ।

ਸਾਲ 2018 ਦੀ ਜਨਗਣਨਾ ਅਨੁਸਾਰ ਇੱਥੇ ਸਵਾ ਲੱਖ ਦੇ ਕਰੀਬ ਭਾਰਤੀ ਨਾਗਰਿਕ ਆ ਕੇ ਵੱਸ ਚੁੱਕੇ ਸਨ, ਜਿਨ੍ਹਾਂ ਵਿੱਚ 50 ਹਜ਼ਾਰ ਤੋਂ ਵੱਧ ਪੰਜਾਬੀ ਲੋਕ ਸ਼ਾਮਿਲ ਸਨ। ਬੜੀ ਹੀ ਦਿਲਚਸਪ ਗੱਲ ਹੈ ਕਿ ਭਾਰਤ ਨਾਲ ਫ਼ਿਲੀਪੀਨਜ਼ ਦੇ ਸਬੰਧ ਤੇ ਵਿਸ਼ੇਸ਼ ਕਰਕੇ ਵਪਾਰਕ ਸਬੰਧ ਨੌਵੀਂ ਤੇ ਦਸਵੀਂ ਸਦੀ ਤੋਂ ਹੀ ਜੁੜ ਗਏ ਸਨ। ਪੰਦਰ੍ਹਵੀਂ ਅਤੇ ਸੋਲ੍ਹਵੀਂ ਸਦੀ ਵਿੱਚ ਭਾਰਤ ਤੇ ਦੱਖਣ-ਪੂਰਬੀ ਏਸ਼ੀਆ ਤੋਂ ਬਹੁਤ ਸਾਰੇ ਵਪਾਰੀ ਅਕਸਰ ਫ਼ਿਲੀਪੀਨਜ਼ ਜਾਇਆ ਕਰਦੇ ਸਨ ਅਤੇ ਦੱਖਣ ਭਾਰਤ ਤੇ ਬੰਗਾਲ ਤੋਂ ਗੁਲਾਮਾਂ ਨੂੰ ਵੀ ਫ਼ਿਲੀਪੀਨਜ਼ ਵਿਖੇ ਲਿਜਾਇਆ ਜਾਂਦਾ ਸੀ। ਸੰਨ 1760 ਵਿੱਚ ਜਦੋਂ ਬਰਤਾਨਵੀ ਹਾਕਮਾਂ ਨੇ ਮਨੀਲਾ ’ਤੇ ਕਬਜ਼ੇ ਦੀ ਕੋਸ਼ਿਸ਼ ਕੀਤੀ ਸੀ ਤਾਂ ਉਥੇ ਪੁੱਜ ਚੁੱਕੇ ਭਾਰਤੀ ਸੈਨਿਕਾਂ ਨੇ ਵਿਦਰੋਹ ਕਰ ਦਿੱਤਾ ਸੀ। ਸੰਨ 1890 ਦੇ ਆਸਪਾਸ ਭਾਰਤੀਆਂ ਨੇ ਵਿਦਿਆਰਥੀ, ਮਜ਼ਦੂਰ ਜਾਂ ਵਪਾਰੀ ਵਜੋਂ ਫ਼ਿਲੀਪੀਨਜ਼ ਦੀ ਧਰਤੀ ’ਤੇ ਵੱਡੀ ਗਿਣਤੀ ਵਿੱਚ ਪੁੱਜਣਾ ਸ਼ੁਰੂ ਕਰ ਦਿੱਤਾ ਸੀ। ਫ਼ਿਲੀਪੀਨਜ਼ ਵਿੱਚ ਵੱਸੇ ਭਾਰਤੀ ਅਤੇ ਪੰਜਾਬੀ ਮੂਲ ਦੇ ਅਨੇਕਾਂ ਮਰਦ ਤੇ ਔਰਤਾਂ ਹੁਣ ਤੱਕ ਇੱਥੇ ਸੰਗੀਤ, ਸਾਹਿਤ, ਅਦਾਕਾਰੀ, ਰੇਡੀਓ ਅਤੇ ਟੀ.ਵੀ. ਜਗਤ ਵਿੱਚ ਸ਼ਲਾਘਾਯੋਗ ਕੰਮ ਕਰਕੇ ਕਈ ਮਾਣ-ਸਨਮਾਨ ਹਾਸਿਲ ਕਰ ਚੁੱਕੇ ਹਨ।

ਫ਼ਿਲੀਪੀਨਜ਼ ਵਿਖੇ ਵੱਸਣ ਵਾਲੇ ਭਾਰਤੀਆਂ ਵਿੱਚ ਸਿੰਧੀਆਂ ਅਤੇ ਪੰਜਾਬੀਆਂ ਦੀ ਬਹੁਤਾਤ ਹੈ। ਜ਼ਿਆਦਾਤਰ ਸਿੰਧੀਆਂ ਦਾ ਸਬੰਧ ਹਿੰਦੂ ਧਰਮ ਨਾਲ ਹੈ, ਜਦੋਂ ਕਿ ਵਧੇਰੇ ਪੰਜਾਬੀਆਂ ਦਾ ਸਬੰਧ ਸਿੱਖ ਧਰਮ ਨਾਲ ਹੈ। ਆਪਣੇ ਭਾਸ਼ਾਈ ਅਤੇ ਸੱਭਿਆਚਾਰਕ ਵਖਰੇਵਿਆਂ ਦੇ ਬਾਵਜੂਦ ਇਹ ਦੋਵੇਂ ਜਨਸਮੂਹ ਬੜੀ ਮੁਹੱਬਤ ਅਤੇ ਇਕਸੁਰਤਾ ਨਾਲ ਇੱਥੇ ਵੱਸਦੇ ਹਨ। ਇੱਕ ਬੜਾ ਹੀ ਦਿਲਚਸਪ ਤੱਥ ਇਹ ਵੀ ਹੈ ਕਿ ਫ਼ਿਲੀਪੀਨਜ਼ ਛੇਵਾਂ ਅਜਿਹਾ ਮੁਲਕ ਹੈ, ਜਿੱਥੇ ਪੰਜਾਬੀ ਲੋਕ ਵੱਡੀ ਸੰਖਿਆ ਵਿੱਚ ਵੱਸਦੇ ਹਨ।

ਫ਼ਿਲੀਪੀਨਜ਼ ਵਿੱਚ ਤੇ ਖ਼ਾਸ ਕਰਕੇ ਰਾਜਧਾਨੀ ਮਨੀਲਾ ਵਿੱਚ ਵੱਸਣ ਵਾਲੇ ਬਹੁਤੇ ਪੰਜਾਬੀਆਂ ਦੁਆਰਾ ਰੋਜ਼ੀ-ਰੋਟੀ ਕਮਾਉਣ ਲਈ ਅਪਣਾਏ ਗਏ ਧੰਦਿਆਂ ਵਿੱਚੋਂ ਸਭ ਤੋਂ ਪ੍ਰਮੁੱਖ ਧੰਦਾ ‘ਫ਼ਾਈਨਾਂਸ’ ਜਾਂ ‘ਵਿੱਤੀ ਸੇਵਾਵਾਂ’ ਪ੍ਰਦਾਨ ਕਰਨਾ ਹੈ। ਯੂਨੀਵਰਸਿਟੀ ਆੱਫ਼ ਫ਼ਿਲੀਪੀਨਜ਼ ਦੇ ਏਸ਼ੀਆ ਸੈਂਟਰ ਦੇ ਪ੍ਰੋਫ਼ੈਸਰ ਜੋਫ਼ੇ ਸੰਤਾਰਿਤਾ ਦਾ ਕਹਿਣਾ ਹੈ ਕਿ ਪੰਜਾਬੀਆਂ ਦੀ ਇੱਥੇ ਵੱਡੇ ਪੱਧਰ ’ਤੇ ਆਮਦ ਸੰਨ 1920 ਦੇ ਆਸਪਾਸ ਸ਼ੁਰੂ ਹੋਈ ਸੀ। ਸ਼ੁਰੂਆਤੀ ਦੌਰ ਵਿੱਚ ਇੱਥੇ ਆਣ ਪੁੱਜੇ ਮਿਹਨਤੀ ਪੰਜਾਬੀਆਂ ਨੇ ਪਹਿਲਾਂ ਖੇਤੀਬਾੜੀ ਅਤੇ ਛੋਟੇ ਪੱਧਰ ਦੇ ਵਪਾਰਕ ਧੰਦਿਆਂ ਵਿੱਚ ਹੱਥ ਅਜ਼ਮਾਇਆ ਸੀ ਤੇ ਬਾਅਦ ਵਿੱਚ ਉਨ੍ਹਾਂ ਨੂੰ ਇਹ ਸਮਝ ਲੱਗੀ ਸੀ ਕਿ ਇੱਥੋਂ ਦੇ ਸਥਾਨਕ ਨਿਵਾਸੀਆਂ ਨੂੰ ਪੈਸੇ ਦੀ ਬਹੁਤ ਲੋੜ ਸੀ ਤੇ ਸਰਕਾਰੀ ਬੈਂਕਿੰਗ ਸੇਵਾਵਾਂ ਵਿੱਚ ਵੱਧ ਵਿਆਜ ਅਤੇ ਵੱਧ ਕਾਗ਼ਜ਼ੀ ਕਾਰਵਾਈ ਕਰਕੇ ਲੋਕ ਬੈਂਕਾਂ ਵਿੱਚ ਖਾਤੇ ਨਹੀਂ ਖੁੱਲ੍ਹਵਾਉਂਦੇ ਸਨ। ਦੂਜੇ ਵਿਸ਼ਵ ਯੁੱਧ ਦੌਰਾਨ ਪੈਦਾ ਹੋਏ ਆਰਥਿਕ ਸੰਕਟ ਦੇ ਮੱਦੇਨਜ਼ਰ ਫ਼ਿਲੀਪੀਨਜ਼ ਵਿੱਚ ਵੱਸਦੇ ਪੰਜਾਬੀਆਂ ਨੂੰ ਇਹ ਸਮਝ ਲੱਗੀ ਕਿ ਜੇਕਰ ਉਹ ਵੱਧ ਵਿਆਜ ਲੈ ਕੇ ਅਤੇ ਘੱਟ ਕਾਗ਼ਜ਼ੀ ਕਾਰਵਾਈ ਕਰਕੇ ਆਮ ਲੋਕਾਂ ਨੂੰ ਵਿੱਤੀ ਸੇਵਾਵਾਂ ਪ੍ਰਦਾਨ ਕਰਦੇ ਹਨ ਤਾਂ ਉਹ ਮੋਟੇ ਵਿਆਜ ਦੇ ਰੂਪ ਵਿੱਚ ਚੋਖੀ ਕਮਾਈ ਕਰ ਸਕਦੇ ਹਨ; ਤੇ ਹੱਥ ਆਏ ਇਸ ਸੁਨਹਿਰੇ ਮੌਕੇ ਨੂੰ ਪੰਜਾਬੀਆਂ ਨੇ ਅਜਾਈਂ ਨਾ ਜਾਣ ਦਿੱਤਾ ਤੇ ਫ਼ਿਲੀਪੀਨਜ਼ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਫ਼ਾਈਨਾਂਸ ਦਾ ਕੰਮ ਸ਼ੁਰੂ ਕਰ ਦਿੱਤਾ, ਜੋ ਬੇਹੱਦ ਸਫ਼ਲ ਰਿਹਾ ਤੇ ਪੰਜਾਬੀ ਛੇਤੀ ਹੀ ਮਾਲਦਾਰ ਬਣਨੇ ਸ਼ੁਰੂ ਹੋ ਗਏ।

ਵਿੱਤੀ ਸੇਵਾਵਾਂ ਸਫ਼ਲਤਾਪੂਰਵਕ ਪ੍ਰਦਾਨ ਕਰਨ ਕਰਕੇ ਇੱਥੇ ਪੰਜਾਬੀਆਂ ਦੇ ਇਸ ਕਿੱਤੇ ਨਾਲ ਸਬੰਧਿਤ ਸਮੂਹਾਂ ਨੂੰ ‘5-6’ ਕਿਹਾ ਜਾਣ ਲੱਗ ਪਿਆ ਸੀ। ਅਜਿਹਾ ਕਹੇ ਜਾਣ ਪਿੱਛੇ ਭਾਵਅਰਥ ਇਹ ਸੀ ਕਿ “ਪੰਜਾਬੀ ਲੋਕ ਜੇਕਰ ਸਵੇਰੇ 5 ਪੀਸੋ ਦਾ ਉਧਾਰ ਦਿੰਦੇ ਹਨ ਤਾਂ ਉਸੇ ਦਿਨ ਸ਼ਾਮ ਹੋ ਜਾਣ ਤੱਕ ਉਹ ਉਕਤ ਰਕਮ ਨੂੰ ਵਿਆਜ ਲਗਾ ਕੇ 6 ਪੀਸੋ ਬਣਾ ਦਿੰਦੇ ਹਨ।” ਪੰਜਾਬੀਆਂ ਦੇ ਇੱਥੇ ਵਿੱਤੀ ਸੇਵਾਵਾਂ ਦੇ ਖੇਤਰ ਵਿੱਚ ਅਪਾਰ ਸਫ਼ਲਤਾ ਹਾਸਿਲ ਕਰਨ ਪਿੱਛੇ ਜੋ ਤਿੰਨ ਵੱਡੇ ਕਾਰਨ ਮੌਜੂਦ ਹਨ, ਉਨ੍ਹਾਂ ਵਿੱਚੋਂ ਪਹਿਲਾ ਕਾਰਨ ਇਹ ਹੈ ਕਿ ਸਾਲ 2021 ਤੱਕ ਵੀ 44 ਫ਼ੀਸਦੀ ਫ਼ਿਲੀਪੀਨਜ਼ ਵਾਸੀਆਂ ਦੇ ਅਜੇ ਤੱਕ ਬੈਂਕ ਖਾਤੇ ਹੀ ਨਹੀਂ ਖੁੱਲ੍ਹੇ ਸਨ। ਦੂਜੀ ਗੱਲ ਇਹ ਸੀ ਕਿ ਸਰਕਾਰੀ ਬੈਂਕਾਂ ਦੀ ਕਾਗ਼ਜ਼ੀ ਕਾਰਵਾਈ ਐਨੀ ਜ਼ਿਆਦਾ ਤੇ ਪੇਚੀਦਾ ਸੀ ਕਿ ਕਰਜ਼ਾ ਲੈਣ ਵਾਲਾ ਲੋੜਵੰਦ ਦਸਤਾਵੇਜ਼ ਬਣਵਾਉਂਦਿਆਂ ਤੇ ਪੇਸ਼ ਕਰਦਿਆਂ-ਕਰਦਿਆਂ ਹਤਾਸ਼ ਤੇ ਨਿਰਾਸ਼ ਹੋ ਜਾਂਦਾ ਸੀ। ਤੀਜਾ ਤੇ ਸਭ ਤੋਂ ਅਹਿਮ ਕਾਰਨ ਇਹ ਹੈ ਕਿ ਵਿੱਤੀ ਕਰਜ਼ੇ ਦੇਣ ਵਾਲੇ ਪੰਜਾਬੀ ਇੱਥੇ ਨਾ-ਮਾਤਰ ਕਾਗ਼ਜ਼ੀ ਕਾਰਵਾਈ ਕਰਦੇ ਹਨ ਤੇ ਜ਼ਿਆਦਾ ਕੰਮ ਭਰੋਸੇ ’ਤੇ ਹੀ ਕਰਦੇ ਹਨ, ਜਿਸ ਕਰਕੇ ਸਥਾਨਕ ਨਿਵਾਸੀ ਤਾਂ ਪੰਜਾਬੀਆਂ ਕੋਲੋਂ ਕਰਜ਼ਾ ਲੈਣਾ ਹੀ ਪਸੰਦ ਕਰਦੇ ਹਨ।

ਮੋਟਰਸਾਈਕਲਾਂ ’ਤੇ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਘੁੰਮ ਕੇ ਲੋੜਵੰਦਾਂ ਨੂੰ ਵਿੱਤੀ ਸੇਵਾਵਾਂ ਪ੍ਰਦਾਨ ਕਰਨਾ ਅਤੇ ਮਨਚਾਹਿਆ ਵਿਆਜ ਹਾਸਿਲ ਕਰ ਲੈਣਾ ਪੰਜਾਬੀਆਂ ਦੀ ਵਿਸ਼ੇਸ਼ ਪਛਾਣ ਬਣ ਚੁੱਕਾ ਹੈ। ਵਿੱਤੀ ਸੇਵਾਵਾਂ ਪ੍ਰਦਾਨ ਕਰਨ ਦੇ ਖੇਤਰ ਨਾਲ ਜੁੜੇ ਜ਼ਿਆਦਾਤਰ ਪੰਜਾਬੀਆਂ ਕੋਲ੍ਹ ਕੋਈ ਸਰਕਾਰੀ ਆਗਿਆ ਜਾਂ ਪ੍ਰਵਾਨਗੀ ਮੌਜੂਦ ਨਹੀਂ ਹੈ। ਇਸ ਕਿੱਤੇ ਵਿੱਚ ਪੈਦਾ ਹੋ ਚੁੱਕੀਆਂ ਮੁੱਖ ਖ਼ਾਮੀਆਂ ਦਾ ਖ਼ਾਮਿਆਜ਼ਾ ਕਈ ਸਾਰੇ ਪੰਜਾਬੀ ਗੱਭਰੂਆਂ ਅਤੇ ਮੁਟਿਆਰਾਂ ਨੂੰ ਆਪਣੀਆਂ ਜਾਨਾਂ ਗੁਆ ਕੇ ਭੁਗਤਣਾ ਪਿਆ ਹੈ। ਦਰਅਸਲ ਕਰਜ਼ਾ ਲੈਣ ਵਾਲੇ ਕਈ ਗ੍ਰਾਹਕ ਕਰਜ਼ਾ ਅਦਾ ਕਰਨ ’ਚ ਜਦੋਂ ਅਸਮਰੱਥ ਰਹਿ ਜਾਂਦੇ ਹਨ ਤਾਂ ਉਹ ਆਪਣੇ ਵਿਹੜੇ ਵਿੱਚ ਵਾਰ-ਵਾਰ ਪੈਰ ਪਾਉਣ ਵਾਲੇ ਪੰਜਾਬੀ ਉਗਰਾਹੀਕਰਤਾ ’ਤੇ ਹਮਲਾ ਕਰਕੇ ਕਦੇ ਤਾਂ ਉਸਨੂੰ ਜ਼ਖ਼ਮੀ ਕਰ ਦਿੰਦੇ ਹਨ ਜਾਂ ਫਿਰ ਜਾਨੋਂ ਹੀ ਮਾਰ ਦਿੰਦੇ ਹਨ। ਇਸ ਉਕਤ ਕਾਰਨ ਕਰਕੇ ਜਾਂ ਇਸ ਕਿੱਤੇ ਨਾਲ ਜੁੜੇ ਕਾਰੋਬਾਰੀਆਂ ਦਰਮਿਆਨ ਆਪਸੀ ਮੁਕਾਬਲੇਬਾਜ਼ੀ ਤੋਂ ਉਪਜੀ ਖੁੰਦਕਬਾਜ਼ੀ ਜਾਂ ਦੁਸ਼ਮਣੀ ਦੇ ਫ਼ਲਸਰੂਪ ਕਈ ਪੰਜਾਬੀ ਨੌਜਵਾਨ ਜਾਨ ਗੁਆ ਬੈਠੇ ਹਨ। ਭਾਰਤੀ ਅਖ਼ਬਾਰਾਂ ਵਿੱਚ ਮਨੀਲਾ ਵਿਖੇ ਕਤਲ ਹੋ ਜਾਣ ਵਾਲੇ ਪੰਜਾਬੀ ਫ਼ਾਇਨਾਂਸਰਾਂ ਦੀਆਂ ਖ਼ਬਰਾਂ ਅਕਸਰ ਛਪਦੀਆਂ ਰਹਿੰਦੀਆਂ ਹਨ।

ਫ਼ਿਲੀਪੀਨਜ਼ ਵਿਖੇ ਵੱਸਣ ਵਾਲੇ ਪੰਜਾਬੀ ਹਰ ਤਿੰਨ ਸਾਲ ਬਾਅਦ ਜਾਂ ਤਾਂ ਆਪਣਾ ਵੀਜ਼ਾ ਨਵਿਆ ਲੈਂਦੇ ਹਨ ਜਾਂ ਫ਼ਿਰ ਸਥਾਨਕ ਮੂਲ ਦੀਆਂ ਮੁਟਿਆਰਾਂ ਨਾਲ ਵਿਆਹ ਕਰਵਾ ਕੇ ਇੱਥੋਂ ਦੇ ਪੱਕੇ ਨਿਵਾਸੀ ਬਣ ਜਾਂਦੇ ਹਨ। ਸੰਨ 1929 ਵਿੱਚ ਇੱਥੇ ਵੱਸਦੇ ਪੰਜਾਬੀਆਂ ਨੇ ਮਨੀਲਾ ਵਿਖੇ ‘ਖ਼ਾਲਸਾ ਦੀਵਾਨ ਗੁਰਦੁਆਰਾ’ ਦੀ ਸਥਾਪਨਾ ਕੀਤੀ ਸੀ ਤੇ ਇਸ ਗੁਰਦੁਆਰੇ ਨੇ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖੀ ਦੀ ਫੁੱਲਵਾੜੀ ਦੇ ਪ੍ਰਫੁੱਲਿਤ ਹੋਣ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇੱਥੇ ਇਹ ਵਰਣਨਯੋਗ ਹੈ ਕਿ ਸਾਰਾ ਦਿਨ ਵਿੱਤੀ ਸੇਵਾਵਾਂ ਵਿੱਚ ਰੁੱਝੇ ਰਹਿਣ ਵਾਲੇ ਪੰਜਾਬੀ ਨੌਜਵਾਨ ਇੱਥੇ ਗੁਰਦੁਆਰਾ ਸਾਹਿਬ ਵਿਖੇ ਆ ਕੇ ਤਨ, ਮਨ, ਧਨ ਨਾਲ ਸੇਵਾ ਕਰਦੇ ਹਨ ਤੇ ਇੱਥੇ ਬੈਠ ਕੇ ਕਿਸੇ ਤਰ੍ਹਾਂ ਦੀ ਵੀ ਵਪਾਰਕ ਗੱਲਬਾਤ ਨਹੀਂ ਕਰਦੇ ਹਨ। ਇੱਥੇ ਆਉਣ ਵਾਲੇ ਹਰੇਕ ਧਰਮ ਅਤੇ ਮਜ਼ਹਬ ਦੇ ਮਾਈ-ਭਾਈ ਨੂੰ ਸੁਆਦੀ ਲੰਗਰ ਤਿਆਰ ਕਰਕੇ ਪ੍ਰਸ਼ਾਦਾ ਛਕਾਇਆ ਜਾਂਦਾ ਹੈ। ਇੱਥੇ ਪੰਗਤ ਵਿੱਚ ਬੈਠ ਕੇ ਪਰਸ਼ਾਦਾ ਛਕਣ ਵਾਲਾ ਹਰੇਕ ਵਿਅਕਤੀ ਇਸ ਗੱਲ ਦਾ ਖ਼ਿਆਲ ਰੱਖਦਾ ਹੈ ਕਿ ਪਵਿੱਤਰ ਲੰਗਰ ਦਾ ਇੱਕ ਵੀ ਕਿਣਕਾ ਵਿਅਰਥ ਨਾ ਡੁੱਲ੍ਹੇ। ਪੰਜਾਬੀਆਂ ਦਾ ਇਹ ‘ਸਰਬੱਤ ਦੇ ਭਲੇ’ ਦੀ ਸੋਚ ਵਾਲਾ ਵਰਤਾਰਾ ਸਥਾਨਕ ਨਾਗਰਿਕਾਂ ਦੇ ਦਿਲਾਂ ’ਤੇ ਸਚਮੁੱਚ ਹੀ ਗੂੜ੍ਹੀ ਛਾਪ ਛੱਡਦਾ ਹੈ।

## ਵੰਡ ‘47 ਦੀ...

ਲੰਡਨ ਸੱਦਿਆ ਤਾਂ ਉਥੇ ਜਦੋਂ ਕੁਝ ਬਰਤਾਨਵੀ ਪਾਰਲੀਮੈਂਟ ਮੈਂਬਰਾਂ ਨੇ ਸਿੱਖ ਨੁਮਾਇੰਦੇ ਸ. ਬਲਦੇਵ ਸਿੰਘ ਨੂੰ ਆਖਿਆ ਕਿ ਤੂੰ ਕੁਝ ਦਿਨ ਹੋਰ ਇੱਥੇ ਰੁਕ ਜਾ ਤਾਂ ਕਿ ਸਿੱਖਾਂ ਦਾ ਕੁਝ ਬਣਾਉਣ ਲਈ ਅਸੀਂ ਸੋਚੀਏ; ਤਾਂ ਬਲਦੇਵ ਸਿੰਘ ਨੇ ਉਨ੍ਹਾਂ ਦੀ ਵੀ ਉਲਟੀ ਲਾਹ-ਪਾਹ ਹੀ ਕੀਤੀ, ਜਿਵੇਂ ਤੁਸੀਂ ਪਿਛੇ ਪੜ੍ਹ ਆਏ ਹੋ। ਇਹ ਗੱਲ ਪੱਕੀ ਹੈ ਕਿ ਅੰਗਰੇਜ਼ਾਂ ਨੂੰ ਸਿੱਖਾਂ ਦਾ ਦਰਦ ਜ਼ਰੂਰ ਸੀ। ਜਦੋਂ ਵਾਇਸਰਾਏ ਹਿੰਦ ਲਾਰਡ ਮਾਊਂਟਬੈਟਨ ਨੇ 3 ਜੂਨ ਨੂੰ ਵੰਡਾਰੇ ਦੀ ਪਲੈਨ ਨਸ਼ਰ ਕੀਤੀ ਤਾਂ ਉਸ ਵਿੱਚ ਉਹਨੇ ਖਾਸ ਤੌਰ ‘ਤੇ ਕਿਹਾ ਕਿ ਪੰਜਾਬ ਦੀ ਵੰਡ ਨਾਲ ਸਿੱਖ ਕੌਮ ਵੀ ਵੰਡੀ ਜਾਣੀ ਹੈ, ਜੀਹਦਾ ਕਿ ਸਾਨੂੰ ਭਾਰੀ ਦੁੱਖ ਹੈ, ਪਰ ਸਿੱਖ ਆਗੂ ਵੰਡ ਮਨਜ਼ੂਰ ਕਰਦੇ ਨੇ ਤੇ ਅਸੀਂ ਕੀ ਕਰ ਸਕਦੇ ਹਾਂ। ਮਾਊਂਟਬੈਟਨ ਦਾ ਸਿੱਧਾ ਇਸ਼ਾਰਾ ਸੀ ਕਿ ਸਿੱਖੋ ਜਦ ਤੁਹਾਡੇ ਲੀਡਰ ਹੀ ਤੁਹਾਡੇ ਖਾਤਰ ਕੁਝ ਨਹੀਂ ਮੰਗਦੇ ਤਾਂ ਅਸੀਂ ਤੁਹਾਨੂੰ ਕੀ ਦੇ ਦੇਈਏ? ਨਾਲੇ ਵੱਖਰਾ ਸਿੱਖ ਮੁਲਕ ਬਣਨਾ ਕੋਈ ਇੱਕ ਦੋ ਦਿਨਾਂ ਦਾ ਜਾਂ ਦੋ ਚਾਰ ਮਹੀਨਿਆਂ ਦਾ ਅਮਲ ਨਹੀਂ ਸੀ, ਬਲਕਿ ਇਹਦੇ ਲਈ ਹਾਲਾਤ ਪੈਦਾ ਕਰਨ ਲਈ ਕਈ ਦਹਾਕੇ ਲੱਗਣੇ ਸਨ।

### ਸਿੱਖ ਕੌਮ ਦੀ ਬੱਝਵੀਂ ਆਬਾਦੀ ਨਾ ਹੋਣ ਦਾ ਬਹਾਨਾ

ਆਮ ਤੌਰ ‘ਤੇ ਸਿੱਖ ਰਾਜ ਬਣ ਸਕਣ ਵਿੱਚ ਤਕਨੀਕੀ ਢੁੱਚਰ ਇਹ ਦੱਸੀ ਜਾ ਰਹੀ ਹੈ ਕਿ ਸਮੁੱਚੇ ਪੰਜਾਬ ਵਿੱਚ ਸਿੱਖਾਂ ਦੀ ਕਿਤੇ ਬੱਝਵੀਂ ਵਸੋਂ ਨਹੀਂ ਸੀ, ਸਿਰਫ ਤਰਨਤਾਰਨ ਅਤੇ ਮੋਗਾ ਤਹਿਸੀਲਾਂ ਵਿੱਚ ਹੀ ਸਿੱਖ ਬਹੁਗਿਣਤੀ ਵਿੱਚ ਸੀ। ਮਾਸਟਰ ਤਾਰਾ ਸਿੰਘ ਨੇ ਇਸੇ ਢੁੱਚਰ ਨੂੰ ਬਹਾਨਾ ਬਣਾ ਕੇ ਸਫਾਈ ਦਿੱਤੀ ਕਿ ਅਸੀਂ ਵੱਖਰੇ ਮੁਲਕ ਬਾਰੇ ਤਾਂ ਨਹੀਂ ਸੋਚਿਆ, ਕਿਉਂਕਿ ਸਿੱਖਾਂ ਦੀ ਕਿਤੇ ਬੱਝਵੀਂ ਆਬਾਦੀ ਨਹੀਂ ਸੀ। ਇਹ ਜ਼ਰੂਰੀ ਨਹੀਂ ਹੁੰਦਾ ਕਿ ਕਿਸੇ ਕੌਮ ਦੇ ਰਾਜ ਵਿੱਚ ਉਹਦੀ ਬਹੁਗਿਣਤੀ ਹੋਵੇ। ਹਿੰਦੁਸਤਾਨ ਵਿੱਚ ਹਿੰਦੂ ਬਹੁਸੰਮਤੀ ਹੋਣ ਦੇ ਬਾਵਜੂਦ ਮੁਸਲਮਾਨਾਂ ਦਾ ਹਿੰਦੁਸਤਾਨ ਵਿੱਚ ਇੱਕ ਹਜ਼ਾਰ ਸਾਲ ਤੱਕ ਰਾਜ ਰਿਹਾ। ਅੰਗਰੇਜ਼ਾਂ ਦਾ ਭਾਰਤ ਸਣੇ ਇੱਕ ਚੌਥਾਈ ਦੁਨੀਆਂ ਵਿੱਚ ਸੈਂਕੜੇ ਸਾਲ ਰਾਜ ਰਿਹਾ। ਸਿੱਖ ਰਾਜ ਅਖਵਾਉਂਦੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਸਿੱਖ ਆਬਾਦੀ ਸਿਰਫ 7 ਫੀਸਦ ਸੀ। 1849 ਵਿੱਚ ਅੰਗਰੇਜ਼ਾਂ ਨੇ ਹਿੰਦੂ ਗੁਲਾਬ ਸਿੰਘ ਡੋਗਰੇ ਨੂੰ 95 ਫੀਸਦੀ ਮੁਸਲਮਾਨ ਆਬਾਦੀ ਵਾਲੇ ਸੂਬੇ ਕਸ਼ਮੀਰ ਦਾ ਰਾਜ ਸੌਂਪਿਆ। 1949 ਵਿੱਚ ਜਦੋਂ ਯਹੂਦੀਆਂ ਦਾ ਆਪਣਾ ਕੌਮੀ ਖੁਦਮੁਖਤਿਆਰ ਮੁਲਕ ਇਜ਼ਰਾਇਲ ਬਣਿਆ ਤਾਂ ਉਥੇ ਮੁਸਲਮਾਨ ਆਬਾਦੀ 6 ਲੱਖ, ਇਸਾਈ 86 ਹਜ਼ਾਰ ਤੇ ਯਹੂਦੀ ਆਬਾਦੀ ਸਿਰਫ 46 ਹਜ਼ਾਰ ਸੀ। ਆਪਣਾ ਰਾਜ ਆਉਣ ਸਾਰ ਹੀ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿੱਚ ਖਿੰਡੇ ਪੁੰਡੇ ਯਹੂਦੀ ਆ ਕੇ ਆਪਣੇ ਕੌਮੀ ਘਰ ਵਿੱਚ ਵਸ ਗਏ ਤੇ ਇੱਥੇ ਯਹੂਦੀਆਂ ਦੀ ਆਬਾਦੀ ਕੁਝ ਵਰ੍ਹਿਆਂ ਵਿੱਚ ਹੀ 6 ਲੱਖ ਹੋ ਗਈ।

ਨਾਲੇ ਇਹ ਕੋਈ ਜ਼ਰੂਰੀ ਨਹੀਂ ਹੁੰਦਾ ਕਿ ਜਿਹੜਾ ਕੰਮ ਇਤਿਹਾਸ ਵਿੱਚ ਪਹਿਲਾਂ ਨਾ ਹੋਇਆ ਹੋਵੇ, ਉਹ ਕਦੇ ਹੋ ਹੀ ਨਹੀਂ ਸਕਦਾ। ਨਾ ਹੀ ਕੋਈ ਅਜਿਹਾ ਪੱਕਾ ਸਿਧਾਂਤ ਸੀ ਕਿ ਕਿਸੇ ਦਾ ਕੌਮੀ ਘਰ ਬਣਨ ਲਈ ਉਥੇ ਉਹਦੀ ਬਹੁਗਿਣਤੀ ਜ਼ਰੂਰੀ ਹੈ। ਅਜਿਹੇ ਫੈਸਲੇ ਖਾਤਰ ਕਿਸੇ ਦੀਆਂ ਲੇਲੜੀਆਂ ਕੱਢਣੀਆਂ ਜ਼ਰੂਰੀ ਨਹੀਂ ਹੁੰਦੀਆਂ। ਸਿਆਸਤ ਵਿੱਚ ਜੋ ਕੁਝ ਲਿਆ ਜਾਂਦਾ ਹੈ, ਉਹ ਦਬਾਅ ਦੇ ਤਹਿਤ ਹੀ ਲਿਆ ਜਾਂਦਾ ਹੈ। ਉਸ ਵੇਲੇ ਜੇ ਸਿੱਖ ਆਪਣੀ ਖਾਤਰ ਸਟੈਂਡ ਲੈਂਦੇ ਤਾਂ ਪਾਕਿਸਤਾਨ ਤੇ ਹਿੰਦੁਸਤਾਨ- ਦੋਵੇਂ ਉਨ੍ਹਾਂ ਦੀਆਂ ਮੰਗਾਂ ਮੰਨਣ ਖਾਤਰ ਮਜਬੂਰ ਹੁੰਦੇ। ਸਿੱਖ ਜਿਹੜੀ ਧਿਰ ਨਾਲ ਵੀ ਖੜ੍ਹਦੇ, ਉਹਨੂੰ ਬਹੁਤ ਵੱਡਾ ਫਾਇਦਾ ਹੋਣਾ ਸੀ ਤੇ ਦੂਜੀ ਨੂੰ ਬਹੁਤ ਵੱਡਾ ਨੁਕਸਾਨ। ਦੋਵੇਂ ਧਿਰਾਂ ਆਪਣਾ ਨੁਕਸਾਨ ਘਟਾਉਣ ਖਾਤਰ ਸਿੱਖਾਂ ਦਾ ਅੱਧ ਵਿਚਾਲੇ ਖੜ੍ਹਨਾ ਭਾਵ ਆਪਣਾ ਵੱਖਰਾ ਰਾਜ ਲੈਣਾ ਮਨਜ਼ੂਰ ਕਰ ਸਕਦੀਆਂ ਸਨ। ਬਹੁਗਿਣਤੀ ਵਾਲੀ ਵੀ ਢੁੱਚਰ ਦੂਰ ਹੋ ਸਕਦੀ ਸੀ, ਜੇ ਸਿੱਖ ਪਹਿਲਾਂ ਤੋਂ ਹੀ ਇਹਦੇ ਬਾਰੇ ਸੋਚਦੇ। ਉਸ ਵੇਲੇ ਪੰਜਾਬ ਧੁਰ ਉੱਤਰ ਵਿੱਚ ਜ਼ਿਲ੍ਹਾ ਅਟਕ ਤੋਂ ਲੈ ਕੇ ਦੱਖਣ ਵਿੱਚ ਦਿੱਲੀ ਤੋਂ ਅਗਾਂਹ ਗੁੜਗਾਓਂ ਤਕ ਫੈਲਿਆ ਹੋਇਆ ਸੀ। ਜੀਹਨੂੰ ਅੱਜਕਲ੍ਹ ਹਰਿਆਣਾ ਆਖਿਆ ਜਾਂਦਾ ਹੈ, ਇਹ ਸਾਰਾ ਅੰਬਾਲਾ ਡਵੀਜ਼ਨ ਦਾ ਹਿੱਸਾ ਸੀ ਤੇ ਇੱਥੇ ਹਿੰਦੂਆਂ ਦੀ ਆਬਾਦੀ 76 ਫੀਸਦ ਸੀ। ਉਤਰੀ ਪੰਜਾਬ ਵਿੱਚ ਮੁਸਲਮਾਨ ਆਬਾਦੀ 74 ਫੀਸਦ ਸੀ। ਵਿਚਕਾਰਲੇ ਪੰਜਾਬ ਦਰਿਆ ਰਾਵੀ ਤੋਂ ਲੈ ਕੇ ਘੱਗਰ ਦਰਿਆ ਤੱਕ ਦਾ ਇਲਾਕਾ ਅਸਲ ਵਿੱਚ ਸਿੱਖਾਂ ਦਾ ਘਰ ਸੀ।

### ਬੱਝਵੀਂ ਆਬਾਦੀ ਵਾਲਾ ਅੜਿੱਕਾ ਦੂਰ ਕਰਨ ਦੀ ਕੋਸ਼ਿਸ਼

ਬੱਝਵੀਂ ਆਬਾਦੀ ਵਾਲਾ ਅੜਿੱਕਾ ਦੂਰ ਕਰਨ ਦੀ ਕੋਸ਼ਿਸ਼ ਅੰਗਰੇਜ਼ਾਂ ਨੇ 1930 ਵਿੱਚ ਕੀਤੀ, ਪਰ ਸਿੱਖਾਂ ਨੂੰ ਸਮਝ ਨਾ ਆਈ। 1930 ਵਿੱਚ ਹੋਈ ਗੋਲ ਮੇਜ ਕਾਨਫਰੰਸ ਦੌਰਾਨ ਪੰਜਾਬ ਦੇ ਫਾਈਨੈਂਸ਼ਲ ਕਮਿਸ਼ਨਰ ਰਹਿ ਚੁੱਕੇ ਸਰ ਜੈਫਰੀ ਕਾਰਬੈੱਟ ਨੇ ਇਹ ਸੁਝਾਅ ਦਿੱਤਾ ਕਿ ਅੰਬਾਲਾ ਡਵੀਜ਼ਨ ਨੂੰ ਪੰਜਾਬ ਵਿੱਚੋਂ ਕੱਢ ਦਿੱਤਾ ਜਾਵੇ, ਕਿਉਂਕਿ ਇਹਦੀ ਸੱਭਿਅਤਾ ਅਤੇ ਬੋਲੀ ਮੇਰਠ ਅਤੇ ਆਗਰਾ ਡਵੀਜ਼ਨਾਂ ਨਾਲ ਰਲਦੀ ਹੈ, ਸੋ ਇਹਨੂੰ ਉਹਦੇ ਨਾਲ ਮਿਲਾ ਦਿੱਤਾ ਜਾਵੇ। ਇਸ ਇਲਾਕੇ ਨੂੰ ਨਾ ਹੀ ਪੰਜਾਬ ਦੇ ਦਰਿਆ ਸਿੰਜਦੇ ਨੇ। ਪਰ ਸਿੱਖਾਂ ਨੇ ਇਸ ਤਜਵੀਜ਼ ਦਾ ਜ਼ਬਰਦਸਤ ਵਿਰੋਧ ਕੀਤਾ, ਕਿਉਂਕਿ ਇਹਦੇ ਨਾਲ ਮੁਸਲਮਾਨ ਆਬਾਦੀ 63 ਫੀਸਦ ਹੋ ਜਾਣੀ ਸੀ। ਜੇ ਸਿੱਖਾਂ ਦੇ ਮਨ ਵਿੱਚ ਵੱਖਰੇ ਸਿੱਖ ਰਾਜ ਦਾ ਕੋਈ ਨਕਸ਼ਾ ਹੁੰਦਾ ਤਾਂ ਉਹ ਇਹ ਮੰਗ ਕਰਦੇ ਕਿ ਘੱਗਰ ਦਰਿਆ ਤੋਂ ਹੇਠਲਾ ਇਲਾਕਾ ਭਾਵ ਅੰਬਾਲਾ ਡਵੀਜ਼ਨ ਵੀ ਪੰਜਾਬ ਵਿੱਚੋਂ ਕੱਢ ਦਿਓ ਤੇ ਰਾਵੀ ਤੋਂ ਉਪਰਲੀ ਮੁਸਲਮਾਨ ਬਹੁਗਿਣਤੀ ਵਾਲਾ ਇਲਾਕਾ ਵੀ ਪੰਜਾਬ ਵਿਚੋਂ ਕੱਢ ਦਿਓ। ਇਉਂ ਹੋਣ ਨਾਲ ਰਾਵੀ ਤੇ ਘੱਗਰ ਵਿਚਾਲੇ ਜਿਹੜਾ ਕੇਂਦਰੀ ਪੰਜਾਬ ਬਚਦਾ, ਉਹ ਸਿੱਖਾਂ ਦੇ ਰਾਜ ਦੀ ਨੀਂਹ ਧਰ ਸਕਦਾ ਸੀ।

ਮਸ਼ਹੂਰ ਸਿੱਖ ਵਿਦਵਾਨ ਆਪਣੀ ਕਿਤਾਬ ‘ਵੀਹਵੀ ਸਦੀ ਦੀ ਸਿੱਖ ਰਾਜਨੀਤੀ’ ਦੇ ਸਫਾ 81 ’ਤੇ ਪੇਸ਼ਕਦਮੀ ਤੇ ਕੁਰਾਹਾ ਵਾਲੇ ਚੈਪਟਰ ਵਿੱਚ ਲਿਖਦੇ ਹਨ ਕਿ “ਸਾਰੇ ਪੰਜਾਬ ਵਿੱਚ ਉਸ ਵੇਲੇ ਸਿੱਖ ਆਬਾਦੀ 50 ਲੱਖ ਸੀ, ਜਿਸ ਵਿੱਚੋਂ 20 ਲੱਖ ਕੇਂਦਰੀ ਪੰਜਾਬ ਵਿੱਚ ਵਸਦੇ ਸਨ। ਕੇਂਦਰ ਪੰਜਾਬ ਦਾ ਕੁੱਲ ਰਕਬਾ 22,500 ਵਰਗ ਕਿਲੋਮੀਟਰ ਸੀ। ਇਹਦੀ ਕੁੱਲ ਵਸੋਂ 1 ਕਰੋੜ 5 ਲੱਖ ਸੀ। ਜੀਹਦੇ ਵਿੱਚ 31.6 ਫੀਸਦ ਹਿੰਦੂ, 34.5 ਫੀਸਦ ਮੁਸਲਮਾਨ ਤੇ 33.7 ਫੀਸਦ ਸਿੱਖ ਵਸੋਂ ਸੀ। ਪੰਜਾਬ ਦੀ ਕੁੱਲ ਸਿੱਖ ਵਸੋਂ ਵਿੱਚੋਂ 70 ਫੀਸਦ ਵਸੋਂ ਇਸ ਇਲਾਕੇ ਵਿੱਚ ਵਸਦੀ ਸੀ। ਉਤਰੀ ਪੰਜਾਬ ਵਿੱਚ ਵਸਦੀ ਸਿੱਖ ਵਸੋਂ ਦਾ ਤਬਾਦਲਾ ਤੇ ਕੇਂਦਰੀ ਪੰਜਾਬ ਦੀ ਮੁਸਲਮਾਨ ਵਸੋਂ ਨਾਲ ਹੋ ਜਾਂਦਾ ਤਾਂ ਇੱਥੇ ਸਿੱਖ ਆਬਾਦੀ 60 ਫੀਸਦ ਤੱਕ ਹੋ ਸਕਦੀ ਸੀ। ਇਉਂ ਉਹ ਅਮਲੀ ਮੁਸ਼ਕਲ ਦੂਰ ਹੋ ਜਾਣੀ ਸੀ, ਜੋ ਕਿ ਸਿੱਖ ਕੌਮ ਦੀ ਆਜ਼ਾਦੀ ਦੇ ਰਾਹ ਵਿੱਚ ਮੁੱਖ ਰੁਕਾਵਟ ਮੰਨੀ ਜਾ ਰਹੀ ਸੀ। ਇਸਦੇ ਨਾਲ ਹੀ ਸਿੱਖ ਆਗੂ ਆਪਣੀ ਤਰਕ ਵਿਹੂਣੀ ਤੇ ਦੀਵਾਲੀਆ ਕਿਸਮ ਦੀ ਰਾਜਨੀਤੀ ਦੇ ਸੰਤਾਪ ਤੋਂ ਮੁਕਤ ਹੋ ਸਕਦੇ ਸਨ।”


ਪਰ ਇਹ ਕੁਝ ਮੁਮਕਿਨ ਹੀ ਨਹੀਂ ਸੀ, ਕਿਉਂਕਿ ਸਿੱਖ ਕਿਸੇ ਪਲ ਵੀ ਹਿੰਦੂਆਂ ਤੋਂ ਅਲਹਿਦਾ ਹੋਣ ਦੀ ਸੋਚ ਨਹੀਂ ਸੀ ਰੱਖਦੇ। ਉਨ੍ਹਾਂ ਦੀ ਸਾਰੀ ਰਾਜਨੀਤੀ ਮੁਸਲਮਾਨਾਂ ਨੂੰ ਖੂੰਝੇ ਲਾਉਣ ਵਾਲੇ ਨੁਕਤਾ-ਏ-ਨਿਗਾਹ ਤੋਂ ਹੀ ਤੁਰਦੀ ਸੀ। ਜਦੋਂ ਅੰਬਾਲਾ ਡਵੀਜ਼ਨ ਨੂੰ ਪੰਜਾਬ ਤੋਂ ਅੱਡ ਕਰਨ ਦੀ ਗੱਲ ਤੁਰੀ ਤਾਂ ਸਿੱਖਾਂ ਨੇ ਕਿਹਾ ਕਿ ਅੰਬਾਲਾ ਡਵੀਜ਼ਨ ਨੂੰ ਪੰਜਾਬ ਵਿੱਚੋਂ ਨਾ ਕੱਢੋ, ਬਲਕਿ ਮੁਸਲਮਾਨ ਬਹੁਗਿਣਤੀ ਵਾਲੀ ਰਾਵਲਪਿੰਡੀ ਡਵੀਜ਼ਨ ਨੂੰ ਪੰਜਾਬ ‘ਚੋਂ ਕੱਢੋ। ਜੇ ਦੋਨੋਂ ਡਵੀਜ਼ਨਾਂ ਨੂੰ ਕਢਾਉਣ ਦੀ ਗੱਲ ਕੀਤੀ ਜਾਂਦੀ ਤਾਂ ਉਹ ਸਿੱਖ ਹਿੱਤ ਮੁਤਾਬਕ ਹੁੰਦੀ ਤੇ ਉਹ ਮੰਨੀ ਵੀ ਜਾ ਸਕਦੀ ਸੀ।

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

# ਗੁਰਦੁਆਰਾ ਵ੍ਹੀਟਨ ਵਿਖੇ 'ਗੁਰੂ ਗ੍ਰੰਥ ਸਾਹਿਬ ਵੱਲ ਵਾਪਸੀ' ਵਿਸ਼ੇ 'ਤੇ ਅੰਤਰਰਾਸ਼ਟਰੀ ਕਾਨਫਰੰਸ

**ਪੰਜਾਬੀ ਪਰਵਾਜ਼ ਬਿਊਰੋ**

**ਸ਼ਿਕਾਗੋ:** 'ਗੁਰੂ ਗ੍ਰੰਥ ਸਾਹਿਬ ਵੱਲ ਵਾਪਸੀ' ਵਿਸ਼ੇ 'ਤੇ ਤਿੰਨ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਗੁਰਦੁਆਰਾ ਵ੍ਹੀਟਨ ਵਿਖੇ ਕਰਵਾਈ ਗਈ, ਜਿਸ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਅਜਿਹੇ ਸੈਮੀਨਾਰ ਕਰਨ ਦੀ ਲੋੜ ਇਸ ਲਈ ਪੈ ਗਈ ਹੈ, ਕਿਉਂਕਿ ਅਸੀਂ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਹੁੰਦੇ ਜਾ ਰਹੇ ਹਾਂ; ਜਦਕਿ ਗੁਰੂ ਕਾਲ ਵਿੱਚ ਹਰ ਗੁਰੂ ਨੇ ਬਾਣੀ ਨੂੰ ਵਿਸ਼ੇਸ਼ ਥਾਂ ਦਿੱਤੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ ਨੂੰ ਬਿਪਰ ਵੱਲੋਂ ਤਰ੍ਹਾਂ ਤਰ੍ਹਾਂ ਦੀਆਂ ਚੁਣੌਤੀਆਂ ਹਨ, ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਉਲਟ ਜਾ ਕੇ ਵੱਖ-ਵੱਖ ਗ੍ਰੰਥਾਂ ਦੀ ਸਥਾਪਤੀ, ਦੇਹਧਾਰੀ ਗੁਰੂਡੰਮ, ਪਾਖੰਡੀ ਬਾਬੇ, ਆਦਿ। ਕਾਨਫਰੰਸ ਵਿੱਚ ਕਿਹਾ ਗਿਆ ਕਿ ਸਿੱਖ ਪ੍ਰਚਾਰਕਾਂ ਵੱਲੋਂ ਵੀ ਸਿੱਖੀ ਦੇ ਵਿਹੜੇ ਅਨਮਤੀ ਗ੍ਰੰਥਾਂ ਦੀਆਂ ਮਿਸਾਲਾਂ ਦੇ ਦੇ ਕੇ ਪ੍ਰਚਾਰਿਆ ਜਾ ਰਿਹਾ ਹੈ, ਜਿਸ ਨਾਲ ਸੰਗਤ ਗੁੰਮਰਾਹ ਹੋ ਰਹੀ ਹੈ। ਬੁਲਾਰਿਆਂ ਨੇ ਗੁਰਬਾਣੀ ਆਪ ਪੜ੍ਹਨ ਦੇ ਯਤਨਾਂ ਉਤੇ ਜ਼ੋਰ ਦਿੱਤਾ, ਤਾਂ ਜੋ ਅਸੀਂ ਅਨਮਤ ਦਾ ਤਿਆਗ ਕਰ ਕੇ ਗੁਰਮਤਿ ਨੂੰ ਜ਼ਿੰਦਗੀ ਦਾ ਆਧਾਰ ਬਣਾ ਸਕੀਏ।



ਕਾਨਫਰੰਸ ਦੌਰਾਨ ਵਿਚਾਰ ਪੇਸ਼ ਕਰਦੇ ਹੋਏ ਬੁਲਾਰੇ (ਖੱਬਿਓਂ) ਕੁਲਦੀਪ ਸਿੰਘ, ਸੁਖਦੇਵ ਸਿੰਘ, ਵਰਿੰਦਰ ਸਿੰਘ ਮਾਨ, ਜਗਮੋਹਨ ਸਿੰਘ ਟੁੱਟ ਅਤੇ ਸਰਬਜੀਤ ਸਿੰਘ ਸੈਕਰਾਮੈਂਟੋ

ਇਸ ਕਾਨਫਰੰਸ ਦੇ ਸੰਦਰਭ ਵਿੱਚ ਮੁੱਖ ਮਤਾ ਪੜ੍ਹਿਆ ਗਿਆ, ਜਿਸ ਤਹਿਤ ਵਿਚਾਰੇ ਗਏ ਸੰਕਲਪਾਂ ਨੂੰ ਭਾਈਚਾਰੇ ਵਿੱਚ ਲਾਗੂ ਕਰਨ ਦਾ ਸੱਦਾ ਦਿੱਤਾ ਗਿਆ। ਗੁਰੂ ਗ੍ਰੰਥ ਸਾਹਿਬ ਦੇ ਅਭਿਆਸ ਅਤੇ ਇੱਕ ਧੁਰੇ ਵਿੱਚ ਰਹਿ ਕੇ ਭਾਈਚਾਰੇ ਵਿੱਚ ਵੰਡੀਆਂ ਪਾਉਣ ਵਾਲੀਆਂ ਕਾਰਵਾਈਆਂ ਨੂੰ ਰੱਦ ਕੀਤਾ ਗਿਆ। ਮੂਲ ਨਾਨਕਸ਼ਾਹੀ ਕੈਲੰਡਰ ਅਪਨਾਉਣ ਅਤੇ ਸਿੱਖ ਧਰਮ ਤੇ ਦੂਜੇ ਧਰਮਾਂ ਦਰਮਿਆਨ ਬਹਿਸ-ਮੁਬਾਹਿਸਾ ਬੰਦ ਕਰਨ; ਇੱਕ ਮੰਚ 'ਤੇ ਇਕੱਤਰ ਹੋ ਕੇ ਸਿੱਖ ਪੰਥ ਵਿੱਚ ਪੈਦਾ ਹੋ ਗਈਆਂ ਵੱਖ-ਵੱਖ ਰੀਤਾਂ ਰੱਦ ਕਰਨ ਦੀ ਗੁਹਾਰ ਲਾਈ ਗਈ ਅਤੇ ਕਿਹਾ ਗਿਆ ਕਿ ਕਾਨਫਰੰਸ ਵਿੱਚ ਵਿਚਾਰੇ ਗਏ ਵਿਸ਼ੇ ਅਤੇ ਪਾਸ ਕੀਤੇ ਗਏ ਮਤੇ ਗੁਰੂ ਗ੍ਰੰਥ ਸਾਹਿਬ ਦੀਆਂ ਮੂਲ ਕਦਰਾਂ-ਕੀਮਤਾਂ ਨੂੰ ਸੰਭਾਲਣ ਦੇ ਸਮੂਹਕ ਸੰਕਲਪ ਨੂੰ ਦੁਹਰਾਉਂਦੇ ਹਨ।

ਬੁਲਾਰਿਆਂ ਨੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਇਸ ਵਿਚਾਰ-ਚਰਚਾ ਦਾ ਮੁੱਖ ਤੌਰ 'ਤੇ ਮਕਸਦ ਕੱਚੀ ਬਾਣੀ ਵੱਲ ਨੂੰ ਪ੍ਰਭਾਵਿਤ ਹੋ ਰਹੀ ਸੰਗਤ ਨੂੰ ਪੱਕੀ ਬਾਣੀ ਯਾਨਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪ੍ਰਭਾਵ ਕਬੂਲਣ ਉਤੇ ਜ਼ੋਰ ਦੇਣਾ ਹੈ। ਕੱਚੀਆਂ ਰਚਨਾਵਾਂ ਸਿੱਖ ਸਮਾਜ ਅੰਦਰ ਇੱਕ ਸਾਜ਼ਿਸ਼ ਤਹਿਤ ਰਮਾਅ ਦਿੱਤੀਆਂ ਗਈਆਂ ਹਨ ਅਤੇ ਇਹ ਵਰਤਾਰਾ ਪਿਛਲੇ ਲੰਮੇ ਸਮੇਂ ਤੋਂ ਨਿਰੰਤਰ ਵਾਪਰ ਰਿਹਾ ਹੈ। ਗੁਰੂ ਨਾਨਕ ਸਾਹਿਬ ਦੇ ਸਮੇਂ ਦੀਆਂ ਜੋਗ ਮੰਤ ਨਾਲ ਸਬੰਧਤ ਰਚਨਾਵਾਂ ਵੀ ਗੁਰੂ ਸਾਹਿਬ ਦੇ ਨਾਂ ਹੇਠ ਦਰਜ ਕਰਕੇ ਸਿੱਖ ਪੰਥ ਵਿੱਚ ਪ੍ਰਚਾਰੀਆਂ ਗਈਆਂ। ਕਿਉਂਕਿ ਗੁਰੂ ਨਾਨਕ ਸਾਹਿਬ ਨੇ ਬਿਪਰ ਦੇ ਪ੍ਰਬੰਧ ਨੂੰ ਜੜ੍ਹਾਂ ਤੋਂ ਹਿਲਾ ਦਿੱਤਾ ਸੀ, ਇਸ ਕਰ ਕੇ ਬਿਪਰ ਵੱਲੋਂ ਤਰ੍ਹਾਂ-ਤਰ੍ਹਾਂ ਦੀਆਂ ਸਾਜਿਸ਼ਾਂ ਤਹਿਤ ਸਿੱਖੀ ਨੂੰ ਆਪਣੇ ਅੰਦਰ ਅਭੇਦ ਕਰਨ ਦੀਆਂ ਚਾਲਾਂ ਚੱਲੀਆਂ ਗਈਆਂ। ਇਸੇ ਤਹਿਤ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਬਚਿੱਤਰ ਨਾਟਕ ਰੂਪੀ ਇੱਕ ਹੋਰ ਗ੍ਰੰਥ ਖੜ੍ਹਾ ਕਰ ਕੇ 'ਸ਼ਬਦ ਗੁਰੂ' ਨੂੰ ਵੰਗਾਰ ਪਾਈ ਗਈ ਹੈ। ਗੁਰੂ ਕਾਲ ਤੋਂ ਚੱਲਦੀਆਂ ਆਈਆਂ ਕੱਚੀਆਂ ਰਚਨਾਵਾਂ ਨਾਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਢਾਹ ਲਾਉਣ ਦੀਆਂ ਕੋਝੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਇਸੇ ਪ੍ਰਤੀ ਸੰਗਤ ਨੂੰ ਸੁਚੇਤ ਕਰਨ ਲਈ ਗੁਰੂ ਗ੍ਰੰਥ ਸਾਹਿਬ ਵੱਲ ਵਾਪਸੀ ਦੇ ਸੰਦਰਭ ਵਿੱਚ ਇਹ ਕਾਨਫਰੰਸ ਰੱਖੀ ਗਈ। ਇਹ ਪ੍ਰਣ ਲਿਆ ਗਿਆ ਕਿ ਗੁਰੂ ਗ੍ਰੰਥ ਸਾਹਿਬ ਹੀ ਸਾਡਾ ਰਹਿਬਰ ਹੈ ਅਤੇ ਅਸੀਂ ਇਸ ਤੋਂ ਬਾਹਰ ਨਹੀਂ ਜਾਣਾ।




(ਖੱਬੇ) ਪ੍ਰੋ. ਦਰਸ਼ਨ ਸਿੰਘ ਖਾਲਸਾ ਅਤੇ (ਸੱਜੇ) ਡਾ. ਪਰਮਜੀਤ ਕੌਰ



ਗੁਰਮਤਿ ਟੀ.ਵੀ. ਦੇ ਹੋਸਟ ਸੁਖਦੇਵ ਸਿੰਘ ਨੇ 'ਗੁਰਮਤਿ ਅਤੇ ਸਿੱਖ ਰਹਿਤ ਮਰਿਆਦਾ' ਉਤੇ ਬੋਲਦਿਆਂ ਕਿਹਾ ਕਿ ਜਦੋਂ ਸਿੱਖਾਂ ਦਾ ਗੁਰੂ ਇੱਕ (ਗ੍ਰੰਥ ਸਾਹਿਬ) ਹੈ, ਬਾਣੀ ਇੱਕ ਹੈ ਅਤੇ ਉਸ ਗੁਰੂ ਦਾ ਉਪਦੇਸ਼ ਇੱਕ ਹੈ ਤਾਂ ਕੌਮ ਵਿੱਚ ਵਖਰੇਵੇਂ ਕਿਉਂ? ਉਨ੍ਹਾਂ ਗੁਰਬਾਣੀ ਦੀਆਂ ਕੁਝ ਤੁਕਾਂ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਜੇ ਸੰਸਾਰ ਉਤੇ ਸਰਬਸਾਂਝੀਵਾਲਤਾ ਦਾ ਉਪਦੇਸ਼ ਦੇਣਾ ਹੋਵੇ ਤਾਂ ਗੁਰੂ ਗ੍ਰੰਥ ਸਾਹਿਬ ਤੋਂ ਉਤੇ ਕੋਈ ਮਿਸਾਲ ਨਹੀਂ। ਪਰ ਉਨ੍ਹਾਂ ਨਾਲ ਹੀ ਕਿਹਾ ਕਿ ਗੁਰੂਆਂ ਦੀ ਬਾਣੀ ਹੁਣ ਗੁਰਦੁਆਰਿਆਂ ਦੀ ਚਾਰ-ਦੀਵਾਰੀ ਅੰਦਰ ਹੀ ਰਹਿ ਗਈ ਹੈ, ਤੇ ਗੁਰਦੁਆਰਿਆਂ ਵਿੱਚ ਲਾਗੂ ਵੀ ਨਹੀਂ। ਕਿਉਂਕਿ ਜਿਨ੍ਹਾਂ ਨੇ ਇਸ ਨੂੰ ਧੰਦਾ ਬਣਾ ਲਿਆ, ਉਨ੍ਹਾਂ ਨੇ ਇਸ ਨੂੰ ਉਪਦੇਸ਼ ਦੇ ਪੱਖ ਤੋਂ ਪੇਸ਼ ਨਹੀਂ ਕੀਤਾ, ਬਲਕਿ ਆਪਣੀਆਂ ਨਿੱਜੀ ਲੋੜਾਂ ਦੀ ਪੂਰਤੀ ਲਈ ਇਸ ਦੀ ਵਰਤੋਂ ਕੀਤੀ। ਉਨ੍ਹਾਂ ਕਿਹਾ ਕਿ ਜਿਸ ਬਾਣੀ ਨੇ ਸਾਰੇ ਸੰਸਾਰ ਨੂੰ ਸੁਖੀ ਕਰਨਾ ਸੀ, ਉਸ ਦੇ ਸਿੱਖ ਹੀ ਸੁਖੀ ਨਹੀਂ ਹੋ ਸਕੇ, ਕਿਉਂਕਿ ਅਸੀਂ ਵਿਕਾਰਾਂ, ਹਉਮੈ ਤੋਂ ਛੁਟਕਾਰਾ ਨਹੀਂ ਪਾ ਸਕੇ। ਸਾਡੇ ਕੋਲ ਗੁਰੂ ਦੇ ਗਿਆਨ ਦਾ ਖਜ਼ਾਨਾ ਹੁੰਦਿਆਂ ਵੀ ਅਸੀਂ ਸੱਖਣੇ ਇਸ ਲਈ ਹਾਂ, ਕਿਉਂਕਿ ਅਸੀਂ ਆਪ ਬਾਣੀ ਪੜ੍ਹਨ ਨੂੰ ਤਵੱਜੋ ਨਹੀਂ ਦੇ ਰਹੇ।

ਸੁਖਦੇਵ ਸਿੰਘ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਦੇ ਸਕੱਤਰ ਜਸਪਾਲ ਸਿੰਘ ਨੇ ਗੁਰਦੁਆਰਾ ਵ੍ਹੀਟਨ ਦੀ ਪ੍ਰਬੰਧਕ ਕਮੇਟੀ ਨੂੰ ਫੋਨ ਕਰ ਕੇ ਧਮਕੀ ਵੀ ਦਿੱਤੀ ਸੀ ਕਿ ਜੇ ਤੁਸੀਂ ਇਹ ਸਮਾਗਮ ਕਰਵਾਇਆ ਤਾਂ ਇਸ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਇਸ ਸਬੰਧੀ ਫੋਨ ਕਾਲ ਦੀ ਰਿਕਾਰਡਿੰਗ ਦਾ ਹਵਾਲਾ ਵੀ ਦਿੱਤਾ। ਉਨ੍ਹਾਂ ਨੇ ਪ੍ਰਬੰਧਕ ਕਮੇਟੀ ਦੀ ਇਸ ਗੱਲੋਂ ਸ਼ਲਾਘਾ ਕੀਤੀ ਕਿ ਧਮਕੀ ਦੇ ਬਾਵਜੂਦ ਇਹ ਪ੍ਰੋਗਰਾਮ ਗੁਰੂ ਘਰ ਵਿਖੇ ਕਰਵਾਉਣ ਤੋਂ ਪੈਰ ਪਿੱਛੇ ਨਹੀਂ ਖਿੱਚੇ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਸਾਨੂੰ ਸੱਚ ਦੇ ਨਾਲ ਖੜ੍ਹਨਾ ਚਾਹੀਦਾ ਹੈ, ਨਹੀਂ ਤਾਂ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਬਹੁਤ ਸਾਰੇ ਪਾਸਿਆਂ ਤੋਂ ਘੇਰਾ ਪਿਆ ਹੋਇਆ ਹੈ; ਪਰ ਅਸੀਂ ਆਪਣੀ ਵਿਲੱਖਣਤਾ ਨੂੰ ਕਾਇਮ ਰੱਖਣ ਲਈ ਰਲਮਿਲ ਕੇ ਹੰਭਲਾ ਮਾਰੀਏ। ਇੱਕ ਦਿਨ ਪਹਿਲਾਂ ਸੈਮੀਨਾਰ ਦੌਰਾਨ ਵੀ ਉਨ੍ਹਾਂ ਨੇ ਵਿਚਾਰਾਂ ਦੀ ਸਾਂਝ ਪਾਈ।

ਗੁਰਮਤਿ ਟੀ.ਵੀ. ਦੇ ਹੋਸਟ ਜਗਮੋਹਨ ਸਿੰਘ ਨੇ ਆਪਣੀ ਤਕਰੀਰ ਵਿੱਚ ਗੁਰਬਾਣੀ ਸ਼ਬਦ 'ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ' ਦੇ ਹਵਾਲੇ ਨਾਲ ਕਿਹਾ ਕਿ ਜਦੋਂ ਸਾਡੇ ਮਨ ਵਿੱਚ ਇਹ ਚਾਅ ਪੈਦਾ ਹੋ ਗਿਆ ਕਿ ਅਸੀਂ ਗੁਰੂ ਰੂਪੀ ਸ਼ਬਦ ਦਾ ਅੰਮ੍ਰਿਤ ਪੀਣਾ ਹੈ, ਤਦ ਹੀ ਪਿਆਸ ਮਿਟਣੀ ਹੈ; ਨਹੀਂ ਤਾਂ ਗੁਰਦੁਆਰੇ ਆਉਣਾ, ਮੱਥਾ ਟੇਕਣਾ ਤੇ ਲੰਗਰ ਛਕਣਾ ਇੱਕ ਕਰਮਕਾਂਡ ਬਣ ਕੇ ਰਹਿ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗੁਰਮਤਿ ਟੀ.ਵੀ. ਉਤੇ ਅਸੀਂ ਹਰ ਉਸ ਵਿਸ਼ੇ ਨੂੰ ਛੋਹਣ ਦੀ ਕੋਸ਼ਿਸ਼ ਕੀਤੀ ਹੈ, ਜਿਹੜੇ ਵਿਸ਼ੇ ਆਮ ਤੌਰ 'ਤੇ ਗੁਰਦੁਆਰਿਆਂ ਵਿੱਚ ਨਹੀਂ ਛੋਹੇ ਜਾਂਦੇ।

ਉਨ੍ਹਾਂ ਕਿਹਾ ਕਿ ਜਿਹੜੇ ਹਮਲੇ ਗੁਰੂ ਗ੍ਰੰਥ ਸਾਹਿਬ ਉਤੇ ਹੋ ਰਹੇ ਹਨ, ਸਾਡਾ ਮਕਸਦ ਉਸ ਪ੍ਰਤੀ ਸੰਗਤ ਨੂੰ ਸੁਚੇਤ ਕਰਨਾ ਹੈ। ਸੋਸ਼ਲ ਮੀਡੀਆ ਉਤੇ ਸਿੱਖ ਧਰਮ ਨਾਲ ਜੋੜ ਕੇ ਜੋ ਗੱਪ ਕਹਾਣੀਆਂ ਸੁਣਾਈਆਂ ਜਾਂਦੀਆਂ ਹਨ, ਉਨ੍ਹਾਂ ਦਾ ਜਵਾਬ ਗੁਰਬਾਣੀ ਦੇ ਪਰਿਪੇਖ ਵਿੱਚ ਦੇਣਾ ਹੀ ਸਾਡਾ ਮਕਸਦ ਹੈ। ਉਨ੍ਹਾਂ 'ਸਿੱਖਾਂ ਦੇ ਭਖਦੇ ਮਸਲੇ' ਟੀ.ਵੀ. ਸ਼ੋਅ ਦਾ ਜ਼ਿਕਰ ਵੀ ਕੀਤਾ। ਇਸ ਤੋਂ ਇਲਾਵਾ ਗੁਰਬਾਣੀ ਦੀ ਸੰਥਿਆ ਕਿ ਕਿਹੜਾ ਸ਼ਬਦ ਕਿਸ ਤਰ੍ਹਾਂ ਉਚਾਰਨਾ ਹੈ, ਬਾਰੇ ਵੀ ਦੱਸਿਆ ਜਾਂਦਾ ਹੈ। ਉਨ੍ਹਾਂ ਦਾ ਮੁੱਖ ਮਕਸਦ ਸੰਗਤ ਨੂੰ ਗੁਰਮਤਿ ਦੇ ਉਲਟ ਵਿਕਸਿਤ ਹੋ ਰਹੇ ਕਰਮਕਾਂਡਾਂ ਦੇ ਜਵਾਬ ਵਿੱਚ ਗੁਰਬਾਣੀ ਦੇ ਆਧਾਰ 'ਤੇ ਵੱਧ ਤੋਂ ਵੱਧ ਜਾਣਕਾਰੀ ਮੁਹੱਈਆ ਕਰਨਾ ਹੈ ਕਿ ਕਿਨ੍ਹਾਂ ਧਾਰਮਿਕ ਵੈਬਸਾਈਟਾਂ ਜਾਂ ਚੈਨਲਾਂ ਤੋਂ ਇਹ ਪ੍ਰਾਪਤ ਕੀਤੀ ਜਾ ਸਕਦੀ ਹੈ।

ਜਗਮੋਹਨ ਸਿੰਘ ਨੇ ਕਿਹਾ ਕਿ ਜਦੋਂ ਗੁਰੂ ਗ੍ਰੰਥ ਸਾਹਿਬ ਪੜ੍ਹਦੇ ਹਾਂ ਤਾਂ ਇਹ ਅੰਦਰੋਂ ਮਜਬੂਤ ਕਰ ਦਿੰਦਾ ਹੈ। ਜੇ ਅਸੀਂ ਬਾਣੀ ਖੁਦ ਪੜ੍ਹੀਏ ਤਾਂ ਸਾਡੇ ਤੋਂ ਬਿਨਾ ਕੋਈ ਵਧੀਆ ਪ੍ਰਚਾਰਕ ਕਿਵੇਂ ਹੋ ਸਕਦਾ ਹੈ! ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਉਪਰਾਲਾ ਹੋਣਾ ਚਾਹੀਦਾ ਹੈ ਕਿ ਅਸੀਂ ਆਪ ਗੁਰਬਾਣੀ ਪੜ੍ਹ ਕੇ ਗਿਆਨਵਾਨ ਬਣੀਏ। 'ਬਾਣੀ ਅਗਾਦ-ਬੋਧ ਹੈ' ਆਖ ਕੇ ਸਾਨੂੰ ਡਰਾਇਆ ਜਾਂਦਾ ਹੈ, ਤਾਂ ਜੋ ਅਸੀਂ ਆਪਣੇ ਸ਼ਬਦ ਗੁਰੂ ਤੋਂ ਦੂਰ ਹੋ ਜਾਈਏ।

ਇਸ ਮੌਕੇ ਵਰਿੰਦਰ ਸਿੰਘ ਮਾਨ ਨੇ 'ਕੱਤਕ ਕਿ ਵੈਸਾਖ' ਵਿਸ਼ੇ 'ਤੇ ਤਕਰੀਰ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਨੇ ਸਿੱਖਾਂ ਨੂੰ ਵਿਚਾਰਵਾਨ ਬਣਾਇਆ, ਪਰ ਅਸੀਂ ਇਸ ਤੋਂ ਦੂਰ ਚਲੇ ਗਏ ਹਾਂ। ਹਾਲਾਤ ਇਹ ਹਨ ਕਿ ਸਾਡੀ ਕੌਮ ਪੜ੍ਹਦੀ ਘੱਟ ਹੈ ਤੇ ਸੁਣੀ-ਸੁਣਾਈ ਗੱਲ ਉਤੇ ਵਿਸ਼ਵਾਸ ਕਰ ਲੈਂਦੀ ਹੈ। ਉਨ੍ਹਾਂ ਸਮੇਂ ਸਮੇਂ ਰਹੇ ਅਕਾਲ ਤਖਤ ਦੇ ਕੁਝ ਜਥੇਦਾਰਾਂ ਵੱਲੋਂ ਮਨਮਰਜੀ ਦੇ ਹੁਕਮਨਾਮੇ ਜਾਰੀ ਕਰਨ ਦਾ ਜ਼ਿਕਰ ਵੀ ਕੀਤਾ ਤੇ ਕਿਹਾ ਕਿ ਮੌਜੂਦਾ ਜਥੇਦਾਰੀ ਦਾ ਸਿਸਟਮ 1925 ਦਾ ਬਣਿਆ ਹੋਇਆ ਹੈ,

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ



# ਕਾਨਫਰੰਸ ਦੌਰਾਨ 5 ਮਤੇ ਪਾਸ ਕੀਤੇ ਗਏ

ਗੁਰਦੁਆਰਾ ਵ੍ਹੀਟਨ ਕਮੇਟੀ ਦੀ ਪ੍ਰਧਾਨ ਡਾ. ਪਰਮਜੀਤ ਕੌਰ ਨੇ ਕਿਹਾ ਕਿ 'ਗੁਰੂ ਗ੍ਰੰਥ ਸਾਹਿਬ ਵੱਲ ਵਾਪਸੀ' ਬਾਰੇ ਕਾਨਫਰੰਸ ਵਿੱਚ ਵੱਖ-ਵੱਖ ਬੁਲਾਰਿਆਂ ਨੇ ਖੋਜ ਭਰਪੂਰ ਵਿਚਾਰ ਪੇਸ਼ ਕੀਤੇ ਹਨ। ਇਸ ਕਾਨਫਰੰਸ ਦੇ ਸਿੱਟੇ ਦੇ ਸੰਦਰਭ ਵਿੱਚ ਕੁਝ ਮਤੇ ਪਾਸ ਕਰਨ ਹਿੱਤ ਸੰਗਤ ਨੂੰ ਪੜ੍ਹ ਕੇ ਸੁਣਾਏ ਗਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ; ਮਤਾ ਪਹਿਲਾ: ਸੰਗਤ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਇੱਕੋ ਇੱਕ ਗ੍ਰੰਥ ਹਨ। ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਿਸੇ ਵੀ ਅਨਮਤੀ ਗ੍ਰੰਥ ਦੀ ਮੌਜੂਦਗੀ ਨੂੰ ਰੱਦ ਕੀਤਾ ਜਾਂਦਾ ਹੈ।

ਦੂਜਾ ਮਤਾ ਪੇਸ਼ ਕਰਦਿਆਂ ਭਾਈ ਮਹਿੰਦਰ ਸਿੰਘ ਨੇ ਕਿਹਾ ਕਿ ਕਾਨਫਰੰਸ ਵਿੱਚ ਜੋ ਵਿਚਾਰਾਂ ਹੋਈਆਂ ਹਨ ਅਤੇ ਉਨ੍ਹਾਂ ਵਿਚਾਰਾਂ ਦੇ ਅਨੁਕੂਲ ਹੀ ਸੰਗਤ ਦੀ ਸਹਿਮਤੀ ਨਾਲ ਮਤੇ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮਤਿਆਂ ਵਿੱਚ ਅਜਿਹਾ ਕੁਝ ਨਹੀਂ ਜੋ ਗੁਰਮਤਿ ਦੇ ਉਲਟ ਹੋਵੇ। ਸੰਗਤ ਕਿਸੇ ਵੀ ਸੰਸਥਾ ਦੇ ਕਿਸੇ ਵੀ ਸਿੱਖ ਨੂੰ ਛੇਕਣ ਦੇ ਅਧਿਕਾਰ ਨੂੰ ਰੱਦ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸਰਬਵਿਆਪੀ ਸਿਖਿਆਵਾਂ ਦੀ ਰੌਸ਼ਨੀ ਵਿੱਚ ਅਜਿਹੀਆਂ ਸੰਸਥਾਵਾਂ ਦੁਆਰਾ ਜਾਰੀ ਕੀਤੇ ਗਏ ਕਿਸੇ ਵੀ ਭੇਦਭਾਵ ਨੂੰ ਪ੍ਰਵਾਨ ਨਹੀਂ ਕਰਦੀ। ਇਹ ਮਤਾ ਸ. ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ, ਜੋਗਿੰਦਰ ਸਿੰਘ ਸਪੋਕਸਮੈਨ, ਪ੍ਰੋ. ਦਰਸ਼ਨ ਸਿੰਘ ਖਾਲਸਾ, ਗਿਆਨੀ ਕੁਲਦੀਪ ਸਿੰਘ ਵਰਜੀਨੀਆ, ਪਵਿੰਦਰ ਸਿੰਘ ਆਨੰਦ ਦੇ ਛੇਕਣ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ; ਅਤੇ ਜਿਸ ਨੂੰ ਕਿਸੇ ਤਰ੍ਹਾਂ ਨਿਸ਼ਾਨਾ ਬਣਾਇਆ ਗਿਆ ਹੋਵੇ, ਨੂੰ ਸਿੱਖ ਭਾਈਚਾਰੇ ਦੇ ਪੂਰਨ ਹਿੱਸਾ ਹੋਣ ਵਜੋਂ ਮਾਨਤਾ ਦਿੰਦਾ ਹੈ।




ਤੀਜਾ ਮਤਾ ਪੜ੍ਹਨ ਤੋਂ ਪਹਿਲਾਂ ਪ੍ਰੋ. ਕੁਲਵੰਤ ਸਿੰਘ ਨੇ ਕਿਹਾ ਕਿ ਕੌਮਾਂ ਵਿਦਵਾਨਾਂ ਨੂੰ ਲੱਭਦੀਆਂ ਹਨ, ਪਰ ਸਾਡੀ ਤ੍ਰਾਸਦੀ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਪੰਥ ਵਿੱਚੋਂ ਛੇਕ ਦਿੰਦੇ ਹਾਂ। ਤੀਜਾ ਮਤਾ ਵਿਦਵਾਨਾਂ ਦੀਆਂ ਲਿਖਤਾਂ ਅਤੇ ਬੁਲਾਰਿਆਂ 'ਤੇ ਲਾਈ ਪਾਬੰਦੀ ਨੂੰ ਰੱਦ ਕਰਦਾ ਹੈ। ਕਿਸੇ ਨੂੰ ਲਿਖਣ ਦੀ ਤੇ ਕਿਸੇ ਨੂੰ ਵਿਚਾਰ ਸਾਂਝੇ ਕਰਨ ਦੇਣ ਦੀ ਆਜ਼ਾਦੀ ਨਹੀਂ ਦੇਣੀ, ਔਰੰਗਜ਼ੇਬੀ ਰਾਜ ਜਿਹਾ ਹੈ। ਉਨ੍ਹਾਂ ਵਿਚਾਰਾਂ ਦੀ ਆਜ਼ਾਦੀ ਦੇ ਸਬੰਧ ਵਿੱਚ ਕੁਝ ਵਿਦਵਾਨਾਂ ਦੇ ਨਾਂ ਵੀ ਗਿਣਾਏ। ਪ੍ਰੋ. ਕੁਲਵੰਤ ਸਿੰਘ ਨੇ ਮਤੇ ਰਾਹੀਂ ਵਿਚਾਰਾਂ ਦੀ ਆਜ਼ਾਦੀ ਬਹਾਲ ਕਰਨ ਅਤੇ ਵਿਦਵਾਨਾਂ ਦੀਆਂ ਲਿਖਤਾਂ ਤੋਂ ਪਾਬੰਦੀ ਹਟਾਏ ਜਾਣ ਦੀ ਬੇਨਤੀ ਕੀਤੀ।

ਚੌਥੇ ਮਤੇ ਰਾਹੀਂ ਦੱਸਿਆ ਗਿਆ, ਸੰਗਤ ਇਸ ਫੈਸਲੇ 'ਤੇ ਪੁੱਜੀ ਹੈ ਕਿ ਸ. ਪਾਲ ਸਿੰਘ ਪੁਰੇਵਾਲ ਵੱਲੋਂ ਪੇਸ਼ ਕੀਤਾ ਗਿਆ ਮੂਲ ਨਾਨਕਸ਼ਾਹੀ ਕੈਲੰਡਰ ਇੱਕੋ ਇੱਕ ਇਤਿਹਾਸਕ ਤੇ ਵਿਗਿਆਨਕ ਰੂਪ ਵਿੱਚ ਸਹੀ ਸਿੱਖ ਕੈਲੰਡਰ ਹੈ, ਜੋ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਦੇ ਆਧਾਰਤ ਹੈ। ਇਸ ਕੈਲੰਡਰ ਦੀ ਪਾਲਣਾ ਕਰਦਿਆਂ ਸੰਗਤ ਹੇਠ ਲਿਖੀਆਂ ਮਹੱਤਵਪੂਰਨ ਸਾਲਾਨਾ ਤਰੀਕਾਂ ਨੂੰ ਮਨਾਉਣ ਦਾ ਸੰਕਲਪ ਕਰਦੀ ਹੈ; ਪ੍ਰਕਾਸ਼ ਪੁਰਬ ਗੁਰੂ ਨਾਨਕ ਸਾਹਿਬ ਇੱਕ ਵੈਸਾਖ (14 ਅਪਰੈਲ), ਹੋਲਾ ਮਹੱਲਾ ਨਵੇਂ ਵਰ੍ਹੇ ਦੇ ਪਹਿਲੇ ਦਿਨ ਇੱਕ ਚੇਤ (14 ਮਾਰਚ), ਬੰਦੀਛੋੜ ਦਿਵਸ ਇੱਕ ਫੱਗਣ (12 ਫਰਵਰੀ) ਨੂੰ।

ਅਖੀਰਲਾ ਮਤਾ ਨੰਬਰ ਪੰਜ ਇਰਵਿਨਪ੍ਰੀਤ ਸਿੰਘ ਨੇ ਪੜ੍ਹਿਆ ਤੇ ਕਿਹਾ ਕਿ ਇਹ ਸਿੱਖੀ ਦੇ ਉਨ੍ਹਾਂ ਝੰਡਾਬਰਦਾਰਾਂ ਨੂੰ ਸਮਰਪਿਤ ਹੈ, ਜਿਨ੍ਹਾਂ ਨੇ ਆਪਣੀਆਂ ਲਿਖਤਾਂ/ਵਿਚਾਰਾਂ ਨਾਲ ਸਿੱਖੀ ਨੂੰ ਬਾਹਰੀ ਤਾਕਤਾਂ ਤੋਂ ਬਚਾਅ ਸਕਣ ਲਈ ਯਤਨ ਕੀਤੇ। ਇਹ ਇਕੱਤਰਤਾ ਗੁਰੂ ਗ੍ਰੰਥ ਸਾਹਿਬ ਦੇ ਮਾਹਨ ਸਰਬ ਸਾਂਝੇ ਉਪਦੇਸ਼ਾਂ ਨੂੰ ਪ੍ਰਚਾਰਨ ਤੇ ਪ੍ਰਸਾਰਣ ਲਈ ਮੁਹਿੰਮ ਪੈਦਾ ਕਰਨ ਲਈ ਯਤਨਸ਼ੀਲ ਹੈ, ਜਿਸ ਨਾਲ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਸੁਨੇਹਾ ਹਰ ਪ੍ਰਾਣੀ ਤੱਕ ਪਹੁੰਚ ਸਕੇ। ਇਸ ਮਤੇ ਰਾਹੀਂ ਸੰਗਤ ਨੂੰ ਅਪੀਲ ਕੀਤੀ ਗਈ ਕਿ ਇਸ ਲਹਿਰ ਦਾ ਹਿੱਸਾ ਬਣ ਕੇ ਆਪਣਾ ਯੋਗਦਾਨ ਪਾਇਆ ਜਾਵੇ। ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ ਮਤਿਆਂ ਦੀ ਤਾਈਦ ਕੀਤੀ।

## 'ਗੁਰੂ ਗ੍ਰੰਥ ਸਾਹਿਬ ਵੱਲ ਵਾਪਸੀ' ਵਿਸ਼ੇ 'ਤੇ ਅੰਤਰਰਾਸ਼ਟਰੀ ਕਾਨਫਰੰਸ

ਉਸ ਤੋਂ ਪਹਿਲਾਂ ਨਹੀਂ ਸੀ।

ਇਸ ਮੌਕੇ ਉਨ੍ਹਾਂ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਨਵੰਬਰ ਵਿੱਚ ਮਨਾਏ ਜਾਣ 'ਤੇ ਵੀ ਵਿਚਾਰ ਕੀਤੀ ਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਵੈਬਸਾਈਟ 'ਤੇ ਦਰਜ ਜਾਣਕਾਰੀ ਸਮੇਤ ਸਾਰੇ ਮੰਨ ਚੁੱਕੇ ਹਨ ਕਿ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਇੱਕ ਵੈਸਾਖ ਦਾ ਹੈ, ਫਿਰ ਕੱਤਕ ਦੀ ਪੂਰਨਮਾਸ਼ੀ ਨੂੰ ਕਿਉਂ ਮਨਾਇਆ ਜਾਂਦਾ ਹੈ? ਉਨ੍ਹਾਂ 19 ਪੁਰਾਤਨ ਜਨਮ ਸਾਖੀਆਂ ਦੇ ਹਵਾਲੇ ਨਾਲ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਮੁਤਾਬਕ ਗੁਰੂ ਨਾਨਕ ਦੇਵ ਦੀ ਜਨਮ ਮਿਤੀ ਇੱਕ ਵੈਸਾਖ ਬਣਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖੰਡੇ ਦੀ ਪਹੁਲ ਦੇਣ ਲਈ ਪਹਿਲੀ ਵੈਸਾਖ 1699 ਦਾ ਦਿਨ ਹੀ ਚੁਣਿਆ ਸੀ, ਕਿਉਂਕਿ ਉਹ ਦਿਨ ਹੀ ਸਿੱਖੀ ਦੇ ਜਨਮ ਦਿਨ ਦਾ ਦਿਨ ਸੀ। ਉਨ੍ਹਾਂ ਦੱਸਿਆ ਕਿ 1912 ਵਿੱਚ ਕਰਮ ਸਿੰਘ ਹਿਸਟੋਰੀਅਨ ਨੇ ਕਿਤਾਬ ਲਿਖੀ ਸੀ, 'ਕੱਤਕ ਕਿ ਵੈਸਾਖ।' ਉਸ ਤੋਂ ਪਹਿਲਾਂ ਪ੍ਰੋ. ਗੁਰਮੁਖ ਸਿੰਘ ਨੇ ਵੀ ਲੇਖ ਲਿਖਿਆ ਸੀ। ਉਨ੍ਹਾਂ ਇਤਿਹਾਸ ਵਿੱਚੋਂ ਹਵਾਲਾ ਦਿੱਤਾ ਕਿ 1815 ਵਿੱਚ ਸੰਤ ਸਿੰਘ ਨਾਂ ਦਾ ਪੁਜਾਰੀ ਸੀ ਦਰਬਾਰ ਸਾਹਿਬ ਵਿੱਚ, ਕਿਉਂਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਉਪਰੰਤ ਕਰੀਬ 1921 ਤੱਕ ਗੁਰਦੁਆਰਿਆਂ ਉਤੇ ਨਿਰਮਲਿਆਂ ਤੇ ਉਦਾਸੀਆਂ ਦਾ ਕਬਜਾ ਰਿਹਾ। ਪੁਜਾਰੀ ਸੰਤ ਸਿੰਘ ਦੇ ਸਮੇਂ ਤੋਂ ਕੱਤਕ ਵਿੱਚ ਲੱਗਦੇ ਮੇਲੇ ਵਿੱਚ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਮਨਾਉਣਾ ਸ਼ੁਰੂ ਹੋਇਆ। ਇੱਕ ਦਿਨ ਪਹਿਲਾਂ ਸੈਮੀਨਾਰ ਦੌਰਾਨ ਉਨ੍ਹਾਂ ਸਲਾਈਡ ਸ਼ੋਅ ਰਾਹੀਂ 'ਕੱਤਕ ਕਿ ਵੈਸਾਖ' ਸਬੰਧੀ ਜਾਣਕਾਰੀ ਵੀ ਮੁਹੱਈਆ ਕੀਤੀ ਸੀ।

ਲੇਖਕ ਸਰਬਜੀਤ ਸਿੰਘ ਸੈਕਰਾਮੈਂਟੋ ਨੇ ਨਾਨਕਸ਼ਾਹੀ ਕੈਲੰਡਰ ਸਬੰਧੀ ਬੋਲਦਿਆਂ ਕਿਹਾ ਕਿ ਪਿਛਲੇ ਢਾਈ ਕੁ ਦਹਾਕੇ ਤੋਂ ਸਿੱਖ ਪੰਥ ਵਿੱਚ ਕੈਲੰਡਰ ਦੀ ਸਮੱਸਿਆ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਵਿਸ਼ਾ ਕਿਸੇ ਜਿੱਤ-ਹਾਰ ਦਾ ਨਹੀਂ ਹੈ, ਸਗੋਂ ਸਮਝਣ ਤੇ ਸਮਝਾਉਣ ਦਾ ਹੈ। ਉਨ੍ਹਾਂ ਕਿਹਾ ਕਿ ਜਿਹੜਾ ਅਸੀਂ ਕੈਲੰਡਰ ਦੋ ਹਜ਼ਾਰ ਸਾਲ ਤੋਂ ਵਰਤ ਰਹੇ ਹਾਂ, ਉਹ ਬਿਕਰਮੀ ਹੈ। ਕੁਦਰਤ ਦੇ ਨਿਯਮ ਦੇ ਮੁਤਾਬਕ ਸਾਲ ਉਸ ਸਮੇਂ ਨੂੰ ਕਹਿੰਦੇ ਹਾਂ, ਜਿੰਨੇ ਸਮੇਂ 'ਚ ਧਰਤੀ ਸੂਰਜ ਦੇ ਦੁਆਲੇ ਇੱਕ ਚੱਕਰ ਲਾਉਂਦੀ ਹੈ। ਗੁਰੂ ਨਾਨਕ ਬਾਣੀ ਵਿੱਚ ਰੁੱਤਾਂ ਦਾ ਜ਼ਿਕਰ ਆਉਂਦਾ ਹੈ। ਸੂਰਜੀ ਸਿਧਾਂਤ ਮੁਤਾਬਕ ਗੁਰੂ ਨਾਨਕ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਚੌਵੀ-ਚੌਵੀ ਮਿੰਟਾਂ ਦੇ ਹਿਸਾਬ ਨਾਲ 9 ਦਿਨਾਂ ਦਾ ਫਰਕ ਪੈ ਚੁਕਾ ਹੈ। ਉਨ੍ਹਾਂ ਵੱਖ-ਵੱਖ ਕੈਲੰਡਰਾਂ ਦਾ ਵੀ ਹਵਾਲਾ ਦਿੱਤਾ ਅਤੇ ਕਿਹਾ ਕਿ ਅਸੀਂ ਆਪਣੇ ਕੈਲੰਡਰ ਲਈ ਇੱਕੀਵੀਂ ਸਦੀ ਵਿੱਚ ਵੀ ਲੜ ਰਹੇ ਹਾਂ! ਇਹ ਪ੍ਰਚਾਰਿਆ ਜਾਂਦਾ ਰਿਹਾ ਹੈ ਕਿ ਪਾਲ ਸਿੰਘ ਪੁਰੇਵਾਲ ਨੇ ਕੈਲੰਡਰ ਦੇ ਮਾਮਲੇ ਵਿੱਚ 'ਸਿਆਪਾ ਪਾ ਦਿੱਤਾ' ਹੈ।

ਸਰਬਜੀਤ ਸਿੰਘ ਨੇ 'ਪੁੰਨਿਆ-ਮੱਸਿਆ' ਬਾਰੇ ਵੀ ਵਿਚਾਰ ਰੱਖੇ। ਉਨ੍ਹਾਂ 'ਸੰਕਰਾਂਤ/ਸੰਗਰਾਂਦ' ਸ਼ਬਦ ਦੇ ਜ਼ਿਕਰ ਨਾਲ ਇਨ੍ਹਾਂ ਦੇ ਮਨਾਏ ਜਾਣ ਦਾ ਵੀ ਹਵਾਲਾ ਦਿੱਤਾ ਤੇ ਕਿਹਾ ਕਿ ਸੂਰਜ ਦਾ ਇੱਕ ਰਾਸ਼ੀ ਤੋਂ ਦੂਜੀ ਰਾਸ਼ੀ ਵਿੱਚ ਪ੍ਰਵੇਸ਼ ਕਰਨਾ ਹੀ ਸੰਕਰਾਂਤ ਹੈ- ਭਾਵ ਬਾਰਾਂ ਰਾਸ਼ੀਆਂ ਤੇ ਬਾਰਾਂ ਮਹੀਨੇ। ਉਨ੍ਹਾਂ ਕਿਹਾ ਕਿ ਇਹ ਥਿਊਰੀ ਉਦੋਂ ਦੀ ਬਣੀ ਹੋਈ ਹੈ, ਜਦੋਂ ਸੂਰਜ ਧਰਤੀ ਦੇ ਦੁਆਲੇ ਘੁੰਮਦਾ ਸੀ; ਪਰ ਕਰੀਬ ਪੰਜ ਸੌ ਸਾਲ ਹੋ ਗਏ ਹਨ ਧਰਤੀ ਸੂਰਜ ਦੇ ਦੁਆਲੇ ਘੁੰਮਦੀ ਨੂੰ। ਉਨ੍ਹਾਂ ਕਿਹਾ ਕਿ ਗੁਰਬਾਣੀ ਵਿੱਚ 'ਬਾਰਹ ਮਾਹਾ' ਰਾਹੀਂ ਗੁਰਮਤਿ ਦਾ ਉਪਦੇਸ਼ ਦਿੱਤਾ ਗਿਆ ਹੈ। ਆਪਣੀ ਤਕਰੀਰ ਉਨ੍ਹਾਂ ਇਹ ਆਖ ਕੇ ਸਮਾਪਤ ਕੀਤੀ ਕਿ ਜ਼ਰੂਰੀ ਨਹੀਂ ਕਿ ਤੁਸੀਂ ਸਾਡੇ ਵਿਚਾਰਾਂ ਨਾਲ ਸਹਿਮਤ ਹੋਵੋ, ਪਰ ਇਨ੍ਹਾਂ ਬਾਰੇ ਸੋਚੋ ਜ਼ਰੂਰ! ਸੈਮੀਨਾਰ ਦੌਰਾਨ ਉਨ੍ਹਾਂ ਸਲਾਈਡ ਸ਼ੋਅ ਰਾਹੀਂ ਵੱਖ-ਵੱਖ ਜੰਤਰੀਆਂ ਤੇ ਕੈਲੰਡਰਾਂ ਦਾ ਹਵਾਲਾ ਦਿੱਤਾ ਅਤੇ ਸਿੱਖ ਪੰਥ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਗੁਰਾਂ ਦੇ ਪੁਰਬ ਤੇ ਇਹਿਤਾਸਕ ਦਿਹਾੜੇ ਮਨਾਏ ਜਾਣ ਦੀ ਅਪੀਲ ਕੀਤੀ।

ਸਰੀ/ਵੈਨਕੂਵਰ ਤੋਂ ਆਏ ਸਾਂਝਾ ਟੀ.ਵੀ. ਦੇ ਹੋਸਟ ਕੁਲਦੀਪ ਸਿੰਘ ਨੇ ਆਪਣੀ ਤਕਰੀਰ ਵਿੱਚ ਕਿਹਾ ਕਿ 'ਵਾਹੁ ਵਾਹੁ ਬਾਣੀ ਨਿਰੰਕਾਰ ਹੈ...' ਤੇ ਜੇ ਨਿਰੰਕਾਰ ਦੀ ਗੋਦ ਵਿੱਚ ਬੈਠ ਕੇ ਵੀ ਸਾਡੇ ਮਨਾਂ ਵਿੱਚ ਸ਼ੰਕੇ ਹਨ, ਜੇ ਅਸੀਂ ਆਪਣੇ ਮਸਲੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਵੀ ਹੱਲ ਨਹੀਂ ਕਰ ਪਾ ਰਹੇ; ਤਾਂ ਉਸ ਦਾ ਜ਼ਿੰਮੇਵਾਰ ਕੌਣ ਹੈ? 'ਭਾਈ ਬਾਲੇ ਦੀ ਸਾਖੀ' ਨੂੰ ਮੂਲੋਂ ਹੀ ਨਕਾਰਦਿਆਂ ਤੇ ਸਿੱਖ ਇਤਿਹਾਸ ਵਿੱਚ ਬੜਾ ਕੁਝ ਸ਼ਾਮਲ ਕਰ ਦਿੱਤੇ ਜਾਣ ਉਤੇ ਵੀ ਉਨ੍ਹਾਂ ਵਿਚਾਰ ਸਾਂਝੇ ਕੀਤੇ।

ਉਨ੍ਹਾਂ ਕਿਹਾ ਕਿ ਕੁਝ ਇਤਿਹਾਸਕਾਰਾਂ ਨੇ ਇਤਿਹਾਸ ਵਿਗਾੜ ਕੇ ਗੁਰੂ ਗੋਬਿੰਦ ਸਿੰਘ ਦੀਆਂ ਤਿੰਨ ਪਤਨੀਆਂ ਦਿਖਾ ਦਿੱਤੀਆਂ। ਪੰਜ ਪਿਆਰਿਆਂ, ਸਾਹਿਬਜ਼ਾਦਿਆਂ ਅਤੇ ਭਾਈ ਮਨੀ ਸਿੰਘ ਤੇ ਭਾਈ ਸਤੀ ਸਿੰਘ ਜਿਹੇ ਪੁਰਸ਼ਾਂ ਦੀ ਥਾਂ ਅੱਜ ਦੇ ਇਤਿਹਾਸਕਾਰਾਂ/ਵਿਦਵਾਨਾਂ ਨੇ ਵਿਕਾਰਾਂ ਵਿੱਚ ਫਸੇ ਪਾਖੰਡੀ ਸਾਧਾਂ/ਸੰਤਾਂ ਨੂੰ 'ਬ੍ਰਹਮਗਿਆਨੀ' ਦਾ ਲਕਬ ਦੇ ਦਿੱਤਾ ਹੈ। ਉਨ੍ਹਾਂ 'ਅੱਜ ਦੇ ਬਾਬਿਆਂ' ਤੋਂ ਸੁਚੇਤ ਰਹਿਣ ਅਤੇ 'ਠੇਕੇ 'ਤੇ ਪਾਠ' ਕਰਾਉਣ ਨਾਲੋਂ ਆਪ ਪਾਠ ਕਰਨ ਦੀ ਅਪੀਲ ਕੀਤੀ। ਉਨ੍ਹਾਂ ਗੁਰਬਾਣੀ ਦਾ ਤੱਥ/ਸੱਚ ਸਮਝ ਲਈ 'ਖਾਲਸਾ ਲਾਇਬਰੇਰੀ' ਬਾਰੇ ਵੀ ਜਾਣਕਾਰੀ ਦਿੱਤੀ।

ਕੁਲਦੀਪ ਸਿੰਘ ਨੇ ਕਿਹਾ ਕਿ ਅਕਾਲ ਤਖਤ ਵੱਲੋਂ ਗਲਤ ਸਬੂਤਾਂ/ਤੱਥਾਂ ਦੇ ਆਧਾਰ 'ਤੇ ਰਾਗੀ ਭਾਈ ਦਰਸ਼ਨ ਸਿੰਘ ਖਾਲਸਾ ਨੂੰ ਪੰਥ ਵਿੱਚੋਂ ਛੇਕਿਆ ਗਿਆ ਹੈ, ਪਰ ਅਕਾਲ ਤਖਤ ਦੇ ਜਥੇਦਾਰ ਪੰਥ ਵਿੱਚ ਗੁਰਮੀਤ ਰਾਮ ਰਹੀਮ ਵਰਗਿਆਂ ਨੂੰ ਵਾੜ ਰਹੇ ਹਨ, ਜਿਸ ਉਤੇ ਬਲਾਤਕਾਰ ਤੇ ਹੋਰ ਕਈ ਮੁਕੱਦਮੇ ਚੱਲ ਰਹੇ ਹਨ। ਉਨ੍ਹਾਂ ਸਵਾਲ ਕੀਤਾ ਕਿ ਇਹ ਕਿਸ ਤਰ੍ਹਾਂ ਦੀ ਸਿੱਖੀ ਹੋਈ? ਉਨ੍ਹਾਂ ਕਿਹਾ ਕਿ ਕਾਨਫਰੰਸ ਦੇ ਸਾਰੇ ਬੁਲਾਰੇ ਕੋਈ ਵੱਡੇ ਵਿਦਵਾਨ ਨਹੀਂ, ਪਰ ਉਹ ਆਪਣੇ ਗੁਰਮਤਿ ਵਿਚਾਰ ਸੰਗਤ ਨਾਲ ਇਸ ਲਈ ਸਾਂਝੇ ਕਰਨ ਆਏ ਹਨ, ਕਿਉਂਕਿ ਪੰਥ ਨਾਲ ਪਿਆਰ ਹੈ। ਉਨ੍ਹਾਂ ਦੱਸਿਆ ਕਿ ਸੱਤ ਚੈਨਲਾਂ ਉਤੇ ਇਸ ਕਾਨਫਰੰਸ ਦਾ ਸਿੱਧਾ ਪ੍ਰਸਾਰਣ ਹੋਇਆ ਹੈ।

ਸੈਮੀਨਾਰ ਦੌਰਾਨ ਪ੍ਰੋ. ਦਰਸ਼ਨ ਸਿੰਘ ਖਾਲਸਾ ਨੇ ਵੀਡੀਓ ਕਾਨਫਰੰਸ ਰਾਹੀਂ ਆਪਣੀ ਤਕਰੀਰ ਕੀਤੀ ਅਤੇ ਪੰਥ ਵਿੱਚ ਪੈਦਾ ਹੋ ਗਏ ਵਿਗਾੜਾਂ ਉਤੇ ਕਰਾਰੀ ਤਨਜ ਕੱਸੀ। ਇਸ ਤੋਂ ਪਹਿਲਾਂ ਸਕਰੀਨ ਰਾਹੀਂ ਸਰਬਜੀਤ ਸਿੰਘ ਧੂੰਦਾ ਤੇ ਹੋਰ ਵਿਦਵਾਨਾਂ ਦੇ ਸੁਨੇਹਾ ਵੀ ਸੰਗਤ ਨਾਲ ਸਾਂਝੇ ਕੀਤੇ ਗਏ, ਜਿਨ੍ਹਾਂ ਨੇ ਗੁਰੂ ਦੇ ਸ਼ਬਦ ਸਿਧਾਂਤ ਦਾ ਪ੍ਰਚਾਰ ਕਰਨ ਦੇ ਯਤਨਾਂ ਉਤੇ ਜ਼ੋਰ ਦਿੱਤਾ। ਇਸ ਕਾਨਫਰੰਸ ਦਾ ਪ੍ਰਬੰਧ ਡਾ. ਪਰਮਜੀਤ ਕੌਰ, ਡਾ. ਪਰਦੀਪ ਸਿੰਘ ਗਿੱਲ, ਅਮਰਦੇਵ ਸਿੰਘ ਬੰਦੇਸ਼ਾ, ਅਵਤਾਰ ਸਿੰਘ ਬਾਸੀ, ਅਮਰਜੀਤ ਸਿੰਘ (ਐਮ.ਬੀ.ਏ.), ਸਰਵਣ ਸਿੰਘ ਬੋਲੀਨਾ, ਪ੍ਰੀਤ ਮੋਹਨ ਸਿੰਘ, ਭਾਈ ਮਹਿੰਦਰ ਸਿੰਘ, ਡਾ. ਇੰਦਰਬੀਰ ਸਿੰਘ ਗਿੱਲ ਅਤੇ ਇਰਵਿਨਪ੍ਰੀਤ ਸਿੰਘ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਸੀ।


















**ਤਸਵੀਰਾਂ: ਏਸ਼ੀਅਨ ਮੀਡੀਆ**

ਖਿਡਾਰੀ ਪੰਜ-ਆਬ ਦੇ (30)

ਨਵਦੀਪ ਸਿੰਘ ਗਿੱਲ
ਫੋਨ: +91-9780036216



# ਪਾਕਿਸਤਾਨੀ ਮਹਿਲਾ ਖਿਡਾਰਨਾਂ ਦੀ ਝੰਡਾਬਰਦਾਰ ਉਸ਼ਨਾ ਸੁਹੇਲ

***ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਪਾਕਿਸਤਾਨ ਦੀ ਪਹਿਲੀ ਅਤੇ ਇਕਲੌਤੀ ਟੈਨਿਸ ਖਿਡਾਰਨ ਉਸ਼ਨਾ ਸੁਹੇਲ ਬਾਰੇ ਸੰਖੇਪ ਵੇਰਵਾ ਹੈ। ਉਸ ਨੂੰ ਖੇਡਾਂ ਤੇ ਟੈਨਿਸ ਖੇਡ ਦੀ ਗੁੜ੍ਹਤੀ ਪਰਿਵਾਰ ਵਿੱਚੋਂ ਮਿਲੀ ਅਤੇ ਉਸ ਦਾ ਨਾਂ ਔਰਤਾਂ ਦੀ ਵਿਸ਼ਵ ਰੈਂਕਿੰਗ ਵਿੱਚ ਦਰਜ ਹੈ। ਉਸ ਨੇ 10 ਸਾਲ ਬਿਲੀ ਜੀਨ ਕਿੰਗ ਕੱਪ, ਜਿਸ ਨੂੰ ਪਹਿਲਾਂ ਫੈਡਰੇਸ਼ਨ ਕੱਪ ਕਹਿੰਦੇ ਸਨ, ਵਿੱਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ। ਉਹ ਹੁਣ ਤੱਕ 33 ਮੁਲਕਾਂ ਵਿੱਚ 113 ਆਈ.ਟੀ.ਐਫ. ਮੁਕਾਬਲਿਆਂ ਵਿੱਚ ਹਿੱਸਾ ਲੈ ਚੁੱਕੀ ਹੈ। ਭਾਰਤ ਵਿੱਚ ਮਹਿਲਾ ਟੈਨਿਸ ਵਿੱਚ ਸਾਨੀਆ ਮਿਰਜ਼ਾ ਨੇ ਨਵੀਂ ਕ੍ਰਾਂਤੀ ਲਿਆਂਦੀ ਹੋਣ ਕਰਕੇ ਸੁਹੇਲ ਉਸ ਨੂੰ ਆਪਣਾ ਆਦਰਸ਼ ਮੰਨਦੀ ਸੀ।***

ਖੇਡਾਂ ਵਿੱਚ ਭਾਰਤ ਤੇ ਪਾਕਿਸਤਾਨ ਅਤੇ ਦੋਹਾਂ ਦੇਸ਼ਾਂ ਦੇ ਪੰਜਾਬ ਸੂਬੇ ਕਰੀਬ ਹਰ ਖੇਡ ਵਿੱਚ ਬਰਾਬਰ ਦੀ ਟੱਕਰ ਦਿੰਦੇ ਰਹੇ ਹਨ- ਚਾਹੇ ਹਾਕੀ ਹੋਵੇ, ਅਥਲੈਟਿਕਸ, ਕ੍ਰਿਕਟ ਜਾਂ ਫੇਰ ਕੁਸ਼ਤੀ। ਇਹ ਸਿਰਫ ਪੁਰਸ਼ ਖਿਡਾਰੀਆਂ ਦੇ ਮਾਮਲੇ ਵਿੱਚ ਹੈ। ਮਹਿਲਾ ਖਿਡਾਰਨਾਂ ਵਿੱਚ ਭਾਰਤ ਅਤੇ ਚੜ੍ਹਦਾ ਪੰਜਾਬ ਬਹੁਤ ਅੱਗੇ ਹਨ। ਪਾਕਿਸਤਾਨ ਵਿੱਚ ਮਹਿਲਾ ਖਿਡਾਰਨਾਂ ਦੇ ਨਾਮ ਪੋਟਿਆਂ ਉਤੇ ਹੀ ਲਏ ਜਾ ਸਕਦੇ ਹਨ। ਅਜਿਹੇ ਵਿੱਚ ਪਾਕਿਸਤਾਨ ਦੇ ਲਹਿੰਦੇ ਪੰਜਾਬ ਦੀ ਉਸ਼ਨਾ ਸੁਹੇਲ ਨੇ ਮਹਿਲਾ ਵਰਗ ਵਿੱਚ ਆਪਣੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਉਸ਼ਨਾ ਖਿਡਾਰਨ ਵੀ ਟੈਨਿਸ ਖੇਡ ਦੀ ਹੈ, ਜਿਹੜੀ ਪਹਿਲਾਂ ਹੀ ਏਸ਼ੀਅਨ ਮੁਲਕਾਂ ਖਾਸ ਕਰਕੇ ਦੱਖਣੀ ਏਸ਼ਿਆਈ ਖਿੱਤੇ ਵਿੱਚ ਦੇਰੀ ਨਾਲ ਪ੍ਰਚੱਲਿਤ ਹੋਈ ਹੈ।

ਉਸ਼ਨਾ ਸੁਹੇਲ ਪਾਕਿਸਤਾਨ ਦੀ ਪਹਿਲੀ ਅਤੇ ਇਕਲੌਤੀ ਟੈਨਿਸ ਖਿਡਾਰਨ ਹੈ, ਜਿਸ ਦਾ ਨਾਂ ਔਰਤਾਂ ਦੀ ਵਿਸ਼ਵ ਰੈਂਕਿੰਗ ਵਿੱਚ ਦਰਜ ਹੈ। ਉਹ ਬਿਲੀ ਜੀਨ ਕਿੰਗ ਕੱਪ ਟੂਰਨਾਮੈਂਟ ਦੇ ਸਿੰਗਲਜ਼ ਅਤੇ ਡਬਲਜ਼ ਵਿੱਚ ਸਭ ਤੋਂ ਵੱਧ ਜਿੱਤਾਂ ਹਾਸਲ ਕਰਨ ਵਾਲੀ ਵੀ ਪਾਕਿਸਤਾਨ ਦੀ ਪਹਿਲੀ ਤੇ ਇਕਲੌਤੀ ਟੈਨਿਸ ਖਿਡਾਰਨ ਹੈ। ਉਹ ਆਈ.ਟੀ.ਐਫ. ਪੇਸ਼ੇਵਰ ਮਹਿਲਾ ਸਰਕਟ ਦੇ ਡਬਲਜ਼ ਮੁਕਾਬਲਿਆਂ ਵਿੱਚ ਛੇ ਵਾਰ ਸੈਮੀ ਫ਼ਾਈਨਲ ਵਿੱਚ ਪੁੱਜਣ ਵਾਲੀ ਵੀ ਪਹਿਲੀ ਪਾਕਿਸਤਾਨੀ ਖਿਡਾਰਨ ਹੈ। ਫੈਡਰੇਸ਼ਨ ਕੱਪ ਵਿੱਚ ਪਾਕਿਸਤਾਨ ਵੱਲੋਂ ਖੇਡਦਿਆਂ ਉਸ ਨੇ 24 ਜਿੱਤਾਂ ਹਾਸਲ ਕੀਤੀਆਂ ਹਨ। ਉਹ ਸਿੰਗਲਜ਼ ਵਿੱਚ 2014 ਅਤੇ ਡਬਲਜ਼ ਵਿੱਚ 2012 ਤੋਂ ਵਿਸ਼ਵ ਰੈਂਕਿੰਗ ਵਿੱਚ ਸ਼ੁਮਾਰ ਹੈ।

ਸੁਹੇਲ ਨੂੰ ਖੇਡਾਂ ਅਤੇ ਟੈਨਿਸ ਖੇਡ ਦੀ ਗੁੜ੍ਹਤੀ ਪਰਿਵਾਰ ਵਿੱਚੋਂ ਮਿਲੀ ਹੈ। ਉਸ ਦੇ ਦਾਦਾ ਖਵਾਜ਼ਾ ਇਫ਼ਤਿਖ਼ਾਰ ਆਜ਼ਾਦੀ ਤੋਂ ਪਹਿਲਾਂ ਭਾਰਤ ਵੱਲੋਂ ਸੱਤ ਸਾਲ ਕੌਮਾਂਤਰੀ ਪੱਧਰ ਉਤੇ ਟੈਨਿਸ ਖੇਡੇ ਅਤੇ ਡੇਵਿਸ ਕੱਪ ਵਿੱਚ ਵੀ ਭਾਰਤ ਦੀ ਪ੍ਰਤੀਨਿਧਤਾ ਕੀਤੀ। ਉਸ ਵੇਲੇ ਉਹ ਭਾਰਤੀ ਉਪ ਮਹਾਂਦੀਪ ਵਿੱਚ ਸਭ ਤੋਂ ਸਿਖਰਲੀ ਰੈਂਕਿੰਗ ਵਾਲੇ ਟੈਨਿਸ ਖਿਡਾਰੀ ਸਨ। ਦੇਸ਼ ਆਜ਼ਾਦ ਹੋਣ ਉਪਰੰਤ ਉਹ ਪਾਕਿਸਤਾਨ ਵੱਲੋਂ ਇੱਕ ਦਹਾਕਾ ਕੌਮਾਂਤਰੀ ਪੱਧਰ ਉਤੇ ਟੈਨਿਸ ਖੇਡੇ। ਪਾਕਿਸਤਾਨ ਸਰਕਾਰ ਨੇ ਖਵਾਜ਼ਾ ਇਫ਼ਤਿਖ਼ਾਰ ਨੂੰ 'ਪ੍ਰਾਈਡ ਆਫ਼ ਪ੍ਰਫਾਰਮੈਂਸ' ਅਤੇ 'ਤਮਗ਼ਾ-ਏ-ਇਮਤਿਆਜ਼' ਜਿਹੇ ਵੱਡੇ ਪੁਰਸਕਾਰਾਂ ਨਾਲ ਸਨਮਾਨਿਆ।

26 ਜੂਨ 1993 ਨੂੰ ਲਾਹੌਰ ਵਿਖੇ ਜਨਮੀ ਉਸ਼ਨਾ ਸੁਹੇਲ ਦੇ ਪਰਿਵਾਰ ਵਿੱਚ ਉਸ ਦੇ ਦੋ ਚਚੇਰੇ ਭਰਾ- ਐਸਾਮ ਉਲ ਹੱਕ ਕੁਰੈਸ਼ੀ ਤੇ ਮੀਰ ਇਫ਼ਤਿਖ਼ਾਰ ਵੀ ਪਾਕਿਸਤਾਨ ਦੇ ਪ੍ਰਸਿੱਧ ਖਿਡਾਰੀ ਰਹੇ ਹਨ, ਜੋ ਕੌਮਾਂਤਰੀ ਪੱਧਰ ਉਤੇ ਟੈਨਿਸ ਖੇਡੇ ਹਨ। ਐਸਾਮ ਉਲ ਹੱਕ ਕੁਰੈਸ਼ੀ ਪਾਕਿਸਤਾਨ ਦਾ ਇਕਲੌਤਾ ਖਿਡਾਰੀ ਹੈ, ਜੋ ਡਬਲਜ਼ ਵਰਗ ਵਿੱਚ ਗਰੈਂਡ ਸਲੈਮ ਦਾ ਫ਼ਾਈਨਲ ਖੇਡਿਆ ਸੀ। ਉਹ 2010 ਵਿੱਚ ਯੂ.ਐਸ. ਓਪਨ ਦੇ ਫ਼ਾਈਨਲ ਵਿੱਚ ਉਪ ਜੇਤੂ ਰਿਹਾ ਸੀ। ਇਸ ਤੋਂ ਇਲਾਵਾ ਫਰੈਂਚ ਓਪਨ ਵਿੱਚ ਸੈਮੀ ਫ਼ਾਈਨਲ ਤੇ ਵਿੰਬਲਡਨ ਅਤੇ ਆਸਟਰੇਲੀਅਨ ਓਪਨ ਵਿੱਚ ਕੁਆਰਟਰ ਫ਼ਾਈਨਲ ਤੱਕ ਖੇਡਿਆ ਹੋਇਆ। ਉਹ ਡਬਲਜ਼ ਵਿੱਚ ਭਾਰਤ ਦੇ ਰੋਹਨ ਬੋਪੰਨਾ ਦਾ ਜੋੜੀਦਾਰ ਰਿਹਾ ਹੈ। ਸਮੀਰ ਇਫ਼ਤਿਖ਼ਾਰ ਨੇ ਏਸ਼ਿਆਈ ਖੇਡਾਂ ਵਿੱਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ ਹੈ।



ਸੁਹੇਲ ਹਾਲੇ 11 ਵਰ੍ਹਿਆਂ ਦੀ ਸੀ, ਜਦੋਂ ਉਸ ਦੇ ਪਿਤਾ ਉਸ ਨੂੰ ਟੈਨਿਸ ਖਿਡਾਉਣ ਲਈ ਲਾਹੌਰ ਜਿੰਮਖਾਨਾ ਕਲੱਬ ਲੈ ਕੇ ਜਾਂਦੇ। ਉਸ ਵੇਲੇ ਨਿੱਕੀ ਸੁਹੇਲ ਨੂੰ ਆਪਣੇ ਪਰਿਵਾਰ ਦੀ ਮਹਾਨ ਖੇਡ ਵਿਰਾਸਤ ਬਾਰੇ ਉੱਕਾ ਗਿਆਨ ਨਹੀਂ ਸੀ। ਪਾਕਿਸਤਾਨ ਵਿੱਚ ਟੈਨਿਸ ਖੇਡ ਵਿੱਚ ਕਿਸੇ ਲੜਕੀ ਵੱਲੋਂ ਅੱਗੇ ਆਉਣਾ ਵੱਡੀ ਗੱਲ ਸੀ। ਉਹ ਇਹ ਗੱਲ ਖੁਦ ਮੰਨਦੀ ਹੈ ਕਿ ਖੇਡਾਂ ਅਤੇ ਟੈਨਿਸ ਵਿੱਚ ਕਰੀਅਰ ਬਣਾਉਣਾ ਕੋਈ ਸੌਖੀ ਗੱਲ ਨਹੀਂ ਸੀ। ਪਰਿਵਾਰ ਦੀ ਵਿਰਾਸਤ ਅਤੇ ਛੋਟੇ ਹੁੰਦੇ ਪਿਤਾ ਵੱਲੋਂ ਖੇਡ ਨਾਲ ਜੁੜੇ ਜਾਣ ਕਾਰਨ ਉਸ ਨੇ ਟੈਨਿਸ ਦੀ ਸ਼ੁਰੂਆਤ ਕੀਤੀ। ਹੌਲੀ-ਹੌਲੀ ਜਦੋਂ ਉਹ ਘਰੇਲੂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲੱਗੀ ਤਾਂ ਉਸ ਨੂੰ ਟੈਨਿਸ ਖੇਡ ਵਿੱਚ ਆਪਣੇ ਪਰਿਵਾਰ ਦੀ ਮਹਾਨ ਵਿਰਾਸਤ ਬਾਰੇ ਪਤਾ ਲੱਗਿਆ ਤਾਂ ਉਸ ਨੂੰ ਮਾਣ ਵੀ ਹੋਇਆ ਅਤੇ ਇਹ ਅੱਗੇ ਵਧਣ ਲਈ ਪ੍ਰੇਰਨਾ ਸ੍ਰੋਤ ਵੀ ਸੀ। ਭਾਰਤ ਵਿੱਚ ਮਹਿਲਾ ਟੈਨਿਸ ਵਿੱਚ ਸਾਨੀਆ ਮਿਰਜ਼ਾ ਨੇ ਨਵੀਂ ਕ੍ਰਾਂਤੀ ਲਿਆਂਦੀ ਹੋਣ ਕਰਕੇ ਸਾਨੀਆ ਨੂੰ ਸੁਹੇਲ ਆਪਣਾ ਆਦਰਸ਼ ਮੰਨਦੀ ਸੀ।



ਸਾਲ 2008 ਵਿੱਚ 15 ਵਰ੍ਹਿਆਂ ਦੀ ਉਮਰੇ ਉਸ ਨੇ ਮਲੇਸ਼ੀਆ ਵਿਖੇ ਅੰਡਰ-16 ਫੈਡਰੇਸ਼ਨ ਕੱਪ ਵਿੱਚ ਹਿੱਸਾ ਲਿਆ। ਸਾਲ 2010 ਵਿੱਚ ਉਸ ਨੇ ਕਈ ਟੂਰਨਾਮੈਂਟਾਂ ਦੇ ਸੈਮੀ ਫ਼ਾਈਨਲ ਖੇਡੇ। ਸਾਲ 2011 ਵਿੱਚ ਹੀ ਉਸ ਨੇ ਡਬਲਜ਼ ਵਰਗ ਵਿੱਚ ਚਾਰ ਟੂਰਨਾਮੈਂਟਾਂ ਦੇ ਫ਼ਾਈਨਲ ਖੇਡੇ। ਜੂਨੀਅਰ ਵਰਗ ਵਿੱਚ ਉਸ ਨੇ 2011 ਵਿੱਚ ਅੱਠ ਮੁਕਾਬਲਿਆਂ ਦੇ ਸਿੰਗਲਜ਼ ਮੁਕਾਬਲਿਆਂ ਦੇ ਕੁਆਰਟਰ ਫ਼ਾਈਨਲ ਖੇਡੇ। 12 ਮਹੀਨਿਆਂ ਵਿੱਚ ਹੀ ਉਸ ਨੇ ਜੂਨੀਅਰ ਆਈ.ਟੀ.ਐਫ. ਵਿੱਚ 1000 ਰੈਂਕ ਦੀ ਛਲਾਂਗ ਲਗਾਉਂਦਿਆਂ 1330 ਤੋਂ 337 ਰੈਂਕ ਉਪਰ ਪਹੁੰਚ ਗਈ। 2013 ਵਿੱਚ ਉਸ ਨੇ ਬਾਰਸੀਲੋਨਾ ਵਿਖੇ ਮੋਟੀ ਟੂਰ ਸਪੇਨਿਸ਼ ਟੈਨਿਸ ਟੂਰਨਾਮੈਂਟ ਜਿੱਤਿਆ। ਬੈਲਜੀਅਮ ਵਿਖੇ ਦੋ ਟੂਰਨਾਮੈਂਟ ਦੇ ਫ਼ਾਈਨਲ ਖੇਡੇ। 2014 ਵਿੱਚ ਇਸਲਾਮਾਬਾਦ ਵਿਖੇ ਆਈ.ਟੀ.ਐਫ. ਮਹਿਲਾ ਪੇਸ਼ੇਵਰ ਸਰਕਟ ਟੂਰਨਾਮੈਂਟ ਵਿੱਚ ਵਿਦੇਸ਼ੀ ਖਿਡਾਰਨ ਨੂੰ ਹਰਾ ਕੇ ਉਹ ਡਬਲਿਊ.ਟੀ.ਏ. ਅੰਕ ਹਾਸਲ ਕਰਨ ਵਾਲੀ ਪਹਿਲੀ ਪਾਕਿਸਤਾਨ ਖਿਡਾਰਨ ਬਣੀ ਸੀ।

ਸੁਹੇਲ ਇੱਕ ਹੋਰ ਪਾਕਿਸਤਾਨੀ ਟੈਨਿਸ ਖਿਡਾਰਨ ਸਾਰਾ ਮਨਸੂਰ ਦੇ ਨਾਲ ਏਸ਼ਿਆਈ ਖੇਡਾਂ ਵਿੱਚ ਹਿੱਸਾ ਲੈਣ ਵਾਲੀ ਪਹਿਲੀ ਟੈਨਿਸ ਖਿਡਾਰਨ ਹੈ। ਸੁਹੇਲ ਨੇ 2014 ਵਿੱਚ ਇੰਚਿਓਨ ਅਤੇ 2018 ਵਿੱਚ ਜਕਾਰਤਾ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ। 2017 ਵਿੱਚ ਇਸਲਾਮੀਆ ਖੇਡਾਂ ਵਿੱਚ ਹਿੱਸਾ ਲਿਆ। 2016 ਵਿੱਚ ਗੁਹਾਟੀ ਵਿਖੇ ਹੋਈਆਂ ਸੈਫ ਖੇਡਾਂ ਵਿੱਚ ਮਹਿਲਾ ਸਿੰਗਲਜ਼ ਅਤੇ ਮਿਕਸਡ ਡਬਲਜ਼ ਵਿੱਚ ਦੋ ਕਾਂਸੀ ਦੇ ਤਮਗੇ ਅਤੇ 2019 ਵਿੱਚ ਨੇਪਾਲ ਵਿਖੇ ਹੋਈਆਂ ਸੈਫ ਖੇਡਾਂ ਵਿੱਚ ਮਹਿਲਾ ਟੀਮ ਅਤੇ ਮਿਕਸਡ ਡਬਲਜ਼ ਵਿੱਚ ਦੋ ਕਾਂਸੀ ਦੇ ਤਮਗੇ ਜਿੱਤੇ। ਕੌਮੀ ਪੱਧਰ 'ਤੇ ਉਸ ਨੇ 2019 ਵਿੱਚ ਹੋਈਆਂ ਨੈਸ਼ਨਲ ਗੇਮਜ਼ ਵਿੱਚ ਸਿੰਗਲਜ਼, ਡਬਲਜ਼ ਅਤੇ ਟੀਮ ਈਵੈਂਟ ਵਿੱਚ ਤਿੰਨੋਂ ਵਰਗਾਂ ਦੇ ਸੋਨ ਤਮਗੇ ਜਿੱਤੇ। ਉਹ ਬੇਨਜ਼ੀਰ ਭੁੱਟੋ ਸ਼ਹੀਦ ਨੈਸ਼ਨਲ ਟਾਈਟਲ, ਫੈਡਰੇਸ਼ਨ ਕੱਪ, ਨੈਸ਼ਨਲ ਗਰਾਸ ਕੋਰਟ ਚੈਂਪੀਅਨਸ਼ਿਪ ਅਤੇ ਨੈਸ਼ਨਲ ਕਲੇਅ ਕੋਰਟ ਚੈਂਪੀਅਨਸ਼ਿਪ ਸਾਰੇ ਮੁਕਾਬਲਿਆਂ ਦੀ ਜੇਤੂ ਹੈ। 2022 ਵਿੱਚ ਬਰਤਾਨੀਆ ਵਿਖੇ ਹੋਏ ਸਟਨ ਆਟੋਮਨ ਟੂਰਨਾਮੈਂਟ ਵਿੱਚ ਉਪ ਜੇਤੂ ਰਹੀ।

ਸੁਹੇਲ ਨੇ 10 ਸਾਲ ਬਿਲੀ ਜੀਨ ਕਿੰਗ ਕੱਪ, ਜਿਸ ਨੂੰ ਪਹਿਲਾਂ ਫੈਡਰੇਸ਼ਨ ਕੱਪ ਕਹਿੰਦੇ ਸਨ, ਵਿੱਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ। ਉਹ ਹੁਣ ਤੱਕ 33 ਮੁਲਕਾਂ ਵਿੱਚ 113 ਆਈ.ਟੀ.ਐਫ. ਮੁਕਾਬਲਿਆਂ ਵਿੱਚ ਹਿੱਸਾ ਲੈ ਚੁੱਕੀ ਹੈ। ਸੁਹੇਲ ਨੇ ਸਾਨੀਆ ਮਿਰਜ਼ਾ ਟੈਨਿਸ ਅਕੈਡਮੀ, ਬੈਲਜੀਅਮ ਵਿੱਚ ਕਿਮ ਕਲਾਈਸਟਰਜ਼ ਅਕੈਡਮੀ, ਯੂ.ਕੇ. ਵਿੱਚ ਵੈਂਬਲੇ ਅਤੇ ਹੋਰਨਾਂ ਕਲੱਬਾਂ ਵਿੱਚ ਵਿਦੇਸ਼ੀ ਕੋਚਾਂ ਦੀ ਨਿਗਰਾਨੀ ਹੇਠ ਖੇਡ ਦੇ ਗੁਰ ਸਿੱਖੇ।

ਸੁਹੇਲ ਨੂੰ ਖੇਡ ਪ੍ਰਾਪਤੀਆਂ ਵਿੱਚ ਸਾਲ 2022 ਵਿੱਚ ਪਾਕਿਸਤਾਨ ਦਾ ਤੀਜਾ ਸਰਵਉੱਚ ਨਾਗਰਿਕ ਸਨਮਾਨ 'ਸਿਤਾਰਾ-ਏ-ਇਮਤਿਆਜ਼' ਨਾਲ ਸਨਮਾਨਿਆ ਗਿਆ। 2019 ਵਿੱਚ ਪਾਕਿਸਤਾਨ ਯੂਥ ਕਮਿਊਨਿਟੀ ਐਵਾਰਡ ਮਿਲਿਆ। ਸਾਲ 2018 ਵਿੱਚ ਪੰਜਾਬ ਜੰਗਲੀ ਜੀਵ ਤੇ ਪਾਰਕ ਵਿਭਾਗ ਵੱਲੋਂ ਗੁੱਡਵਿੱਲ ਅੰਬੈਸਡਰ ਬਣਾਇਆ ਗਿਆ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵੱਲੋਂ ਉਸ ਨੂੰ 'ਸਰਟੀਫਿਕੇਟ ਆਫ਼ ਐਕਸੀਲੈਂਸ' ਸਨਮਾਨ ਦਿੱਤਾ ਗਿਆ। ਲਹਿੰਦਾ ਪੰਜਾਬ ਸਰਕਾਰ ਨੇ 2017 ਵਿੱਚ ਢਾਈ ਲੱਖ ਰੁਪਏ ਨਗਦ ਇਨਾਮ ਵਾਲੇ 'ਫਾਤਿਮਾ ਜਿਨਾਹ ਐਕਸੀਲੈਂਸ ਐਵਾਰਡ' ਨਾਲ ਸਨਮਾਨਤ ਕੀਤਾ। ਇਹ ਸਨਮਾਨ ਵੱਖ-ਵੱਖ ਖੇਤਰਾਂ ਦੀਆਂ ਪੰਜ ਔਰਤਾਂ ਨੂੰ ਦਿੱਤਾ ਗਿਆ ਸੀ। ਸਾਲ 2016 ਵਿੱਚ ਪੰਜਾਬ ਸਰਕਾਰ ਵੱਲੋਂ ਪੋਲੀਓ ਵਿਰੋਧੀ ਮੁਹਿੰਮ ਵਿੱਚ ਆਨਰੇਰੀ ਯੂਥ ਅੰਬੈਸਡਰ ਨਿਯੁਕਤ ਕੀਤਾ। ਸਾਲ 2015 ਵਿੱਚ ਵਿਮੈਨ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ (ਡਬਲਿਊ.ਸੀ.ਸੀ.ਆਈ.) ਵੱਲੋਂ 'ਲੌਰੈਲ ਆਫ਼ ਆਨਰ' ਐਵਾਰਡ ਨਾਲ ਸਨਮਾਨਤ ਕੀਤਾ।

ਐਨ.ਕੇ. ਅਰੋੜਾ

# ਸੌ ਸਾਲ ਬਾਅਦ ਇਨਸਾਨਾਂ ਵਿੱਚ ਤਬਦੀਲੀ ਦਾ ਅੰਦਾਜ਼ਾ

ਪਿਛਲੀ ਸਦੀ ਦੇ ਪੰਜਵੇਂ-ਛੇਵੇਂ ਦਹਾਕੇ ਵਿੱਚ ਜਦੋਂ ਇਹ ਸਵਾਲ ਉੱਠਦਾ ਸੀ ਕਿ ਸੌ ਸਾਲ ਬਾਅਦ ਮਨੁੱਖ ਕਿਹੋ ਜਿਹਾ ਹੋਵੇਗਾ? ਤਾਂ ਵਿਗਿਆਨੀ ਇਤਿਹਾਸ ਦੇ ਵੱਖ-ਵੱਖ ਦੌਰ ਦੀਆਂ ਤਸਵੀਰਾਂ ਦੀ ਤੁਲਨਾ ਕਰਕੇ ਇਹ ਸਿੱਟਾ ਕੱਢਦੇ ਸਨ ਕਿ ਕੋਈ ਫ਼ਰਕ ਨਹੀਂ ਪਵੇਗਾ। ਪਰ ਅੱਜ ਉਨ੍ਹਾਂ ਕੋਲ ਤਕਨੀਕੀ ਹੁਨਰ ਹੈ, ਜਿਸ ਅਨੁਸਾਰ 100 ਸਾਲ ਬਾਅਦ ਵਿਅਕਤੀ ਦੀ ਔਸਤ ਉਮਰ ਅਤੇ ਕੱਦ ਵਧੇਗਾ, ਰੰਗ ਕਾਲਾ ਹੋ ਜਾਵੇਗਾ ਅਤੇ ਉਹ ਕੋਮਲ ਹੋ ਜਾਵੇਗਾ।

ਵਿਗਿਆਨੀਆਂ ਵਿੱਚ ਅਜਿਹੇ ਉਤਸੁਕ ਸਵਾਲ ਹਮੇਸ਼ਾ ਪੁੱਛੇ ਜਾਂਦੇ ਰਹੇ ਹਨ ਅਤੇ ਭਾਵੇਂ ਇਹ ਸਵਾਲ ਪਿਛਲੇ ਸਾਲਾਂ ਵਿੱਚ ਇੱਕੋ ਜਿਹੇ ਰਹੇ ਹਨ, ਉਨ੍ਹਾਂ ਦੇ ਜਵਾਬ ਬਦਲਦੇ ਰਹੇ ਹਨ। ਮਿਸਾਲ ਵਜੋਂ ਪਿਛਲੀ ਸਦੀ ਦੇ ਪੰਜਵੇਂ ਅਤੇ ਛੇਵੇਂ ਦਹਾਕੇ ਵਿੱਚ ਵਿਗਿਆਨੀਆਂ ਵਿੱਚ ਇਹ ਸਵਾਲ ਉੱਠਿਆ ਸੀ ਕਿ ਸੌ ਸਾਲ ਬਾਅਦ ਮਨੁੱਖ ਕਿਵੇਂ ਦਾ ਹੋਵੇਗਾ? ਇਸ ਲਈ ਉਸ ਕੋਲ ਕੁਝ ਕਹਿਣ ਲਈ ਹੋਰ ਸਥਿਤੀਆਂ ਸਨ। ਮਿਸਾਲ ਵਜੋਂ ਆਮ ਤੌਰ 'ਤੇ ਪੁਰਾਤਨ ਇਤਿਹਾਸ ਦੇ ਨਾਇਕਾਂ ਦੀਆਂ ਤਸਵੀਰਾਂ ਉਨ੍ਹਾਂ ਦੇ ਸਾਹਮਣੇ ਰੱਖੀਆਂ ਜਾਂਦੀਆਂ ਸਨ ਅਤੇ ਉਨ੍ਹਾਂ ਦੀ ਤੁਲਨਾ ਅੱਜ ਦੇ ਮਨੁੱਖਾਂ ਦੀਆਂ ਤਸਵੀਰਾਂ ਨਾਲ ਕੀਤੀ ਜਾਂਦੀ ਸੀ ਤੇ ਫਿਰ ਆਮ ਤੌਰ 'ਤੇ ਇੱਕ ਸਿੱਟੇ 'ਤੇ ਪਹੁੰਚਿਆ ਜਾਂਦਾ ਸੀ ਕਿ ਦਿੱਖ ਦੇ ਪੱਧਰ 'ਤੇ ਕੋਈ ਮਹੱਤਵਪੂਰਨ ਤਬਦੀਲੀ ਨਹੀਂ ਹੋਵੇਗੀ।

ਵਿਗਿਆਨੀ 3500 ਸਾਲ ਪਹਿਲਾਂ ਮਿਸਰ ਦੇ ਰਾਜਿਆਂ ਤੇ ਰਾਣੀਆਂ ਦੀਆਂ ਤਸਵੀਰਾਂ ਨੂੰ ਦੇਖਦਿਆਂ, ਖਾਸ ਕਰਕੇ ਮਹਾਰਾਣੀ ਹੈਟਸ਼ੇਪਸੁਟ ਅਤੇ ਅਗਸਤਸ ਸੀਜ਼ਰ ਤੋਂ ਲੈ ਕੇ ਨੈਪੋਲੀਅਨ ਤੇ ਮਹਾਰਾਣੀ ਵਿਕਟੋਰੀਆ ਤੱਕ, ਇਸ ਨਤੀਜੇ 'ਤੇ ਪਹੁੰਚੇ ਕਿ ਹਜ਼ਾਰਾਂ ਸਾਲ ਪਹਿਲਾਂ ਦੇ ਲੋਕ ਅੱਜ ਦੇ ਰੂਪ ਵਿੱਚ ਇੱਕੋ ਜਿਹੇ ਸਨ। 3500 ਸਾਲ ਪਹਿਲਾਂ ਦੀ ਮਹਾਰਾਣੀ ਹੈਟਸ਼ੇਪਸੁਟ ਅਤੇ 25 ਸਾਲ ਦੀ ਮਹਾਰਾਣੀ ਵਿਕਟੋਰੀਆ ਵਿਚਕਾਰ ਦਿੱਖ ਵਿੱਚ ਕੋਈ ਬਹੁਤਾ ਫਰਕ ਨਹੀਂ ਸੀ। ਸਿੱਟਾ ਇਹ ਨਿਕਲਿਆ ਕਿ ਸੌ-ਦੋ ਸੌ ਜਾਂ ਕਈ ਸੌ ਸਾਲ ਪਿੱਛੋਂ ਵੀ ਮਨੁੱਖ ਦੀ ਸ਼ਕਲ, ਦਿੱਖ, ਬਣਤਰ ਆਦਿ 'ਚ ਕੋਈ ਖਾਸ ਫਰਕ ਨਹੀਂ ਪਵੇਗਾ; ਪਰ ਇਹ ਠੀਕ ਨਹੀਂ ਸੀ। ਅਸਲ 'ਚ ਇਹ ਗਲਤ ਮੁਲੰਕਣ ਫੋਟੋਆਂ ਦੇਖਣ ਕਰਕੇ ਸੀ, ਕਿਉਂਕਿ ਤਸਵੀਰਾਂ ਦੀਆਂ ਆਪਣੀਆਂ ਸੀਮਾਵਾਂ ਹੁੰਦੀਆਂ ਹਨ।


ਇਤਿਹਾਸ ਦੇ ਵੱਖ-ਵੱਖ ਦੌਰ ਦੇ ਲੋਕਾਂ ਦੇ ਚਿਹਰੇ ਇੱਕ ਜਿਹੇ ਲੱਗ ਸਕਦੇ ਹਨ, ਪਰ ਇਨ੍ਹਾਂ ਤਸਵੀਰਾਂ ਨੂੰ ਦੇਖ ਕੇ ਕਿਸੇ ਦੀ ਸਿਹਤ ਅਤੇ ਉਮਰ ਦਾ ਪਤਾ ਨਹੀਂ ਲੱਗਦਾ। ਵੱਖ-ਵੱਖ ਯੁੱਗਾਂ ਦੀਆਂ ਇਤਿਹਾਸਕ ਸ਼ਖਸੀਅਤਾਂ ਦੇ ਚਿਹਰੇ ਭਾਵੇਂ ਅੱਜ ਦੇ ਮਨੁੱਖਾਂ ਨਾਲ ਮਿਲਦੇ-ਜੁਲਦੇ ਰਹੇ ਹੋਣ, ਪਰ ਇਤਿਹਾਸ 'ਚ ਜ਼ਿਆਦਾਤਰ ਮਹਾਨ ਵਿਅਕਤੀਆਂ ਦੀ ਉਮਰ 50 ਸਾਲ ਤੋਂ ਵੀ ਘੱਟ ਰਹੀ ਹੈ, ਕਿਉਂਕਿ ਉਸ ਸਮੇਂ ਔਸਤ ਉਮਰ ਬਹੁਤ ਘੱਟ ਸੀ; ਜਦੋਂ ਕਿ ਅੱਜ ਦੁਨੀਆ ਦੇ ਸਭ ਤੋਂ ਗਰੀਬ ਦੇਸ਼ ਵਿੱਚ ਵੀ ਔਸਤ ਉਮਰ 50 ਸਾਲ ਹੈ। ਭਾਰਤ ਵਿੱਚ ਪਿਛਲੀ ਸਦੀ ਦੇ 50 ਅਤੇ 60 ਦੇ ਦਹਾਕੇ 'ਚ ਜੇ ਕੋਈ 60 ਸਾਲ ਦੀ ਉਮਰੇ ਮਰ ਜਾਂਦਾ ਸੀ ਤਾਂ ਉਸ ਨੂੰ ਲੰਮਾ ਸਮਾਂ ਜ਼ਿੰਦਾ ਮੰਨਿਆ ਜਾਂਦਾ ਸੀ, ਪਰ ਅੱਜ ਪੁਰਸ਼ਾਂ ਦੀ ਔਸਤ ਉਮਰ 71 ਸਾਲ ਤੇ ਔਰਤਾਂ ਦੀ 75 ਸਾਲ ਹੈ।

ਅਤੀਤ ਵਿੱਚ ਵਿਗਿਆਨੀ 100 ਸਾਲਾਂ ਪਿੱਛੋਂ ਸਪੱਸ਼ਟ ਤਬਦੀਲੀਆਂ ਨਾਲ ਮਨੁੱਖਾਂ ਦੀ ਪਛਾਣ ਕਰਨ ਦੇ ਯੋਗ ਨਹੀਂ ਹੋ ਸਕਦੇ ਸਨ, ਪਰ ਅੱਜ ਉਨ੍ਹਾਂ ਕੋਲ ਅਜਿਹਾ ਕਰਨ ਲਈ ਸਹੀ ਤਕਨੀਕੀ ਹੁਨਰ ਹੈ। ਇਸ ਲਈ ਵਿਗਿਆਨੀਆਂ ਅਨੁਸਾਰ 100 ਸਾਲ ਬਾਅਦ ਭਾਵ 2125 ਦੇ ਆਸ-ਪਾਸ ਅਤੇ ਉਸ ਤੋਂ ਬਾਅਦ ਮਨੁੱਖ ਦੀ ਔਸਤ ਉਮਰ 100 ਸਾਲ ਦੇ ਕਰੀਬ ਵਧ ਜਾਵੇਗੀ। ਕੁਝ ਦੇਸ਼ਾਂ ਵਿੱਚ ਇਹ 120 ਤੋਂ 125 ਸਾਲਾਂ ਤੱਕ ਰਹੇਗਾ। ਆਪਣੇ ਸਿਖਰ 'ਤੇ ਇਹ ਘੱਟੋ-ਘੱਟ 150 ਸਾਲ ਤੱਕ ਜੀਉਂਦਾ ਰਹੇਗਾ। ਇਹ ਸਪੱਸ਼ਟ ਹੈ ਕਿ 100 ਸਾਲ ਬਾਅਦ ਕਿਸੇ ਵਿਅਕਤੀ ਦਾ ਕੱਦ ਅੱਜ ਦੇ ਵਿਅਕਤੀ ਨਾਲੋਂ ਥੋੜ੍ਹਾ ਉੱਚਾ ਹੋਵੇਗਾ ਅਤੇ ਉਸ ਦਾ ਸਰੀਰ ਭਾਰਾ ਹੋਵੇਗਾ; ਪਰ ਸ਼ਖਸੀਅਤ ਵਿੱਚ ਹਮਲਾਵਰਤਾ ਘਟੇਗੀ ਅਤੇ ਸੁਮੇਲਤਾ ਵਧੇਗੀ।

ਅਜੋਕੇ ਸੰਸਾਰ ਵਿੱਚ ਵਿਕਾਸ ਦੇ ਵੱਖੋ-ਵੱਖਰੇ ਟਾਪੂ ਹਨ, ਅਜਿਹੇ ਹਾਲਾਤ 100 ਸਾਲ ਬਾਅਦ ਵੀ ਨਜ਼ਰ ਨਹੀਂ ਆਉਣਗੇ। ਸੌ ਸਾਲਾਂ ਬਾਅਦ ਦੁਨੀਆ ਦੇ ਜ਼ਿਆਦਾਤਰ ਮਨੁੱਖਾਂ ਵਿੱਚ ਸਰੀਰਕ ਅੰਤਰ ਘੱਟ ਜਾਣਗੇ ਅਤੇ ਉਨ੍ਹਾਂ ਵਿੱਚ ਸਮਾਨਤਾਵਾਂ ਵੱਧ ਜਾਣਗੀਆਂ। ਬਹੁਤੇ ਮਰਦਾਂ ਦਾ ਕੱਦ ਤੇ ਨਿਰਮਾਣ ਇੱਕੋ ਜਿਹਾ ਹੋਵੇਗਾ। ਅੱਜ ਦੇ ਮੁਕਾਬਲੇ ਲੰਬਾਈ ਥੋੜ੍ਹੀ ਵਧੇਗੀ, ਪਰ ਭਾਰ ਵਿੱਚ ਅੰਤਰ ਹਨ।

ਕੁਝ ਵਿਗਿਆਨੀ ਕਹਿੰਦੇ ਹਨ ਕਿ ਭਵਿੱਖ ਦੇ ਮਰਦ ਵਧੇਰੇ ਮੋਟੇ ਅਤੇ ਪਤਲੇ- ਦੋਵੇਂ ਤਰ੍ਹਾਂ ਦੇ ਹੋਣਗੇ, ਜਦੋਂ ਕਿ ਦੂਸਰੇ ਮੰਨਦੇ ਹਨ ਕਿ ਉਹ ਵਧੇਰੇ ਪਤਲੇ ਹੋਣਗੇ। ਇੱਕ ਖਾਸ ਬਦਲਾਅ ਜੋ ਹੈਰਾਨ ਕਰ ਦੇਵੇਗਾ, ਉਹ ਇਹ ਹੈ ਕਿ ਦੁਨੀਆ ਦੇ ਜ਼ਿਆਦਾਤਰ ਲੋਕਾਂ ਦੀ ਚਮੜੀ ਦਾ ਰੰਗ ਹੌਲੀ-ਹੌਲੀ ਇੱਕੋ ਜਿਹਾ ਹੋ ਜਾਵੇਗਾ ਯਾਨਿ ਇਹ ਹਲਕਾ ਜਾਂ ਗੂੜ੍ਹਾ ਹੋਵੇਗਾ। ਫਿਰ ਯੂਰਪ, ਅਮਰੀਕਾ, ਉੱਤਰੀ ਧਰੁਵ ਅਤੇ ਕੈਨੇਡਾ ਤੋਂ ਆਸਟ੍ਰੇਲੀਆ ਤੱਕ ਬਹੁਤੇ ਮਰਦ ਇੱਕੋ ਜਿਹੇ ਦਿਖਾਈ ਦੇਣਗੇ; ਪਰ ਵੱਖ-ਵੱਖ ਭੂਗੋਲਿਕ ਖੇਤਰਾਂ ਦੀਆਂ ਵਿਸ਼ੇਸ਼ਤਾਵਾਂ ਉਨ੍ਹਾਂ 'ਚ ਮੌਜੂਦ ਰਹਿਣਗੀਆਂ। ਮਨੁੱਖੀ ਦਿਮਾਗ ਕੰਪਿਊਟਰ ਇੰਟਰਫੇਸ ਦੀ ਵਰਤੋਂ ਆਸਾਨੀ ਨਾਲ ਕਰ ਸਕੇਗਾ। ਪੁਲਾੜ ਯਾਤਰਾ ਆਮ ਹੋ ਜਾਵੇਗੀ।

ਜਦੋਂ ਹਰ ਖਿੱਤੇ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਦੇਖਣ ਨੂੰ ਮਿਲਣਗੀਆਂ ਤਾਂ 100 ਸਾਲਾਂ ਬਾਅਦ ਦੁਨੀਆ ਭਰ ਦਾ ਮੌਸਮ ਅਤੇ ਜਲਵਾਯੂ ਵੀ ਕਾਫੀ ਹੱਦ ਤੱਕ ਇਕਸਾਰ ਨਜ਼ਰ ਆਉਣਗੇ; ਤੇ ਇਸ ਦਾ ਕਾਰਨ ਪੂਰੀ ਦੁਨੀਆ ਵਿੱਚ ਇੱਕੋ ਜਿਹੀ ਤਕਨੀਕ ਦੀ ਵਰਤੋਂ ਹੋਵੇਗੀ। ਇੱਕੋ ਜਿਹੀ ਟੈਕਨਾਲੋਜੀ ਤੇ ਇੱਕੋ ਜਿਹਾ ਵਾਤਾਵਰਣ ਹੋਵੇਗਾ। ਸੌ ਸਾਲਾਂ ਬਾਅਦ ਯਾਤਰਾਵਾਂ ਬਹੁਤ ਆਸਾਨ ਅਤੇ ਤੇਜ਼ ਹੋ ਜਾਣਗੀਆਂ। 100 ਸਾਲ ਬਾਅਦ ਤਾਂ ਅੰਗ ਟ੍ਰਾਂਸਪਲਾਂਟ ਕਰਨੇ ਵੀ ਆਮ ਹੋ ਜਾਣਗੇ।



# ਡਾ. ਹਰ ਗੋਬਿੰਦ ਖੋਰਾਣਾ

## ਜੈਨੇਟਿਕ ਕੋਡ ਦੇ ਆਰਕੀਟੈਕਟ

### ਅਧਿਆਪਨ ਅਤੇ ਗਿਆਨ ਸਾਂਝਾ ਕਰਨ ਦੇ ਡਾ. ਖੋਰਾਣਾ ਦੇ ਜਨੂੰਨ ਨੇ ਅਣੂ ਜੀਵ ਵਿਗਿਆਨ ਦੇ ਖੇਤਰ 'ਤੇ ਅਮਿੱਟ ਛਾਪ ਛੱਡੀ

**ਗਿਆਨ-ਵਿਗਿਆਨ**

**ਡਾ. ਪੀ.ਐੱਸ. ਤਿਆਗੀ**
**ਫੋਨ: +91-9855446519**



ਸਿੱਖਿਆ ਦੇ ਬਹੁਤ ਸਾਰੇ ਖੇਤਰ ਹਨ, ਜਿਨ੍ਹਾਂ ਵਿੱਚੋਂ ਜੀਵ ਵਿਗਿਆਨ ਇੱਕ ਮਹੱਤਵਪੂਰਨ ਖੇਤਰ ਹੈ। ਜੀਵ ਵਿਗਿਆਨ ਜੀਵਨ ਅਤੇ ਜੀਵਿਤ ਜੀਵਾਂ ਦਾ ਵਿਗਿਆਨਕ ਅਧਿਐਨ ਹੈ, ਜਿਸ ਵਿੱਚ ਖੇਤਰਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਸ਼ਾਮਲ ਹੈ, ਜੋ ਜੀਵਿਤ ਸੰਸਥਾਵਾਂ ਦੀ ਬਣਤਰ, ਕਾਰਜ, ਵਿਕਾਸ, ਵੰਡ ਅਤੇ ਸ਼੍ਰੇਣੀ ਦੀ ਪੜਚੋਲ ਕਰਦੀ ਹੈ। ਸੰਖੇਪ ਵਿੱਚ, ਜੀਵ-ਵਿਗਿਆਨ ਇੱਕ ਗਤੀਸ਼ੀਲ ਅਤੇ ਅੰਤਰ-ਅਨੁਸ਼ਾਸਨੀ ਖੇਤਰ ਹੈ, ਜੋ ਨਵੀਆਂ ਖੋਜਾਂ ਦੇ ਰੂਪ ਵਿੱਚ ਲਗਾਤਾਰ ਵਿਕਸਿਤ ਹੁੰਦਾ ਹੈ। ਇਹ ਸਿਹਤ ਸੰਭਾਲ, ਵਾਤਾਵਰਣ ਸੁਰੱਖਿਆ ਅਤੇ ਭੋਜਨ ਸੁਰੱਖਿਆ ਸਮੇਤ ਮਨੁੱਖਤਾ ਨੂੰ ਦਰਪੇਸ਼ ਬਹੁਤ ਸਾਰੀਆਂ ਚੁਣੌਤੀਆਂ ਦੇ ਹੱਲ ਲਈ ਮਹੱਤਵਪੂਰਨ ਹੈ। ਜੈਨੇਟਿਕਸ ਜੀਵ ਵਿਗਿਆਨ ਦੀ ਸਭ ਤੋਂ ਮਹੱਤਵਪੂਰਨ ਸ਼ਾਖਾ ਵਿੱਚੋਂ ਇੱਕ ਹੈ। ਜੈਨੇਟਿਕਸ ਜੀਵ ਵਿਗਿਆਨ ਦੀ ਇੱਕ ਬੁਨਿਆਦੀ ਸ਼ਾਖਾ ਹੈ, ਜੋ ਜੀਵ-ਜੰਤੂਆਂ ਦੀ ਵਿਰਾਸਤ ਅਤੇ ਪਰਿਵਰਤਨ ਦਾ ਅਧਿਐਨ ਕਰਦੀ ਹੈ। ਇਹ ਜੀਵ-ਵਿਗਿਆਨ, ਦਵਾਈ, ਖੇਤੀਬਾੜੀ ਅਤੇ ਮਾਨਵ-ਵਿਗਿਆਨ ਸਮੇਤ ਕਈ ਖੇਤਰਾਂ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਅਦਾ ਕਰਦੀ ਹੈ। ਜੈਨੇਟਿਕਸ ਇਸ ਗੱਲ ਦੀ ਸਮਝ ਪ੍ਰਦਾਨ ਕਰਦੀ ਹੈ ਕਿ ਕਿਵੇਂ ਗੁਣ ਅਤੇ ਵਿਸ਼ੇਸ਼ਤਾਵਾਂ ਇੱਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਤੱਕ ਪਹੁੰਚਾਈਆਂ ਜਾਂਦੀਆਂ ਹਨ। ਇਹ ਸਮਝ ਵਿਕਾਸਵਾਦ, ਆਬਾਦੀ ਜੀਵ ਵਿਗਿਆਨ ਅਤੇ ਵਾਤਾਵਰਣ ਨੂੰ ਸ਼ਾਮਲ ਕਰਨ ਵਾਲੇ ਅਧਿਐਨਾਂ ਲਈ ਮਹੱਤਵਪੂਰਨ ਹੈ। ਕੁੱਲ ਮਿਲਾ ਕੇ, ਜੈਨੇਟਿਕਸ ਦਾ ਖੇਤਰ ਨਾ ਸਿਰਫ਼ ਬੁਨਿਆਦੀ ਪੱਧਰ 'ਤੇ ਜੀਵਨ ਬਾਰੇ ਸਾਡੀ ਸਮਝ ਨੂੰ ਵਧਾਉਂਦਾ ਹੈ, ਸਗੋਂ ਸਿਹਤ, ਖੇਤੀਬਾੜੀ, ਵਾਤਾਵਰਣ ਅਤੇ ਹੋਰ ਬਹੁਤ ਸਾਰੇ ਖੇਤਰਾਂ ਨੂੰ ਪ੍ਰਭਾਵਤ ਕਰਨ ਵਾਲੇ ਵਿਹਾਰਕ ਉਪਯੋਗ ਵੀ ਪ੍ਰਦਾਨ ਕਰਦਾ ਹੈ।

ਜੈਨੇਟਿਕਸ ਵਿੱਚ ਨਿਰੰਤਰ ਖੋਜ, ਹੋਰ ਤਰੱਕੀ ਅਤੇ ਸਫਲਤਾਵਾਂ ਲਿਆਉਣ ਦੀ ਸੰਭਾਵਨਾ ਹੈ, ਜੋ ਸਾਡੇ ਭਵਿੱਖ ਨੂੰ ਆਕਾਰ ਦੇਵੇਗੀ। ਆਸਟ੍ਰੀਆ ਦੇ ਵਿਗਿਆਨੀ ਗ੍ਰੇਗੋਰ ਮੈਂਡੇਲ ਨੂੰ ਉਸ ਦੇ ਮੋਹਰੀ ਕੰਮ ਕਾਰਨ ਅਕਸਰ 'ਆਧੁਨਿਕ ਜੈਨੇਟਿਕਸ ਦਾ ਪਿਤਾ' ਕਿਹਾ ਜਾਂਦਾ ਹੈ। 19ਵੀਂ ਸਦੀ ਦੇ ਮੱਧ ਵਿੱਚ ਮਟਰ ਦੇ ਪੌਦਿਆਂ ਦੇ ਨਾਲ ਉਸ ਦੇ ਪ੍ਰਯੋਗਾਂ ਨੇ ਜੈਨੇਟਿਕਸ ਦੇ ਬਹੁਤ ਸਾਰੇ ਬੁਨਿਆਦੀ ਸਿਧਾਂਤ ਸਥਾਪਿਤ ਕੀਤੇ, ਜੋ ਅੱਜ ਦੀ ਵਿਰਾਸਤ ਬਾਰੇ ਸਾਡੀ ਸਮਝ ਨੂੰ ਦਰਸਾਉਂਦੇ ਹਨ। ਗ੍ਰੇਗੋਰ ਮੈਂਡੇਲ ਦੇ ਨਵੀਨਤਾਕਾਰੀ ਪ੍ਰਯੋਗ ਅਤੇ ਵਿਰਾਸਤ ਦੇ ਬੁਨਿਆਦੀ ਨਿਯਮਾਂ ਦੀ ਰਚਨਾ ਜੈਨੇਟਿਕਸ ਦੇ ਵਿਗਿਆਨ ਨੂੰ ਸਥਾਪਿਤ ਕਰਨ ਵਿੱਚ ਮਹੱਤਵਪੂਰਨ ਸਨ, ਜਿਨ੍ਹਾਂ ਨੇ ਜੀਵਿਤ ਜੀਵਾਂ ਵਿੱਚ ਵਿਰਾਸਤ ਅਤੇ ਪਰਿਵਰਤਨ ਦੀਆਂ ਬਾਅਦ ਦੀਆਂ ਖੋਜਾਂ ਦੇ ਦਰਵਾਜ਼ੇ ਨੂੰ ਖੋਲ੍ਹਦਿਆਂ ਸਾਡੀ ਸਮਝ ਨੂੰ ਬਦਲ ਦਿੱਤਾ ਹੈ।

ਵਿਗਿਆਨਕ ਸੰਸਾਰ ਨੇ ਬਹੁਤ ਸਾਰੇ ਪ੍ਰਸਿੱਧ ਜੈਨੇਟਿਸਿਸਟਸ ਪੈਦਾ ਕੀਤੇ ਹਨ, ਪਰ ਕਿਸੇ ਨੇ ਵੀ ਜੈਨੇਟਿਕਸ ਅਤੇ ਮੋਲੀਕਿਊਲਰ ਬਾਇਓਲੋਜੀ ਦੀ ਸਾਡੀ ਸਮਝ ਉੱਤੇ ਡਾ. ਹਰ ਗੋਬਿੰਦ ਖੋਰਾਣਾ ਜਿੰਨਾ ਡੂੰਘਾ ਪ੍ਰਭਾਵ ਨਹੀਂ ਪਾਇਆ। ਡਾ. ਖੋਰਾਣਾ ਇੱਕ ਭਾਰਤੀ ਮੂਲ ਦੇ ਅਮਰੀਕੀ ਬਾਇਓਕੈਮਿਸਟ ਸਨ, ਜਿਨ੍ਹਾਂ ਨੇ ਫਿਜ਼ੀਓਲੋਜੀ ਜਾਂ ਮੈਡੀਸਨ ਵਿੱਚ 1968 ਦਾ ਨੋਬਲ ਪੁਰਸਕਾਰ ਜਿੱਤਿਆ ਸੀ। 9 ਜਨਵਰੀ 1922 ਨੂੰ ਰਾਏਪੁਰ, ਪੰਜਾਬ (ਹੁਣ ਪਾਕਿਸਤਾਨ) ਵਿੱਚ ਜਨਮੇ ਹਰ ਗੋਬਿੰਦ ਖੋਰਾਣਾ ਦੀ ਇੱਕ ਪਿੰਡ ਤੋਂ ਨੋਬਲ ਪੁਰਸਕਾਰ ਜੇਤੂ ਬਣਨ ਤੱਕ ਦੀ ਸ਼ਾਨਦਾਰ ਯਾਤਰਾ ਲਗਨ ਅਤੇ ਪ੍ਰਤਿਭਾ ਦਾ ਪ੍ਰਤੀਕ ਹੈ। ਉਨ੍ਹਾਂ ਦੇ ਪਾਇਨੀਅਰਿੰਗ ਕੰਮ ਨੇ ਜੈਨੇਟਿਕਸ ਅਤੇ ਬਾਇਓਟੈਕਨਾਲੋਜੀ ਦੇ ਭਵਿੱਖ ਨੂੰ ਆਕਾਰ ਦਿੰਦਿਆਂ ਜੀਵ ਵਿਗਿਆਨ 'ਤੇ ਇੱਕ ਅਮਿੱਟ ਛਾਪ ਛੱਡੀ ਹੈ। ਮੈਂ ਇਸ ਲੇਖ ਰਾਹੀਂ ਇਸ ਪ੍ਰਸਿੱਧ ਜੀਵ-ਰਸਾਇਣ ਵਿਗਿਆਨੀ ਅਤੇ ਨੋਬਲ ਪੁਰਸਕਾਰ ਜੇਤੂ ਦੇ ਅਸਾਧਾਰਣ ਜੀਵਨ ਅਤੇ ਯੋਗਦਾਨ ਨੂੰ ਵਿਚਾਰਨ ਦਾ ਨਿਮਾਣਾ ਜਿਹਾ ਯਤਨ ਕਰ ਰਿਹਾ ਹਾਂ। ਮੈਨੂੰ ਇਹ ਲਿਖਦਿਆਂ ਖੁਸ਼ੀ ਹੋ ਰਹੀ ਹੈ ਕਿ ਇਹ ਮਹਾਨ ਵਿਗਿਆਨੀ ਦੋਹਾਂ ਦੇਸ਼ਾਂ ਨਾਲ ਜੁੜਿਆ ਹੋਇਆ ਸੀ-ਇੱਕ ਉਹ ਦੇਸ਼ ਹੈ, ਜਿੱਥੋਂ ਮੈਂ ਇਹ ਲੇਖ ਲਿਖ ਰਿਹਾ ਹਾਂ ਅਤੇ ਦੂਜਾ ਉਹ ਦੇਸ਼ ਹੈ, ਜਿੱਥੋਂ ਇਹ ਅਖਬਾਰ ਪ੍ਰਕਾਸ਼ਿਤ ਹੋ ਰਿਹਾ ਹੈ।

ਡਾ. ਖੋਰਾਣਾ ਦਾ ਜਨਮ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਰਾਏਪੁਰ ਵਿੱਚ ਹੋਇਆ ਸੀ, ਜੋ ਹੁਣ ਪੂਰਬੀ ਪਾਕਿਸਤਾਨ ਦਾ ਹਿੱਸਾ ਹੈ। ਖੋਰਾਣਾ ਇੱਕ ਮਾਮੂਲੀ ਪਰਿਵਾਰ ਦੇ ਪੰਜ ਬੱਚਿਆਂ ਵਿੱਚੋਂ ਸਭ ਤੋਂ ਛੋਟਾ ਸੀ। ਉਸਦੇ ਪਿਤਾ ਬ੍ਰਿਟਿਸ਼ ਭਾਰਤੀ ਸਰਕਾਰ ਦੀ ਪ੍ਰਣਾਲੀ ਵਿੱਚ ਇੱਕ ਪਿੰਡ ਖੇਤੀਬਾੜੀ ਟੈਕਸ ਕਲਰਕ ਸਨ। ਗ਼ਰੀਬ ਹੋਣ ਦੇ ਬਾਵਜੂਦ, ਉਨ੍ਹਾਂ ਦੇ ਪਿਤਾ ਆਪਣੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਸਮਰਪਿਤ ਸਨ। ਖੋਰਾਣਾ ਨੇ ਛੋਟੀ ਉਮਰ ਤੋਂ ਹੀ ਵਿਗਿਆਨ ਵਿੱਚ ਡੂੰਘੀ ਦਿਲਚਸਪੀ ਦਿਖਾਈ। ਮਾੜੀਆਂ ਵਿਦਿਅਕ ਸਹੂਲਤਾਂ ਦੇ ਬਾਵਜੂਦ ਖੋਰਾਣਾ ਨੇ ਹਾਈ ਸਕੂਲ ਪੂਰਾ ਕੀਤਾ ਅਤੇ ਲਾਹੌਰ ਵਿੱਚ ਪੰਜਾਬ ਯੂਨੀਵਰਸਿਟੀ ਤੋਂ ਬੈਚਲਰ ਤੇ ਮਾਸਟਰ ਡਿਗਰੀ ਪ੍ਰਾਪਤ ਕਰਨ ਲਈ ਚਲਾ ਗਿਆ। ਜੈਵਿਕ ਰਸਾਇਣ ਵਿਗਿਆਨ ਵਿੱਚ ਆਪਣੀ ਮਾਸਟਰ ਡਿਗਰੀ ਲਈ ਪੜ੍ਹਦਿਆਂ ਖੋਰਾਣਾ ਨੇ ਆਪਣੇ ਸੁਪਰਵਾਈਜ਼ਰ ਗੁਰਬਖਸ਼ ਸਿੰਘ ਨਾਲ ਜ਼ੈਂਥੋਨਸ ਦੇ ਸੰਸਲੇਸ਼ਣ 'ਤੇ ਦੋ ਪੇਪਰ ਪ੍ਰਕਾਸ਼ਿਤ ਕੀਤੇ।

ਪੰਜਾਬ ਯੂਨੀਵਰਸਿਟੀ ਤੋਂ ਆਪਣੀ ਸਿੱਖਿਆ ਪੂਰੀ ਕਰਨ ਤੋਂ ਬਾਅਦ, 1945 ਵਿੱਚ ਖੋਰਾਣਾ ਨੇ ਇੰਗਲੈਂਡ ਵਿੱਚ ਡਾਕਟਰੇਟ ਕਰਨ ਲਈ ਭਾਰਤ ਸਰਕਾਰ ਦੀ ਫੈਲੋਸ਼ਿਪ ਪ੍ਰਾਪਤ ਕੀਤੀ ਅਤੇ ਇਸ ਤਹਿਤ 1948 ਵਿੱਚ ਲਿਵਰਪੂਲ ਯੂਨੀਵਰਸਿਟੀ ਦੇ ਉੱਘੇ ਬਾਇਓਕੈਮਿਸਟ ਸਰ ਰੋਜਰ ਜੇ.ਐਸ. ਬੀਰ ਦੀ ਅਗਵਾਈ ਹੇਠ ਪੀਐਚ.ਡੀ. ਪ੍ਰਾਪਤ ਕੀਤੀ। ਬ੍ਰਿਟਿਸ਼ ਕੋਲੰਬੀਆ ਦੇ ਡਾ. ਜੌਰਡਨ ਐਮ. ਸ਼ਰਮ ਵੱਲੋਂ 1952 ਵਿੱਚ ਨੌਕਰੀ ਦੀ ਪੇਸ਼ਕਸ਼ ਉਸਨੂੰ ਵੈਨਕੂਵਰ ਲੈ ਗਈ, ਜਿੱਥੇ ਖੋਰਾਣਾ ਨੇ ਜੀਵ ਵਿਗਿਆਨਕ ਤੌਰ 'ਤੇ ਦਿਲਚਸਪ ਫਾਸਫੇਟ ਐਸਟਰ ਅਤੇ ਨਿਊਕਲਿਕ ਐਸਿਡ ਦੇ ਖੇਤਰ ਵਿੱਚ ਕੰਮ ਕੀਤਾ। 1960 ਵਿੱਚ ਖੋਰਾਣਾ ਵਿਸਕਾਨਸਿਨ ਯੂਨੀਵਰਸਿਟੀ ਦੇ ਐਨਜ਼ਾਈਮ ਰਿਸਰਚ ਇੰਸਟੀਚਿਊਟ ਵਿੱਚ ਚਲੇ ਗਏ, ਜਿੱਥੇ ਉਹ ਬਾਅਦ ਵਿੱਚ (1966) ਯੂ.ਐਸ.ਏ. ਦਾ ਨਾਗਰਿਕ ਬਣ ਗਿਆ। 1970 ਤੋਂ ਖੋਰਾਣਾ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ (ਐਮ.ਆਈ.ਟੀ.) ਵਿੱਚ ਜੀਵ ਵਿਗਿਆਨ ਅਤੇ ਰਸਾਇਣ ਵਿਗਿਆਨ ਦੇ ਅਲਫ੍ਰੇਡ ਪੀ. ਸਲੋਅਨ ਪ੍ਰੋਫੈਸਰ ਸਨ। ਇਸ ਸਮੇਂ ਦੌਰਾਨ ਉਨ੍ਹਾਂ ਦੀ ਖੋਜ ਨੇ ਉਨ੍ਹਾਂ ਦੇ ਭਵਿੱਖ ਦੇ ਯੋਗਦਾਨ ਲਈ ਪੜਾਅ ਤੈਅ ਕੀਤਾ ਅਤੇ ਉਨ੍ਹਾਂ ਦਾ ਸਭ ਤੋਂ ਮਹੱਤਵਪੂਰਨ ਕੰਮ ਸਾਹਮਣੇ ਆਇਆ। ਇਹ ਕੰਮ ਜੈਨੇਟਿਕ ਕੋਡ ਨੂੰ ਸਪਸ਼ਟ ਕਰਨ ਵਿੱਚ ਮਹੱਤਵਪੂਰਣ ਸੀ, ਜਿਸ ਦੁਆਰਾ ਡੀ.ਐਨ.ਏ. ਵਿੱਚ ਇਨਕੋਡ ਕੀਤੀ ਜਾਣਕਾਰੀ ਨੂੰ ਪ੍ਰੋਟੀਨ ਵਿੱਚ ਅਨੁਵਾਦ ਕੀਤਾ ਜਾਂਦਾ ਹੈ। ਡਾ. ਖੋਰਾਣਾ ਦੀ ਜ਼ਮੀਨੀ ਖੋਜ ਨੇ ਖੁਲਾਸਾ ਕੀਤਾ ਕਿ ਕਿਵੇਂ ਡੀ.ਐਨ.ਏ. ਵਿੱਚ ਨਿਊਕਲੀਓਟਾਈਡਸ ਦੇ ਕ੍ਰਮ ਪ੍ਰੋਟੀਨ ਵਿੱਚ ਅਮੀਨੋ ਐਸਿਡ ਦੇ ਕ੍ਰਮ ਨੂੰ ਨਿਰਧਾਰਤ ਕਰਦੇ ਹਨ, ਜੋ ਕਿ ਸਾਰੇ ਜੀਵਿਤ ਜੀਵਾਂ ਵਿੱਚ ਇੱਕ ਬੁਨਿਆਦੀ ਪ੍ਰਕਿਰਿਆ ਹੈ।

ਆਪਣੀਆਂ ਖੋਜਾਂ ਤੋਂ ਇਲਾਵਾ ਡਾ. ਖੋਰਾਣਾ ਇੱਕ ਸਮਰਪਿਤ ਸਿੱਖਿਅਕ ਅਤੇ ਸਲਾਹਕਾਰ ਸਨ। ਉਨ੍ਹਾਂ ਨੇ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ ਵਿੱਚ ਆਪਣੇ ਕਰੀਅਰ ਦਾ ਇੱਕ ਮਹੱਤਵਪੂਰਨ ਹਿੱਸਾ ਬਿਤਾਇਆ (1970-2007), ਜਿੱਥੇ ਉਨ੍ਹਾਂ ਨੇ ਵਿਦਿਆਰਥੀਆਂ ਅਤੇ ਖੋਜਕਰਤਾਵਾਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕੀਤਾ। ਅਧਿਆਪਨ ਅਤੇ ਗਿਆਨ ਸਾਂਝਾ ਕਰਨ ਦੇ ਉਨ੍ਹਾਂ ਦੇ ਜਨੂੰਨ ਨੇ ਅਣੂ ਜੀਵ ਵਿਗਿਆਨ ਦੇ ਖੇਤਰ 'ਤੇ ਅਮਿੱਟ ਛਾਪ ਛੱਡੀ। ਢਾ. ਹਰ ਗੋਬਿੰਦ ਖੁਰਾਣਾ ਨੇ ਆਪਣੇ ਜੀਵਨ ਦੌਰਾਨ ਬਹੁਤ ਸਾਰੇ ਇਨਾਮ ਪ੍ਰਾਪਤ ਕੀਤੇ, ਜੋ ਵਿਗਿਆਨ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਦਰਸਾਉਂਦੇ ਹਨ। ਨੋਬਲ ਪੁਰਸਕਾਰ ਤੋਂ ਇਲਾਵਾ ਉਨ੍ਹਾਂ ਨੂੰ ਨੈਸ਼ਨਲ ਮੈਡਲ ਆਫ਼ ਸਾਇੰਸ ਨਾਲ ਸਨਮਾਨਿਤ ਕੀਤਾ ਗਿਆ ਸੀ ਅਤੇ ਉਹ ਕਈ ਵੱਕਾਰੀ ਵਿਗਿਆਨਕ ਸੰਸਥਾਵਾਂ ਦੇ ਮੈਂਬਰ ਸਨ, ਜਿਸ ਵਿੱਚ ਅਮੈਰੀਕਨ ਅਕੈਡਮੀ ਆਫ਼ ਆਰਟਸ ਐਂਡ ਸਾਇੰਸਜ਼ ਅਤੇ ਨੈਸ਼ਨਲ ਅਕੈਡਮੀ ਆਫ਼ ਸਾਇੰਸਜ਼ ਸ਼ਾਮਲ ਹਨ। ਭਾਰਤ ਸਰਕਾਰ ਨੇ 1969 ਵਿੱਚ ਡਾ. ਖੋਰਾਨਾ ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ।

ਡਾ. ਖੋਰਾਣਾ ਦਾ 89 ਸਾਲ ਦੀ ਉਮਰ ਵਿੱਚ 9 ਨਵੰਬਰ 2011 ਨੂੰ ਦਿਹਾਂਤ ਹੋ ਗਿਆ ਸੀ, ਪਰ ਉਨ੍ਹਾਂ ਦੀ ਵਿਰਾਸਤ ਜੈਨੇਟਿਕਸ ਅਤੇ ਬਾਇਓਟੈਕਨਾਲੋਜੀ ਵਿੱਚ ਸਮਕਾਲੀ ਖੋਜ ਨੂੰ ਪ੍ਰਭਾਵਤ ਕਰਦੀ ਹੈ। ਸੰਸਥਾਵਾਂ ਵਿਗਿਆਨ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਅਤੇ ਸਿੱਖਿਆ ਤੇ ਨਵੀਨਤਾ ਦੇ ਮਹੱਤਵ ਵਿੱਚ ਉਨ੍ਹਾਂ ਦੇ ਵਿਸ਼ਵਾਸ ਦਾ ਸਨਮਾਨ ਕਰਦੀਆਂ ਹਨ। ਉਨ੍ਹਾਂ ਦੀ ਮੌਤ ਤੋਂ ਬਾਅਦ ਨੇਚਰ ਮੈਗਜ਼ੀਨ ਨੇ ਸ਼ਰਧਾਂਜਲੀ ਬਿਆਨ ਵਿੱਚ ਕਿਹਾ, "ਅਜਿਹੇ ਨਿਮਰ ਪਿਛੋਕੜ ਵਾਲੇ ਵਿਅਕਤੀ ਦਾ ਅਣੂ ਜੀਵ ਵਿਗਿਆਨ ਦਾ ਪ੍ਰਤੀਕ ਬਣਨਾ ਉਨ੍ਹਾਂ ਦੀ ਅਸਾਧਾਰਣ ਡਰਾਈਵ, ਅਨੁਸ਼ਾਸਨ ਅਤੇ ਉੱਤਮਤਾ ਲਈ ਯਤਨਸ਼ੀਲ ਹੋਣ ਦਾ ਪ੍ਰਮਾਣ ਹੈ।"

ਡਾ. ਹਰ ਗੋਬਿੰਦ ਖੁਰਾਣਾ ਦਾ ਜੀਵਨ ਅਤੇ ਪ੍ਰਾਪਤੀਆਂ ਵਿਗਿਆਨਕ ਖੋਜ ਤੇ ਖੋਜ ਦੀ ਭਾਵਨਾ ਨੂੰ ਦਰਸਾਉਂਦੀਆਂ ਹਨ। ਜੈਨੇਟਿਕਸ ਅਤੇ ਮੌਲੀਕਿਊਲਰ ਬਾਇਓਲੋਜੀ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਕੰਮ ਨੇ ਨਾ ਸਿਰਫ਼ ਅਣੂ ਦੇ ਪੱਧਰ 'ਤੇ ਜੀਵਨ ਬਾਰੇ ਸਾਡੀ ਸਮਝ ਨੂੰ ਅੱਗੇ ਵਧਾਇਆ ਸਗੋਂ ਦਵਾਈ, ਖੇਤੀਬਾੜੀ ਅਤੇ ਬਾਇਓਟੈਕਨਾਲੋਜੀ ਵਿੱਚ ਬਹੁਤ ਸਾਰੀਆਂ ਐਪਲੀਕੇਸ਼ਨਾਂ ਲਈ ਰਾਹ ਪੱਧਰਾ ਕੀਤਾ। ਜਿਵੇਂ ਕਿ ਅਸੀਂ ਉਸਦੀ ਵਿਰਾਸਤ 'ਤੇ ਪ੍ਰਤੀਬਿੰਬਤ ਕਰਦੇ ਹਾਂ, ਸਾਨੂੰ ਉਸ ਮਹੱਤਵਪੂਰਣ ਭੂਮਿਕਾ ਦੀ ਯਾਦ ਦਿਵਾਉਂਦੀ ਹੈ, ਜੋ ਗਿਆਨ ਅਤੇ ਨਵੀਨਤਾ ਦੀ ਖੋਜ ਵਿੱਚ ਉਤਸੁਕਤਾ, ਰਚਨਾਤਮਕਤਾ ਅਤੇ ਲਗਨ ਨੂੰ ਪ੍ਰਭਾਵਿਤ ਕਰਦੀ ਹੈ। ਡਾ. ਖੋਰਾਣਾ ਨੂੰ ਹਮੇਸ਼ਾ ਇੱਕ ਸੱਚੇ ਪਾਇਨੀਅਰ ਵਜੋਂ ਯਾਦ ਕੀਤਾ ਜਾਵੇਗਾ, ਜਿਸ ਨੇ ਜੈਨੇਟਿਕਸ ਬਾਰੇ ਸਾਡੀ ਸਮਝ ਨੂੰ ਬਦਲਿਆ ਅਤੇ ਦੁਨੀਆ ਭਰ ਦੇ ਵਿਗਿਆਨੀਆਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕੀਤਾ।

## ਡਾ. ਖੋਰਾਣਾ ਦੀਆਂ ਮੁੱਖ ਪ੍ਰਾਪਤੀਆਂ

**1. ਡਾ. ਖੋਰਾਣਾ ਦੇ ਸਭ ਤੋਂ ਮਹੱਤਵਪੂਰਨ ਯੋਗਦਾਨਾਂ ਵਿੱਚੋਂ ਇੱਕ ਜੈਨੇਟਿਕ ਕੋਡ ਨੂੰ ਸਮਝਣ ਵਿੱਚ ਉਸਦੀ ਭੂਮਿਕਾ ਸੀ। ਵਿਸਕਾਨਸਿਨ ਯੂਨੀਵਰਸਿਟੀ ਅਤੇ ਬਾਅਦ ਵਿੱਚ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ (ਐਮ.ਆਈ.ਟੀ.) ਵਿੱਚ ਕੰਮ ਕਰਦਿਆਂ ਉਨ੍ਹਾਂ ਨੇ ਇਸ ਗੱਲ 'ਤੇ ਧਿਆਨ ਦਿੱਤਾ ਕਿ ਕਿਵੇਂ ਡੀ.ਐਨ.ਏ. ਵਿੱਚ ਨਿਊਕਲੀਓਟਾਈਡਸ ਦੇ ਕ੍ਰਮ ਪ੍ਰੋਟੀਨ 'ਚ ਅਨੁਵਾਦ ਹੁੰਦੇ ਹਨ। ਉਨ੍ਹਾਂ ਦੀ ਖੋਜ ਇਹ ਦਰਸਾਉਣ ਵਿੱਚ ਮਹੱਤਵਪੂਰਨ ਸੀ ਕਿ ਕਿਵੇਂ ਨਿਊਕਲੀਓਟਾਈਡਸ ਦੇ ਤੀਹਰੀ ਕੋਡੋਨ ਖਾਸ ਅਮੀਨੋ ਐਸਿਡ ਨਾਲ ਮੇਲ ਖਾਂਦੇ ਹਨ, ਜੋ ਕਿ ਅਣੂ ਜੀਵ ਵਿਗਿਆਨ ਲਈ ਬੁਨਿਆਦੀ ਖੋਜ ਹੈ।**

**2. ਸਾਲ 1968 ਵਿੱਚ ਡਾ. ਖੋਰਾਣਾ ਨੂੰ ਮਾਰਸ਼ਲ ਨੀਰੇਨਬਰਗ ਅਤੇ ਰੌਬਰਟ ਹੋਲੀ ਨਾਲ ਮੈਡੀਸਨ ਵਿੱਚ ਸਮੂਹਿਕ ਤੌਰ 'ਤੇ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਨਿਊਕਲਿਕ ਐਸਿਡ ਅਤੇ ਜੈਨੇਟਿਕ ਕੋਡ 'ਤੇ ਉਨ੍ਹਾਂ ਦੇ ਸਮੂਹਿਕ ਕੰਮ ਨੇ ਆਧੁਨਿਕ ਜੈਨੇਟਿਕਸ ਦੀ ਬੁਨਿਆਦ ਨੂੰ ਮਜਬੂਤ ਕੀਤਾ ਹੈ। ਇਹ ਇਸ ਗੱਲ ਦੀ ਸਮਝ ਪ੍ਰਦਾਨ ਕਰਦਾ ਹੈ ਕਿ ਜੀਵਿਤ ਜੀਵਾਂ ਵਿੱਚ ਜੈਨੇਟਿਕ ਜਾਣਕਾਰੀ ਕਿਵੇਂ ਪ੍ਰਗਟ ਕੀਤੀ ਜਾਂਦੀ ਹੈ।**



**■ 1960 ਦੇ ਅਖੀਰ 'ਚ ਵਿਸਕਾਨਸਿਨ-ਮੈਡੀਸਨ ਵਿਖੇ ਪ੍ਰਯੋਗਸ਼ਾਲਾ ਵਿੱਚ ਕੰਮ ਕਰਦੇ ਹੋਏ ਡਾ. ਖੋਰਨਾ। (ਫੋਟੋ: ਵਿਸਕਾਨਸਿਨ-ਮੈਡੀਸਨ ਯੂਨੀਵਰਸਿਟੀ)**



**3. ਡਾ. ਖੋਰਾਣਾ ਨੇ ਪਹਿਲੇ ਸਨਥੈਟਿਕ ਜੀਨ ਅਤੇ ਨਿਊਕਲਿਕ ਐਸਿਡ ਦਾ ਸੰਸਲੇਸ਼ਣ ਕੀਤਾ। ਉਨ੍ਹਾਂ ਨੇ ਅਜਿਹੀਆਂ ਤਕਨੀਕਾਂ ਵਿਕਸਿਤ ਕੀਤੀਆਂ, ਜਿਨ੍ਹਾਂ ਦੁਆਰਾ ਵਿਗਿਆਨੀ ਡੀ.ਐਨ.ਏ. ਦੇ ਖਾਸ ਕ੍ਰਮ ਦਾ ਨਿਰਮਾਣ ਕਰ ਸਕਦੇ ਹਨ। ਇਹ ਇੱਕ ਬਹੁਤ ਵੱਡੀ ਸਫਲਤਾ ਸੀ, ਜਿਸ ਦੇ ਜੈਨੇਟਿਕਸ ਵਿੱਚ ਦੂਰਗਾਮੀ ਪ੍ਰਭਾਵ ਸਨ, ਜਿਸ ਵਿੱਚ ਜੀਨ ਕਲੋਨਿੰਗ, ਜੈਨੇਟਿਕ ਇੰਜੀਨੀਅਰਿੰਗ ਅਤੇ ਸਿੰਥੈਟਿਕ ਜੀਵ ਵਿਗਿਆਨ ਸ਼ਾਮਲ ਸਨ।**

**4. ਡਾ. ਖੋਰਾਣਾ ਨੇ ਰਿਬੋਨਿਊਕਲਿਕ ਐਸਿਡ (ਆਰ.ਐਨ.ਏ.) ਅਤੇ ਪ੍ਰੋਟੀਨ ਸੰਸਲੇਸ਼ਣ ਵਿੱਚ ਇਸਦੀ ਭੂਮਿਕਾ 'ਤੇ ਮਹੱਤਵਪੂਰਨ ਖੋਜ ਵੀ ਕੀਤੀ। ਉਸ ਦੇ ਪ੍ਰਯੋਗਾਂ ਨੇ ਵੱਖ-ਵੱਖ ਆਰ.ਐਨ.ਏ. ਕਿਸਮਾਂ ਦੀ ਬਣਤਰ ਅਤੇ ਕਾਰਜਾਂ ਨੂੰ ਸਪੱਸ਼ਟ ਕਰਨ ਵਿੱਚ ਮਦਦ ਕੀਤੀ, ਸਾਡੀ ਸਮਝ ਵਿੱਚ ਯੋਗਦਾਨ ਪਾਇਆ ਕਿ ਜੈਨੇਟਿਕ ਜਾਣਕਾਰੀ ਕਿਵੇਂ ਪ੍ਰਸਾਰਿਤ ਅਤੇ ਪ੍ਰਗਟ ਕੀਤੀ ਜਾਂਦੀ ਹੈ।**

ਪੜਚੋਲ

ਡਾ. ਪਰਮਜੀਤ ਸਿੰਘ ਸੋਹਲ



# ‘ਰੇਤ ’ਤੇ ਪਈ ਬੇੜੀ’

## ਜਗਤਾਰਜੀਤ ਸਿੰਘ ਦੀ ਕਾਵਿ-ਪੁਸਤਕ ਦੀ ਬਿੰਬਾਤਮਕ ਵਿਵੇਚਨਾ

ਜਗਤਾਰਜੀਤ ਕਲਾਤਮਿਕ ਸੂਝ-ਬੂਝ ਦਾ ਮਾਲਕ ਬਹੁਵਿਧਾਈ ਸਾਹਿਤਕਾਰ ਹੈ। ਉਸਨੇ ਚਿੱਤਰ ਕਲਾ ਤੇ ਚਿੱਤਰਕਾਰਾਂ ਦੀਆਂ ਕਲਾਕ੍ਰਿਤਾਂ ਦੀ ਬੜੀ ਸਾਦਾ, ਸਟੀਕ ਤੇ ਸੁਖੈਨ ਭਾਸ਼ਾ ਵਿੱਚ ਵਿਸ਼ਲੇਸ਼ਣਕਾਰੀ ਕੀਤੀ ਹੈ। ਇਸ ਖੇਤਰ ਵਿੱਚ ਉਸਦੀ ਦੇਣ ਵਿਲੱਖਣ ਹੈ। ਜਿੱਥੋਂ ਤੱਕ ਕਵਿਤਾ ਦਾ ਸਬੰਧ ਹੈ, ਜਗਤਾਰਜੀਤ ਨੂੰ ਆਪਣੀਆਂ ਨਜ਼ਮਾਂ ਅੰਦਰ ਕਿਸੇ ਇੱਕ ਬਿੰਬ ’ਚੋਂ ਪੂਰਾ ਦ੍ਰਿਸ਼ ਉਸਾਰ ਦੇਣਾ ਵੀ ਆਉਂਦਾ ਹੈ। ਉਹ ਕਵਿਤਾ ਦੀ ਪਹਿਲੀ ਸਤਰ ਤੋਂ ਆਖ਼ਰੀ ਸਤਰ ਤੱਕ ਮੁਕੰਮਲ ਤਸਵੀਰ ਉਲੀਕ ਦਿੰਦਾ ਹੈ। ਲਗਦਾ ਹੈ, ਜਿਵੇਂ ਜੀਵਨ ਦਾ ਸਮੁੱਚਾ ਦ੍ਰਿਸ਼ ਪਰਤ-ਦਰ-ਪਰਤ ਸਾਕਾਰ ਹੋ ਰਿਹਾ ਹੋਵੇ। ਇਹ ਉਸਦੇ ਅੰਦਰਲੇ ਸਿਰਜਨਾਤਮਕ ਆਪੇ ਦਾ ਜਲੌਅ ਹੈ। ਇਸ ਲਿਹਾਜ ਨਾਲ ਉਹ ਪੰਜਾਬੀ ਕਵਿਤਾ ਵਿੱਚ ਵਿਲੱਖਣਤਾ ਨੂੰ ਬਰਕਰਾਰ ਰੱਖਣ ਵਾਲਾ ਕਾਵਿ ਸਿਰਜਕ ਹੈ।

‘ਰੇਤ ’ਤੇ ਪਈ ਬੇੜੀ’ ਕਾਵਿ-ਪੁਸਤਕ ਵਿੱਚ ਜਗਤਾਰਜੀਤ ਸਿੰਘ ਨੇ ਬਹੁਪੱਖੀ ਵਿਸ਼ਿਆਂ ਨੂੰ ਲੈ ਕੇ ਪ੍ਰਤੀਕਾਤਮਕ ਕਵਿਤਾਵਾਂ ਰਚੀਆਂ ਹਨ; ਪਰ ਇਹ ਜ਼ਿੰਦਗੀ ਅਤੇ ਕੁਦਰਤ ਦੇ ਸਰੋਕਾਰਾਂ ਦੇ ਇਰਦ-ਗਿਰਦ ਹੀ ਰਹਿੰਦੀਆਂ ਹਨ। ਉਹਦੀ ਕਾਵਿਕਾਰੀ ਵਿੱਚ ਅੱਗ, ਬਸੰਤ, ਰੁੱਖ, ਪੱਤੀਆਂ, ਦਿਨ, ਰਾਤ, ਨਦੀ, ਸਮੁੰਦਰ, ਬਰਫ਼, ਚੰਨ, ਸੂਰਜ, ਹਵਾ, ਬੱਦਲ, ਤਾਰੇ, ਸਮੁੰਦਰ ਜੁਗਨੂੰ, ਬੂੰਦ, ਉਡਾਰੀ, ਬੇੜੀ, ਬੱਚਾ, ਪਰਛਾਵੇਂ, ਹਾਸਾ, ਹੰਝੂ, ਮੌਤ, ਘਰ, ਦੇਸ਼, ਕਰਤਾਰਪੁਰ, ਬਾਬੇ ਨਾਨਕ ਦੀ ਵੇਈਂ, ਸਿਲਤ ਆਦਿ ਵਿਵਿਧ ਕਿਸਮ ਦੀ ਸ਼ਬਦਾਵਲੀ ਸ਼ੁਮਾਰ ਹੁੰਦੀ ਹੈ।

ਮੈਂ ਕਈ ਵਾਰ ਉਸਦੀ ਕਵਿਤਾ ਨੂੰ ਅੰਤ ਤੋਂ ਆਦਿ ਤੱਕ ਪੜ੍ਹ ਕੇ ਵੀ ਦੇਖਿਆ ਹੈ, ਉਸਦਾ ਬੱਝਵਾਂ ਪ੍ਰਭਾਵ ਕਦਾਚਿਤ ਖੰਡਿਤ ਨਹੀਂ ਹੁੰਦਾ। ਮਿਸਾਲ ਵਜੋਂ ਉਸਦੀ ‘ਜੁਗਨੂੰ ਕਵਿਤਾ ਪੜ੍ਹ ਸਕਦੇ ਹੋ। ਉਹ ਬਿੰਬਾਤਮਕ ਸ਼ੈਲੀ ਅਪਨਾਉਂਦਾ ਹੈ। ਕਿਸੇ ਵੀ ਵਰਤਾਰੇ ਦੀਆਂ ਅਦਿੱਖ ਪਰਤਾਂ ਨੂੰ ਉਜਾਗਰ ਕਰਨਾ ਉਸਦੀ ਕਾਵਿਕਾਰੀ ਦਾ ਅਮਲ ਖੇਤਰ ਹੈ।

ਜਗਤਾਰਜੀਤ ਦੀ ‘ਰੇਤ ਤੇ ਪਈ ਬੇੜੀ’ ਪੜ੍ਹ ਕੇ ਤੁਸੀਂ ਆਪਣੇ ਆਪ ਨੂੰ ਭਰਿਆ-ਭਰਿਆ, ਤ੍ਰਿਪਤ-ਤ੍ਰਿਪਤ ਮਹਿਸੂਸ ਕਰਦੇ ਹੋ। ਜ਼ਿੰਦਗੀ ਦੇ ਨਾਲ ਨਾਲ ਕੁਦਰਤ ਦੇ ਅਨੇਕ ਦ੍ਰਿਸ਼ਾਂ ਸੰਗ ਰਲ-ਮਿਲ ਕੇ ਵਿਚਰਨ ਦੀ ਜਾਚ ਸਿੱਖਣ ਲਈ ਉਸਦੀ ਇਹ ਕਿਤਾਬ ਪ੍ਰੇਰਿਤ ਕਰਦੀ ਹੈ। ਜਗਤਾਰਜੀਤ ਕੋਲ ਬੱਚੇ ਦੀ ਕੱਪੜੇ ’ਚ ਬੱਦਲਾਂ ਨੂੰ ਬੰਨ੍ਹ ਲੈਣ ਦੀ ਲਾਲਸਾ ਭਰੀ ਮਾਸੂਮੀਅਤ ਨੂੰ ਉਲੀਕ ਦੇਣ ਦੀ ਸੂਖਮ ਦ੍ਰਿਸ਼ਟੀ ਹੈ। ਉਹ ਸੂਰਜ ਕਿਰਨਾਂ ਦੇ ‘ਹਾਰ’ ਹਨੇਰਿਆਂ ਨਾਲ ਲੜ ਕੇ ਆਉਣ ਵਾਲਿਆਂ ਦੇ ਗਲਾਂ ਵਿੱਚ ਪਾਉਣਾ ਚਾਹੁੰਦਾ ਹੈ।

ਕਿਤਾਬ ਦੇ ਸਿਰਲੇਖ ਵਾਲੀ ਕਵਿਤਾ ‘ਰੇਤ ’ਤੇ ਪਈ ਬੇੜੀ’ ਗਰਮ ਰੁੱਤੇ ਸੁੱਕੀ ਰੇਤ ’ਤੇ ਪਈ ਬੇੜੀ ਦੇ ਬਿੰਬ ਰਾਹੀਂ ਮਾਰਮਿਕਤਾ ਦਰਸਾਉਂਦੀ ਹੈ। ਮੱਛੀ ਵਾਂਗ ਰੇਤ ’ਤੇ ਨਦੀ ਕੰਢੇ ਪਈ ਬੇੜੀ ਨੂੰ ਰੇਤ ਕਣਾਂ ’ਤੇ ਜੀਵਨ ਦੇ ਸਾਹ ਨਹੀਂ ਨਸੀਬ ਹੋ ਸਕਦੇ। ਉਸਦੇ ਸਾਹ ਪਾਣੀ ਦੀਆਂ ਲਹਿਰਾਂ ਨਾਲ ਚਲਦੇ ਹਨ। ਰੇਤ ’ਤੇ ਪਈ ਬੇੜੀ ਨੂੰ ਪਾਣੀਆਂ ’ਚ ਉਤਾਰਨ ਦਾ ਸੁਭਾਗ ਨਹੀਂ ਮਿਲਦਾ। ਉਸਦੇ ਸਵਾਲ ਦਾ ਜਵਾਬ ਵੀ ਨਦੀ ਨਹੀਂ ਦਿੰਦੀ। ਇਸ ਦੇ ਬਾਵਜੂਦ ਰੇਤ ’ਤੇ ਪਈ ਬੇੜੀ ਆਸ ਦਾ ਪੱਲਾ ਨਹੀਂ ਛੱਡਦੀ, ਉਸ ਨੂੰ ਅਜੇ ਵੀ ਨਦੀ ਦੇ ਪਾਣੀਆਂ ’ਤੇ ਠਿੱਲ੍ਹਣ ਦੀ ਉਮੀਦ ਹੈ। ਬੇਸ਼ਕ ਕਵਿਤਾ ਵਿੱਚ ਸਿਰਜੀ ਸਥਿਤੀ ਉਦਾਸੀ ਦੇ ਆਲਮ ਦਾ ਬਿਓਰਾ ਪੇਸ਼ ਕਰਦੀ ਹੈ, ਪਰ ਆਖ਼ਰ ਵਿੱਚ ਬੇੜੀ ਨੂੰ ਆਸਵੰਦ ਚਿਤਰਿਆ ਗਿਆ ਹੈ। ਜੀਵਨ ਦਾ ਚੌਗਿਰਦਾ ਉਦਾਸੀ ਦੇ ਆਲਮ ਵਿੱਚ ਡੋਬਦਾ ਹੈ, ਰੇਤਾ ਬੇਰਸ ਜ਼ਿੰਦਗੀ ਦਾ ਪ੍ਰਤੀਕ ਹੈ, ਬੇੜੀ ਜੀਵਨ ਦਾ ਪ੍ਰਤੀਕ ਹੈ, ਜਿਸ ਦੇ ਸਾਹ ਪਾਣੀ ਦੀਆਂ ਲਹਿਰਾਂ ਨਾਲ ਚਲਦੇ ਹਨ।

ਇੱਕ ਹੋਰ ਕਵਿਤਾ ‘ਬੇੜੀਆਂ’ ਵਿੱਚ ਬੱਚਿਆਂ ਦੀਆਂ ਕਾਗਦੀ ਬੇੜੀਆਂ ਦਾ ਮੰਜਰ ਦੇਖ ਉਹ ਕਹਿ ਉਠਦਾ ਹੈ:

ਸਾਰਾ ਮੰਜਰ ਦੇਖ ਲੱਗੇ
ਇੱਥੇ ਬੇੜੀਆਂ ਦਾ ਨਹੀਂ
ਸੁਫ਼ਨਿਆਂ ਦਾ ਕਤਲ ਹੋਇਆ ਹੈ।


‘ਸੂਰਜ ਕਿਰਨ’ ਕਵਿਤਾ ਦਰਸਾਉਂਦੀ ਹੈ ਕਿ ਸੂਰਜੀ ਧੁੱਪ ਛਾਂ ਦੀ ਉਧੇੜ-ਬੁਣ ਰਾਹੀਂ ਮਨੁੱਖ ਆਪਣੀਆਂ ਤਹਿਆਂ ਉਧੇੜਦਾ ਹੈ, ਜਦ ਕਿ ਸੂਰਜ ਦੇ ਅਸਤਣ ਤੀਕ ਇਕਹਿਰੀ ਲੋਅ, ਤਪਤ ਨਾਲ ਵੀ ਜੀਅ ਪਰਚਾਇਆ ਜਾ ਸਕਦਾ ਹੈ। ਕੁਦਰਤੀ ਵਰਤਾਰਿਆਂ ਬਾਰੇ ਲਿਖੀਆਂ ਕਵਿਤਾਵਾਂ ਵਿੱਚੋਂ ਜਗਤਾਰਜੀਤ ਦੀ ਇੱਕ ਕਵਿਤਾ ‘ਹਵਾ’ ਹੈ, ਜਿਸ ਵਿੱਚ ਘਾਹ ਤੇਜ਼ ਹਵਾ ਅੱਗੇ ਨਤਮਸਤਕ ਹੁੰਦਾ ਹੈ, ਪਰ ਜਦੋਂ ਹਵਾ ਲੰਘ ਜਾਂਦੀ ਹੈ ਤਾਂ ਘਾਹ ਦੀਆਂ ਪੱਤੀਆਂ ਫਿਰ ‘ਸਿੱਧੀਆਂ ਖੜੀਆਂ’ ਹੋ ਜਾਂਦੀਆਂ ਹਨ। ਉਹਦੀ ਕਵਿਤਾ ਵਿੱਚ ਪਹਾੜੀ ਪਗਡੰਡੀਆਂ ਦੇ ਰਾਹ ਪਰਬਤੀਂ ਹੋ ਖਿਰਕਦੇ ਮੇਘਾਂ ਤੱਕ ਜਾਂਦੇ ਹਨ। ਅਜਿਹੇ ਬਹੁਤ ਸਾਰੇ ਕੁਦਰਤੀ ਦ੍ਰਿਸ਼ਾਂ ਦੀ ਬਿੰਬਾਵਲੀ ਜਗਤਾਰਜੀਤ ਦੀ ਕਵਿਤਾ ਰਾਹੀਂ ਵਿਮੋਹਿਤ ਕਰਦੀ ਹੈ।

ਜਿੱਥੇ ‘ਚਲ ਪੌਣੇ’ ਕਵਿਤਾ ਦੀ ਲੈਅ ਸੁਹਜਾਤਮਕਤਾ ਤੇ ਪ੍ਰਗੀਤਕਤਾ ਦਾ ਸੁਮੇਲ ਹੈ। ਉਸਦੀ ਕਵਿਤਾ ਪ੍ਰਗੀਤਕਤਾ ਦਾ ਹੱਥ ਵੀ ਫੜ ਕੇ ਤੁਰਨ ਲਗਦੀ ਹੈ:

ਨੀ ਖੁਸ਼ਬੂਏ ਕਿਧਰ ਤੂੰ ਚਲੀ
ਅਜੇ ਤਾਂ ਸਜਰੀ-ਸਜਰੀ ਸੰਝ ਉਤਰੀ ਹੈ।

ਜਗਤਾਰਜੀਤ ਦੀ ‘ਬੇਬਸੀ’ ਮੁਕਤਕ ਕਵਿਤਾ ਦੇ ਪੰਜ ਬੰਦ ਹਨ। ਕਿਸੇ ਗ਼ਜ਼ਲ ਦੇ ਕਾਫ਼ੀਏ ਵਾਂਗ ਹਰ ਬੰਦ ਦਾ ਅੰਤ ‘ਬੇਬਸੀ’ ’ਤੇ ਜਾ ਕੇ ਹੁੰਦਾ ਹੈ। ਸਵੈ, ਸਮਾਜ ਤੇ ਕੁਦਰਤੀ ਵੇਰਵੇ ਜਿਵੇਂ ਬੇਬਸੀ ਦੀ ਤੁਕਬੰਦੀ ’ਤੇ ਢੁਕਾ ਦਿੱਤੇ ਗਏ ਹੋਣ। ਇਸੇ ਤਰ੍ਹਾਂ ‘ਕੀਤੀ ’ਤੇ ਸ਼ਰਮ ਨਾ ਆਵੇ’ ਕਵਿਤਾ ਕੁੰਡਲੀਏ ਛੰਦ ਵਾਂਗ ਮੁਕਤਕ ਰੂਪ ਵਿੱਚ ਲਿਖੀ ਗਈ ਹੈ। ਅਤਿ ਗਰਮੀ ਵਿੱਚ ਤਪਦਾ ਸੂਰਜ ਅੱਗ ਲਿਆਉਂਦਾ ਹੈ। ਆਦਮ ਜਾਤ ਨੂੰ ਆਪਣੇ ਕੀਤੇ ਕਰਮਾਂ ’ਤੇ ਸ਼ਰਮ ਨਹੀਂ ਆਉਂਦੀ। ਕਵੀ ਨੇ ਅਜਿਹੇ ਭਾਵਾਂ ਨੂੰ ਪ੍ਰਗਟ ਕਰਨ ਲਈ ਹਰ ਸਤਰ ਦੇ ਕੁਝ ਅੰਤਲੇ ਸ਼ਬਦਾਂ ਨੂੰ ਅਗਲੀ ਤੁਕ ਦਾ ਆਦਿ ਬਣਾ ਕੇ ਅੰਤਲੀ ਸਤਰ ਤੱਕ ਇਹ ਵਿਧਾਨ ਨਿਭਾਇਆ ਹੈ। ਇਸ ਨੂੰ ਛੰਦਾਬੰਦੀ ਦੇ ਪ੍ਰਯੋਗ ਵਾਂਗ ਹੀ ਲਿਆ ਜਾਣਾ ਚਾਹੀਦਾ ਹੈ। ਅੰਗਰੇਜ਼ੀ ਦੀ ਬਹੁਤ ਸਾਰੀ ਰਿਦਮਿਕ ਕਵਿਤਾ ਰਾਈਮਾਂ ’ਚ ਲਿਖੀ ਮਿਲਦੀ ਹੈ।

ਕਵਿਤਾਵਾਂ ਵਿੱਚ ਵੀ ਇਹ ਤੇਹ ਹਾਜ਼ਰ ਨਾਜ਼ਰ ਹੈ। ‘ਸਮੁੰਦਰ’ ਕਵਿਤਾ ਸਮੁੰਦਰ ਕੰਢੇ ਵਿਛੀ ਰੇਤ ’ਤੇ ਪਏ ਸੈਲਾਨੀ ਦੇ ਸਕੂਨ ਨੂੰ ਰੂਪਮਾਨ ਕਰਦੀ ਹੈ। ਲਹਿਰਾਂ ਦਾ ਗੀਤ ਸੈਲਾਨੀ ਦੀ ਸਿਮਰਤੀ ਦਾ ਬਿੰਬ ਹੈ। ਦੂਜੀ ਕਵਿਤਾ ‘ਸਮੁੰਦਰ’ ਦੇ ਸੱਦੇ ’ਚੋਂ ਪ੍ਰਕ੍ਰਿਤੀ ਦਾ ਦਿਲਕਸ਼ ਅੰਦਾਜ਼ ਮਹਿਸੂਸ ਹੋ ਜਾਂਦਾ ਹੈ। ਜੇ ਮਹਿਜ਼ ਸਮੁੰਦਰ ਬਾਰੇ ਸੁਣਿਆ ਹੈ ਤਾਂ ਉਸ ਸੁਣਨ ਨੂੰ ਦੇਖਣ ਤੇ ਜਾਣਨ ਵਿੱਚ ਬਦਲਣ ਲਈ ਸਮੁੰਦਰ ਨੂੰ ਮਿਲਣਾ ਵੀ ਜ਼ਰੂਰੀ ਹੈ। ‘ਮੈਂ ਤੇ ਸਮੁੰਦਰ’ ਕਵਿਤਾ ਦੇ ਆਰ-ਪਾਰ ਸਮੁੰਦਰ ਤੇ ਰੇਗਿਸਤਾਨ ਦੇ ਵਿਰੋਧੀ ਬਿੰਬ ਵਿਦਮਾਨ ਹਨ, ਜਿਨ੍ਹਾਂ ਵਿਚਾਲੇ ਕਵੀ ਦੀ ਹੋਂਦ ਰੋਕ ਬਣੀ ਪਈ ਹੈ। ਕਵਿਤਾ ਦੇ ਅਰਥ ਦੋਹਾਂ ਬਿੰਬਾਂ ਦੇ ਵਿਚਾਲੇ ਸੁੰਗੜਦੇ ਫੈਲਦੇ ਰਹਿੰਦੇ ਹਨ। ‘ਆਵਾਜ਼’ ਕਵਿਤਾ ਚੜ੍ਹਦੀਆਂ ਲਹਿਰਾਂ ਦੇ ਬਿੰਬ ਨਾਲ ਸਬੰਧਿਤ ਹੈ। ਕਵੀ ਜਦੋਂ ਸਮੁੰਦਰ ਵੱਲ ਪਿੱਠ ਕਰਕੇ ਘਰ ਪਰਤਦਾ ਹੈ ਤੇ ਆ ਕੇ ‘ਸ਼ਹਿਰ ਸਾਗਰ’ ’ਚ ਡੁਬਦਾ ਹੈ, ਤਦ ਵੀ ਉਹਦੀ ਪਿੱਠ ਪਿੱਛੇ ਚੜ੍ਹਦੀਆਂ-ਉਤਰਦੀਆਂ ਲਹਿਰਾਂ ਦੀ ਆਵਾਜ਼ ਆਉਂਦੀ ਹੈ। ਇਸ ਪ੍ਰਕਾਰ ‘ਆਵਾਜ਼’ ਕਵਿਤਾ ਇੱਕ ਬਿੰਬ ਦੀ ਬੁੱਕਲ ਮਾਰ ਲੈਂਦੀ ਹੈ।






ਜਗਤਾਰਜੀਤ ਸਿੰਘ

*ਜਗਤਾਰਜੀਤ ਨੇ ਬਾਬਾ ਨਾਨਕ ਦੇ ਜੀਵਨ ਨਾਲ ਸਬੰਧਿਤ ਦੋ ਕਵਿਤਾਵਾਂ ਇਸ ਪੁਸਤਕ ਵਿੱਚ ਦਰਜ ਕੀਤੀਆਂ ਹਨ। ‘ਨਾਨਕ ਨਜ਼ਰ ਨਹੀਂ ਆਉਂਦਾ’ ਵਿੱਚ ਬਾਬਾ ਨਾਨਕ ਦੇ ਵੇਈਂ ਪ੍ਰਵੇਸ਼ ਵਾਲੀ ਘਟਨਾ ਦਾ ਜ਼ਿਕਰ ਹੈ। ਬੇਸ਼ੱਕ ਕਵਿਤਾ ਦੇ ਅੰਤ ਤੱਕ ‘ਨਾਨਕ ਗੁੰਮ ਹੈ’ ਪਰ ਉਸ ਦੀ ਰੂਹਾਨੀ ਆਭਾ ਨੂੰ ਉਸਦੀ ਬਾਣੀ (ਖਸਮ ਦੇ ਗੀਤ) ਗਾਉਣ ਦੀ ਸਿਮਰਤੀ ਦੇ ਰੂਪ ਵਿੱਚ ਹਾਜ਼ਰ ਨਾਜ਼ਰ ਦੇਖਿਆ ਜਾ ਸਕਦਾ ਹੈ। ਦੂਜੀ ਕਵਿਤਾ ‘ਕਰਤਾਰਪੁਰ’ ਹੈ। ਸਿੱਖ ਸਮਾਜ ਵਿੱਚ ‘ਕਰਤਾਰਪੁਰ ਕਰਤਾ ਵਸੇ’ ਦੀ ਧਾਰਨਾ ਪ੍ਰਚਲਿਤ ਹੈ। ਇਹ ਕਵਿਤਾ ‘ਗੁਰ ਨਾਨਕ ਤੇਰੀ ਵਡੀ ਕਮਾਈ’ ਦਾ ਉਸਤਤ ਗੀਤ ਹੈ।*

ਜਗਤਾਰਜੀਤ ਕੁਦਰਤ ਦੇ ਵਰਤਾਰਿਆਂ ਨੂੰ ਜ਼ਿੰਦਗੀ ਦੇ ਸਨਮੁਖ ਰੱਖ ਕੇ ਫੜਦਾ ਹੈ। ‘ਸ਼ਾਮ’ ਕਵਿਤਾ ਚੜ੍ਹ ਕੇ ਆਏ ਬੱਦਲਾਂ ਦੀ ਆਮਦ ਦਾ ਦ੍ਰਿਸ਼ ਮਨਮੋਹਕ ਹੈ। ਉਹ ਹਾਸੇ-ਰੋਣੇ ਵਿੱਚ ਸਮੁੱਚਾ ਸ਼ਾਮਲ ਹੁੰਦਾ ਹੈ। ਅੱਖਾਂ ਤੋਂ ਲੈ ਕੇ ਪੈਰਾਂ ਦੇ ਪੋਟਿਆਂ ਤੀਕ ਮੁਕੰਮਲ ਹਾਸੇ ਦੀ ਬਾਤ ਪਾਉਂਦਾ ਹੈ। ਮਨੁੱਖ ਦਾ ਹਾਸਾ ਤੇ ਰੋਣਾ ਹੀ ਮਨੁੱਖੀਪਣ ਦੀ ਮੁਕੰਮਲਤਾ ਦਾ ਜ਼ਾਮਨ ਹੈ। ਹਾਸੇ ਤੇ ਰੋਣ ਦੀਆਂ ਹਾਲਤਾਂ ਜੀਵਨ ਦੇ ਨਜ਼ਦੀਕ ਦੇਖ ਕੇ ਦਿਖਾ ਦੇਣ ’ਚ ਹੀ ਕਵਿਤਾ ਦੀ ਸਾਰਥਕਤਾ ਹੈ।

ਪ੍ਰਾਕ੍ਰਿਤੀ ਦੇ ਸੁਹੱਪਣ ਵਿੱਚ ਰੁੱਤਾਂ ਦੀ ਅਹਿਮੀਅਤ ਹੈ। ਮਨੁੱਖ ਸਦੀਆਂ ਤੋਂ ਮੌਸਮਾਂ ਅਨੁਸਾਰ ਵਿਚਰਦਾ ਆਇਆ ਹੈ। ਇਹ ਸਿਲਸਿਲਾ ਇਵੇਂ ਹੀ ਚਲਦਾ ਰਹਿੰਦਾ ਹੈ। ਮੌਸਮਾਂ ਬਾਰੇ ਗੱਲਬਾਤ ਮਨੁੱਖੀ ਫ਼ਿਤਰਤ ਦਾ ਹਿੱਸਾ ਹੈ। ‘ਮੌਸਮ’ ਤੋਂ ਬਚਣ ਦਾ ਕਿਸੇ ਕੋਲ ਪੱਕਾ ਉਪਾਅ ਨਹੀਂ ਹੈ। ‘ਬਸੰਤ’ ਬਿਰਖਾਂ ਦੀਆਂ ਨੰਗ ਮੁਨੰਗੀਆਂ ਟਾਹਣੀਆਂ ਨੂੰ ਪੱਤਿਆਂ ਦਾ ਲਿਬਾਸ ਪਹਿਨਾ ਸੰਪੂਰਨਤਾ ਲਿਆਉਂਦੀ ਹੈ। ਬਸੰਤ ਦੀ ਆਮਦ ’ਤੇ ਰੁੱਖ ਆਪਣਾ ਕਜਣ ਰਚ ਲੈਂਦੇ ਹਨ ਤੇ ਮੁਸਾਫ਼ਿਰਾਂ ਲਈ ਨਰਮ ਨਰਮ ਘਾਹ ਉਪਰ ਛਾਂਦਾਰ ਗਲੀਚਾ ਵਿਛਾ ਦਿੰਦੇ ਹਨ। ਇੱਕ ਹੋਰ ‘ਬਸੰਤ’ ਸਿਰਲੇਖ ਵਾਲੀ ਕਵਿਤਾ ਵਿੱਚ ਕਵੀ ਮਾਂ ਬੱਚੇ ਦੇ ਸੰਦਰਭ ਵਿੱਚ ਦੂਰ ਹੁੰਦੀ ਮਾਂ ਦੀਆਂ ਯਾਦਾਂ ਨੂੰ ਸ਼ੁਮਾਰ ਕਰਦਾ ਹੈ। ਬੱਚੇ ਤੋਂ ਬਾਪ ਬਣਨ ਦੇ ਅੰਤਰਾਲ ਵਿੱਚ ਮਾਂ ਦੀ ਇਕਹਿਰੀ ਧੁੰਦਲੀ ਯਾਦ ਹੀ ਰਹਿ ਜਾਂਦੀ ਹੈ।

ਪਾਣੀ ਬੂੰਦਾਂ, ਬਰਫ਼ਾਂ, ਤਲਾਅ, ਨਦੀਆਂ ਤੇ ਸਮੁੰਦਰ ਅਤੇ ਬੱਦਲਾਂ ਦੇ ਰੂਪ ਵਿੱਚ ਵਾਰ ਵਾਰ ਕਵੀ ਦੇ ਅਵਚੇਤਨ ਤੋਂ ਕਾਵਿ ਸਿਰਜਣਾ ਦਾ ਹਿੱਸਾ ਬਣਦਾ ਹੈ। ਪ੍ਰਕਿਰਤੀ ਦਾ ਸੁਹੱਪਣ ਕਿਸੇ ਕੱਲੀ ਕਾਰੀ ‘ਬੂੰਦ’ ਵਿੱਚੋਂ ਝਲਕਾਂ ਮਾਰ ਉਠਦਾ ਹੈ। ‘ਬੂੰਦ’ ਕਵਿਤਾ ਇਕੱਲੇ ਬਿੰਬ ਦੁਆਲੇ ਸਿਰਜੀ ਹੋਈ ਖ਼ੂਬਸੂਰਤ ਕਵਿਤਾ ਹੈ। ਪੁਸਤਕ ਦੇ ਸਿਰਲੇਖ ਤੋਂ ਵੀ ਪਾਣੀ ਦੀ ਤਲਬ ਦਾ ਅਹਿਸਾਸ ਜਾਗਦਾ ਹੈ। ਹੋਰ ਕਈ

ਕਵੀ ਦੁਆਰਾ ਪਿੱਪਲ ਪੱਤੇ ਨੂੰ ਬੇੜੀ ਬਣਾ ਪਾਣੀ ਦੇ ਟੋਏ ਨੂੰ ਪਾਰ ਕਰਨਾ ਲੋਚਦੀ ਕੁੜੀ ਦਾ ਦ੍ਰਿਸ਼ ਕਲਾਤਮਿਕ ਦ੍ਰਿਸ਼ਟੀ ਰਾਹੀਂ ਰੂਪਮਾਨ ਕੀਤਾ ਜਾਂਦਾ ਹੈ। ਇਸੇ ਪ੍ਰਕਾਰ ਖੁਰਦਾ ਚਿੱਟਾ ਕਬੂਤਰ ਬਰਫ਼ ਦੇ ਅਹਿਸਾਸ ਦੀ ਠੰਡਕ ਬਣ ਜਾਂਦਾ ਹੈ, ਜਿਸ ਦੀ ਖੁਰਦੀ ਚਿੱਟੀ ਬਰਫ਼ ਦੀ ਪ੍ਰਤੀਕਾਤਮਕਾ ਵਿੱਚ ਕਬੂਤਰ ਦਾ ਫਿਸਲਨਾ ਸਿਮਰਤੀ ਬਿੰਬ ਬਣ ਜਾਂਦਾ ਹੈ।

‘ਨਦੀ’ 1 ਤੇ 2 ਵਿੱਚ ਜਗਤਾਰਜੀਤ ਦਾ ਨਜ਼ਰੀਆ ਹੈ ਕਿ ਨਦੀ ਆਪਣੇ ਪਾਣੀ ਨਾਲ ਪਛਾਣੀ ਜਾਂਦੀ ਹੈ, ਨਾਂ ਨਾਲ ਨਹੀਂ। ਹਰ ਨਦੀ ਦੀ ਸ਼ੁਰੂਆਤ ਇਵੇਂ ਪਾਣੀ ਨਾਲ ਹੁੰਦੀ ਹੈ। ਰਾਹ ਦੀਆਂ ਅਨੇਕ ਮੁਸ਼ਕਲਾਂ ਨਾਲ ਮੱਥਾ ਲਾਉਂਦੀ ਉਹ ਆਪਣੀ ਹੋਂਦ ਨੂੰ ਜਿੰਦਾ ਰੱਖਦੀ ਹੈ। ਨਦੀ ਦੇ ਉਦਗਮ ਤੋਂ ਲੈ ਕੇ ਵਿਚਰਨ ਤੇ ਜ਼ਿੰਦਾ ਰਹਿਣ ਤੋਂ ਹੀ ਨਦੀ ਦੇ ਕਠਿਨ ਜੀਵਣ ਦੀ ਗਵਾਹੀ ਮਿਲਦੀ ਹੈ।

‘ਬੱਦਲਾ ਵੇ ਬੱਦਲਾ’ ਨਾਮੀ ਪ੍ਰਗੀਤਕ ਰਚਨਾ ਵਿੱਚ ਕਾਲੀਦਾਸ ਦੇ ‘ਮੇਘਦੂਤ’ ਵਾਂਗ ਬੱਦਲਾਂ ਨੂੰ ਸਬੰਧਿਤ ਹੁੰਦਿਆਂ ਅੰਤ ਮੀਂਹ ਦੀ ਅਰਜ਼ੋਈ ਭਰੇ ਨਹੋਰੇ ਨਾਲ ਕੀਤਾ ਗਿਆ ਹੈ। ਪਹਾੜਾਂ, ਬੱਦਲਾਂ ਨਾਲ ਮਨੁੱਖ ਦਾ ਮੁੱਢ-ਕਦੀਮੀ ਰਿਸ਼ਤਾ ਹੈ। ਜਿੱਥੇ ਪਹਾੜੀ ਚੜ੍ਹਾਈ-ਉਤਰਾਈ ਜੀਵਨ ਦੀਆਂ ਦਿੱਕਤਾਂ-ਸੌਖਾਂ ਦਾ ਆਭਾਸ ਕਰਾਉਂਦੀ ਹੈ, ਉਥੇ ਬੱਦਲਾਂ ਦੀ ਸਿਖਰ ਛੂਹਣ ਦੀ ਕਲਪਨਾ ਹਮੇਸ਼ਾ ਰੁਮਾਂਚਿਤ ਕਰਦੀ ਹੈ। ‘ਮੈਂ ਤੇ ਬੱਦਲ’ ਕਵਿਤਾ ਵਿੱਚ ਅਜਿਹੇ ਭਾਵਾਂ ਦਾ ਪ੍ਰਤੀਕੀਕਰਣ ਕੀਤਾ ਗਿਆ ਹੈ। ‘ਬੱਚਾ ਤੇ ਬੱਦਲ’ ਕਵਿਤਾ ਵਿੱਚ ਜਦੋਂ ਬੱਦਲ ਹਵਾ ਨਾਲ ਉਡ ਜਾਂਦੇ ਹਨ ਤਾਂ ਬੱਚੇ ਦੀਆਂ ਅੱਖਾਂ ’ਚੋਂ ਗੱਲ੍ਹਾਂ ’ਤੇ ਢਲਕ ਆਏ ਸਲੂਣੇ ਪਾਣੀ ਦੇ ਸਵਾਦ ਦਾ ਬਿੰਬ ਪਾਠਕ ਦੀ ਜੀਭ ’ਤੇ ਤਰੌਂਕ ਦੇਣ ਵਰਗੀ ਸੰਵੇਦਨਸ਼ੀਲਤਾ ਦਾ ਅਹਿਸਾਸ ਹੁੰਦਾ ਹੈ।

‘ਇਸ ਵਾਰ’ ਕਵਿਤਾ ਵਿੱਚ ਮਾਂ, ਬੱਚੇ ਤੇ ਬੱਦਲਾਂ ਦੀ ਖੇਡ ਨੂੰ ਕਵੀ ਨੇ ਬਿਆਨਦਿਆਂ ਇੱਕ ਪਾਸੇ ਕੁਦਰਤ ਦੇ ਰੰਗ ਰੱਖੇ ਹਨ, ਦੂਜੇ ਪਾਸੇ ਬੱਚੇ ਦੀ ਅਣਭੋਲਤਾ, ਤੀਜੇ ਪਾਸੇ ਮਾਂ ਦਾ ਮਮਤਾਭਾਵ ਤੇ ਚੌਥੇ ਸਥੂਲ ਯਥਾਰਥ ਰਲਾ ਕੇ ਕਵਿਤਾ ਨੂੰ ਮੁਕੰਮਲ ਆਕਾਰ ਦੇ ਦਿੱਤਾ ਹੈ। ਖੜ੍ਹੇ ਤਲਾਅ ਵਿੱਚ ਪ੍ਰਾਕ੍ਰਿਤਕ ਸੰਸਾਰ ਦਾ ਪਰਛਾਵਾਂ ਕਿਸੇ ਦੁਆਰਾ ਢੀਮ ਮਾਰਨ ਨਾਲ ਖ਼ਤਮ ਹੋ ਜਾਂਦਾ ਹੈ। ਗਹਿਰੇ ਅਰਥਾਂ ਵਿੱਚ ਜੀਵਨ-ਮੌਤ ਦੇ ਭੇਦਾਂ ਨੂੰ ‘ਤਲਾਅ’ ਕਵਿਤਾ ਵਿੱਚ ਖੋਲ੍ਹਣ ਦਾ ਜਤਨ ਕੀਤਾ ਹੈ।

ਫੁੱਲਾਂ, ਮਹਿਕਾਂ ਦਾ ਵੀ ਮਨੁੱਖੀ ਜ਼ਿੰਦਗੀ ਵਿੱਚ ਖ਼ਾਸ ਮਹੱਤਵ ਹੈ। ‘ਫੁੱਲ’ ਦਾ ਖਿੜਨਾ, ਮੁਰਝਾਉਣਾ ਜ਼ਿੰਦਗੀ ਦੇ ਸਬਕਾਂ ਨੂੰ ਦ੍ਰਿੜ੍ਹਾਉਂਦਾ ਹੈ। ‘ਫੁੱਲ’ ਕਵਿਤਾ ਦਾ ਪਾਠ ਸਾਡੇ ਅੰਦਰ ਖੇੜਾ ਲੈ ਆਉਂਦਾ ਹੈ। ਫੁੱਲ ਦੇ ਮੁਰਝਾਉਣ ਨਾਲ ਅਸੀਂ ਢਹਿੰਦੀ ਕਲਾ ’ਚ ਚਲੇ ਜਾਂਦੇ ਹਾਂ। ਰਾਤ ਪਿੱਛੋਂ ਜਦੋਂ ਸਵੇਰੇ ਖਿੜਨ ਸਮੇਂ ਫੁੱਲ ਪਹਿਲਾਂ ਵਰਗਾ ਨਹੀਂ ਰਹਿੰਦਾ, ਤਾਂ ਕਵੀ ਦੀਆਂ ਨਮ ਅੱਖਾਂ ਤੇ ਉਡੀ ਨੀਂਦ ਦੇ ਬਿੰਬ ਸਾਡੇ ਅੰਦਰ ਵੀ ਉਦਾਸੀ ਭਰ ਦਿੰਦੇ ਹਨ।

‘ਸ਼ਹੀਂਹ’ ਨਾਮੀ ਕਵਿਤਾ ਵੱਡੀ ਗੱਲ ਕਹਿਣ ਵਾਲੀ ਛੋਟੀ ਸੰਵੇਦਨਸ਼ੀਲ ਕਵਿਤਾ ਹੈ, ਜੋ ਕਵੀ ਨੇ ਕਿਤਾਬ ਦੇ ਸਰਵਰਕ ’ਤੇ ਮਗਰ ਵੀ ਦਰਜ ਕੀਤੀ ਹੈ। ਸਵਖ਼ਤੇ ਉੱਠਣ ਸਾਰ ਸ਼ਰੀਂਹ ਦੇ ਫੁੱਲਾਂ ਦੀ ਮਹਿਕ ਘਰ ਗਿਰਦ ਕੀ ਰਾਹ ਖੋਲ੍ਹਦੀ ਹੈ। ਦਰਅਸਲ, ਪ੍ਰਕ੍ਰਿਤੀ ਦਾ ਇਹ ਸਹਿਜ ਕਰਮ ਹੀ ਜ਼ਿੰਦਗੀ ਨੂੰ ਜੀਣ ਜੋਗੀ ਬਣਾਈ ਰੱਖਦਾ ਹੈ।

‘ਬਾਂਸ ਪੱਤੀਆਂ 1,2,3 ਵੀ ਸਾਰਥਕ ਕਵਿਤਾਵਾਂ ਹਨ। ਪਹਿਲੀ ਕਵਿਤਾ ਸੂਰਜ ਚੰਨ ਦੇ ਹਵਾਲਿਆਂ ਨਾਲ ਬਾਂਸ ਪੱਤੀਆਂ ਦੀ ਗੁਫ਼ਤਗੂ ਹੈ, ਜਿਸ ਵਿੱਚ ਲੰਘੇ ਤੇ ਆਉਣ ਵਾਲੇ ਦਿਨਾਂ ਦੀ ਦਿਨਚਰਿਯਾ ਦੀ ਗੱਲ ਹੈ। ਦੂਜੀ ਕਵਿਤਾ ਵਿੱਚ ਬਾਂਸ ਪੱਤੀਆਂ ਤਲੀਆਂ ’ਤੇ ਚਾਨਣੀ ਲੈ ਤੁਰਦੀਆਂ ਹਨ, ਤਲੀਆਂ ਦੀ ਚਾਨਣੀ, ਕੀਟ ਪਤੰਗ, ਬਿੰਡੇ ਦੀ ਆਵਾਜ਼ ਤੇ ਕਵੀ ਦੇ ਸਾਹਾਂ ਦੀ ਗਤੀ ਨਾਲ ਡੋਲਦੀ ਹੈ। ਤੀਜੀ ਕਵਿਤਾ ਵਿੱਚ ਰਾਤ ਨੂੰ ਬਾਂਸ ਪੱਤੀਆਂ ਦੇ ਥਿਰ ਹੋਣ ਦੀ ਗੱਲ ਹੈ, ਪਰ ਇਸ ਵਿੱਚ ਦੂਜ ਦਾ ਚੰਨ, ਧੌਲ਼ੀਆਂ ਬਦਲੋਟੀਆਂ ’ਚੋਂ ਖੇਡਦਾ ਉਸ ਬੇੜੀ ਵਾਂਗ ਚਲਾਇਮਾਨ ਹੈ, ਜਿਸ ਦਾ ਮਲਾਹ ਨਹੀਂ ਹੈ। ਪ੍ਰਾਕ੍ਰਿਤਕ ਵੇਰਵਿਆਂ ਨਾਲ ਭਰਪੂਰ ਇਨ੍ਹਾਂ ਬਾਂਸ ਪੱਤੀਆਂ ਦੇ ਵੇਰਵੇ ਪਾਠਕ ਦੇ ਚੇਤੇ ’ਚ ਠਹਿਰ ਜਾਂਦੇ ਹਨ।

ਜਗਤਾਰਜੀਤ ਦੀ ਕਵਿਤਾ ਜ਼ਿਆਦਾਤਰ ਬਿੰਬਾਤਮਕ ਭਾਸ਼ਾ ਵਿੱਚ ਲਿਖੀ ਗਈ ਹੈ। ‘ਪੂਰਨਮਾਸ਼ੀ ਦਾ ਚੰਨ’ ਕਵਿਤਾ ਵਿੱਚ ਏਕਮ ਤੋਂ ਪੁੰਨਿਆ ਤੱਕ ਸਫ਼ਰਗਤ ਚੰਨ ਦਾ ਮਾਨਵੀਕਰਨ ਬਾਕਮਾਲ ਹੈ। ‘ਰਾਤ ਦੇ ਹੰਝੂ’ ਕਵਿਤਾ ਪ੍ਰੇਮ ਤੇ ਵਿਛੋੜੇ ਦੇ ਪ੍ਰਸੰਗੀ ਭਾਵਾਂ ਨੂੰ ਪ੍ਰਾਕ੍ਰਿਤਕ ਰਾਤ ਦੇ ਮਾਨਵੀਕਰਨ ਰਾਹੀਂ ਵਿਅਕਤ ਕੀਤਾ ਗਿਆ ਹੈ। ਚੰਨ ਰਾਤ ਨੂੰ ਪਿਆਰ ਕਰਦਾ ਹੈ। ਨ੍ਹੇਰੇ ’ਚ ਲੁਕ ਕੇ ਰਾਤ, ਰਾਤ ਭਰ ਵਿਛੋੜੇ ’ਚ ਹੰਝੂ ਕੇਰਦੀ ਰਹਿੰਦੀ ਹੈ। ਸੂਰਜ ਨੂੰ ਘਾਹ ’ਤੇ ਪਈਆਂ ਬੂੰਦਾਂ (ਰਾਤ ਦੇ ਹੰਝੂਆਂ) ਤੋਂ ਸਾਰੀ ਵਿਥਿਆ ਪਤਾ ਲਗਦੀ ਹੈ। ਉਹ ਆਪਣੀਆਂ ਕਿਰਨਾਂ ਦੇ ਵਧੇ ਹੱਥਾਂ ਨਾਲ ਰਾਤ ਦੇ ਹੰਝੂ ਚੁਗ ਲੈਂਦਾ ਹੈ।

‘ਤਾਰਾ ਡੁੱਬ ਰਿਹਾ ਸੀ’ ਕਵਿਤਾ ਵਿੱਚ ਕਿਤੇ ਨਾ ਕਿਤੇ ਉਸ ਵਿਸ਼ਵਾਸ ਨਾਲ ਜਾ ਜੁੜਦੀ ਹੈ ਕਿ ਬਚਪਨ ਵਿੱਚ ਸਾਨੂੰ ਟੁੱਟਦੇ ਤਾਰੇ ਦੇਖਣ ਤੋਂ ਵਰਜਿਆ ਜਾਂਦਾ ਸੀ। ਕਵੀ ਜਿਸ ਡੁੱਬ ਰਹੇ ਤਾਰੇ ਨੂੰ ਵੇਖਦਾ ਹੈ, ਉਸ ਰਾਹੀਂ ਉਹ ਦਿਖਣ ਵਾਲੇ ਨਾਲ ਰਿਸ਼ਤਾ ਰੱਖਦਾ ਹੈ, ਅਦਿੱਖ ਨਾਲ ਨਹੀਂ। ਪਰ ਕਵੀ ਦਾ ਮੰਨਣਾ ਹੈ ਕਿ ਹਰ ਕੋਈ ਆਪੋ ਆਪਣੇ ਨਜ਼ਰੀਏ ਤੋਂ ਡੁੱਬ ਰਹੇ ਤਾਰਿਆਂ ਨੂੰ ਵੇਖਦਾ ਹੈ।

‘ਕੁਝ ਕਹੋ’ ਕਵਿਤਾ ਚੁੱਪ ਤੋੜਨ ਦੇ ਪ੍ਰਤੀਕਰਮ ਚਿਤਰਦੀ ਹੈ। ਵਗਦੀ ਹਵਾ, ਮੀਂਹ-ਕਣੀਆਂ ’ਚੋਂ ਕਿਸੇ ਇੱਕ ਦਾ ਪੱਤੇ ਦੀ ਨੋਕ ’ਤੇ ਅਟਕਣਾ, ਟਹਿਣੀ ’ਤੇ ਬੈਠੇ ਪਰਿੰਦੇ ਦਾ ਨਹੁੰਦਰਾਂ ਨਾਲ ਖੰਭ ਸਾਫ਼ ਕਰਕੇ ਚਹਿਕਣਾ, ਰੇਤ ਕਣਾਂ ਦਾ ਸਰਕਣਾ, ਜ਼ਖ਼ਮ ਦਾ ਖ਼ਰਾਸ਼ ਦੀ ਤਲਬ ਕਰਨਾ ਤੇ ਵੱਧ ਭਾਰ ਨਾਲ ਸ਼ਤੀਰ ਦੇ ਟੁੱਟਣ ਦਾ ਕ੍ਰਮ- ਇਹ ਸਾਰੇ ਮਹੀਨ ਬਿਰਤਾਂਤ ਹਨ, ਜੋ ‘ਕੁਝ ਕਹੋ’ ਕਵਿਤਾ ਦੀ ਬਿੰਬਾਵਲੀ ਦੇ ਆਰ-ਪਾਰ ਫੈਲੇ ਹੋਏ ਹਨ।

ਨਿੱਕੀਆਂ ਕਵਿਤਾਵਾਂ ਦੇ ਸਿਲਸਿਲੇ ਵਿੱਚ ਹੀ ਜਗਤਾਰਜੀਤ ਦੀ ‘ਰੰਗ’ ਕਵਿਤਾ ਵੀ ਬਹੁਤ ਪ੍ਰਭਾਵੀ ਹੈ। ਕਵਿਤਾ ਦਾ ਨਾਇਕ ਵਰ੍ਹਦੇ ਮੀਂਹ ’ਚ ਆਪਣੀ ਦੇਹ ਕੱਪੜੇ ਵਾਂਗ ਧੋਂਦਾ ਹੈ ਤੇ ਸੋਚਦਾ ਹੈ ਕਿ ਸ਼ਾਇਦ ਦਿਨਾਂ ਬਾਅਦ ਹੀ ਸਹੀ, ਵਰ੍ਹਦੇ ਮੀਂਹ ’ਚ ਨਹਾ ਕੇ ਦੇਹੀ ਦੇ ਪਹਿਲਾਂ ਜਿਹੇ ਰੰਗ ਨੂੰ ਪ੍ਰਾਪਤ ਕੀਤਾ ਜਾ ਸਕੇ। ਆਪਣੇ ਮਨ ਅੰਦਰ ਉਤਰ ਕੇ ਬੰਦਾ ਚੀਜ਼ਾਂ ਨਾਲ ਗੱਲਾਂ ਕਰਨ ਲਗਦਾ ਹੈ। ‘ਉਡੀਕ’ ਕਵਿਤਾ ਵਿੱਚ ਕਾਗਜ਼ੀ ਫੁੱਲਾਂ ਦਾ ਟੁੱਟੇ ਗੁਲਦਾਨ ਮਰਗੋਂ ਨਵੇਂ ਗੁਲਦਾਨ ਦੀ ਉਡੀਕ ਕਰਨਾ ਕਿਸੇ ਸੌਗਾਤ ਨੂੰ ਆਪਣੀ

## ਚਰਚਾ

ਜਸਵੀਰ ਸਿੰਘ ਸ਼ੀਰੀ


# ਚੁਰਾਸੀ ਲੱਖ ਯਾਦਾਂ

## ਇਤਿਹਾਸ ਦੇ ਅੰਦਰੂਨੀ ਸਰੋਤਾਂ ਨੂੰ ਕਾਂਬਾ ਛੇੜਦਾ ਨਾਵਲ

ਜਸਬੀਰ ਮੰਡ ਦਾ ਨਾਵਲ 'ਚੁਰਾਸੀ ਲੱਖ ਯਾਦਾਂ' ਇੱਕ ਲੇਖੇ ਇਤਿਹਾਸਕ ਨਾਵਲ ਹੈ; ਪਰ ਚੁਰਾਸੀ ਵਾਲੇ ਸਾਕੇ ਦੀ ਗੂੰਜ ਸਾਡੇ ਸਮਕਾਲੀ ਰਾਜਨੀਤਿਕ ਪਸਾਰਾਂ ਤੱਕ ਫੈਲੀ ਹੋਈ ਹੈ। ਇਸੇ ਕਰਕੇ ਇਸ ਨਾਵਲ ਦੀ ਚਰਚਾ ਗੈਰ-ਸਾਹਿਤਕ ਖੇਤਰਾਂ ਵਿੱਚ ਵੀ ਹੋਣੀ ਚਾਹੀਦੀ ਹੈ। ਜੇ ਅਸੀਂ ਆਪਣੇ ਕਿਸੇ ਤੰਦਰੁਸਤ ਸਮਾਜਕ/ਸਭਿਆਚਾਰਕ/ਕੌਮੀ ਭਵਿੱਖ ਪ੍ਰਤੀ ਸੰਜੀਦਾ ਹਾਂ ਤਾਂ ਇਹ ਚਰਚਾ ਹੁੰਦੀ ਰਹਿਣੀ ਚਾਹੀਦੀ ਹੈ! ਇਹ ਨਾਵਲ ਅਸਲ ਵਿੱਚ ਪੰਜਾਬ ਦੀ ਦੁਖ਼ਦੀ ਰਗ ਦੀ ਪਛਾਣ ਕਰਦਾ ਹੈ। ਇਸ ਦੁੱਖ ਪਿਛੇ ਖੜ੍ਹੇ ਦੁੱਖ ਦੀ ਵੀ...। ਜੇ ਸਾਧਾਰਨ ਲਫਜ਼ਾਂ ਵਿੱਚ ਸਮਝੀਏ ਤਾਂ ਇਹ ਰੋਪੜ ਦੇ ਨਾਲ ਲਗਦੇ ਨੀਮ ਪਹਾੜੀ ਇਲਾਕੇ (ਘਾੜ) ਦੇ ਸਿੱਖ ਖਾੜਕੂ ਨੌਜਵਾਨਾਂ ਦੇ ਅਮਲਾਂ ਦੀ ਦਾਸਤਾਨ ਹੈ, ਪਰ ਜਿਸ ਸ਼ਿੱਦਤ ਅਤੇ ਸੰਵੇਦਨਾ ਨਾਲ ਜਸਬੀਰ ਨੇ ਇਸ ਨੂੰ ਲਿਖਿਆ ਹੈ, ਇਹ ਇੱਕ ਅਸਾਧਾਰਣ ਕਹਾਣੀ ਬਣ ਗਈ ਹੈ, ਜਿਸ ਵਿੱਚ ਬਰਸਾਤੀ ਨਦੀਆਂ ਅਤੇ ਬਨਸਪਤੀ ਦੇ ਗਹਿਣਿਆਂ ਨਾਲ ਸਜਿਆ ਇਹ ਨੀਮ ਪਹਾੜੀ ਇਲਾਕਾ ਪੂਰੇ ਜਲਵੇ ਨਾਲ ਜੀਅ ਉਠਿਆ ਹੈ।

ਜਸਬੀਰ ਮੰਡ ਸੰਘਣੀ, ਸੰਕੇਤਾਤਮਕ, ਕਾਵਿਕ ਅਤੇ ਕਿਸੇ ਹੱਦ ਤੱਕ ਐਬਸਰਡ ਸ਼ੈਲੀ ਵਿੱਚ ਨਾਵਲ ਲਿਖਦਾ ਰਿਹਾ ਹੈ। ਉਸ ਦੇ ਪਹਿਲੇ ਨਾਵਲ 'ਔੜ ਦੇ ਬੀਜ', 'ਬੋਲ ਮਰਦਾਨਿਆ', 'ਖਾਜ', ਅਤੇ 'ਆਖਰੀ ਬਾਬੇ' ਵੀ ਇਸੇ ਕਿਸਮ ਦੀ ਭਾਸ਼ਾ ਵਿੱਚ ਹੀ ਲਿਖੇ ਗਏ ਹਨ। 'ਬੋਲ ਮਰਦਾਨਿਆ' ਵਿੱਚ ਇਹ ਸੰਕੇਤਕ ਭਾਸ਼ਾ ਹੱਦੋਂ ਵੱਧ ਕਾਵਿਕ ਹੋ ਗਈ ਸੀ। ਇਸ ਨਾਵਲ ਨੂੰ ਇੱਕ ਤਰ੍ਹਾਂ ਨਾਲ ਅਸੀਂ ਮਹਾਂਕਾਵਿ ਵੀ ਕਹਿ ਸਕਦੇ ਹਾਂ। ਨਵੇਂ ਨਾਵਲ ਦੇ ਪਾਤਰ ਚੁਰਾਸੀਵਿਆਂ ਦੇ ਸਿੱਖ ਇਤਿਹਾਸ ਦੇ ਭਾਵੇਂ ਕੋਈ ਉਘੜਵੇਂ ਪਾਤਰ ਨਹੀਂ ਹਨ, ਪਰ ਆਪਣੇ ਪਿਛਲੇ ਦੌਰ ਵਿੱਚ ਇਸ ਲਹਿਰ ਵਿੱਚ ਜਿਸ ਕਿਸਮ ਦੇ ਨੌਜਵਾਨ ਪ੍ਰਵੇਸ਼ ਕਰ ਗਏ ਸਨ ਅਤੇ ਲੋਕਾਂ ਦੇ ਤਨ-ਮਨ 'ਤੇ ਜਿਹੋ ਜਿਹੇ ਚਿਰ ਸਥਾਈ ਪ੍ਰਭਾਵ ਛੱਡ ਰਹੇ ਸਨ, ਇਹ ਇਸ ਦੇ ਤੱਥਾਂ/ਮਿੱਥਾਂ ਦੀਆਂ ਪਰਤਾਂ ਖੋਲ੍ਹਦਾ ਹੈ। ਇਸ ਨਾਵਲ ਨੂੰ ਪੜ੍ਹਨ ਤੋਂ ਬਾਅਦ ਮੈਨੂੰ ਪਹਿਲੀ ਵਾਰ ਲੱਗਾ ਕਿ ਕੋਈ ਨਾਵਲ ਥਾਂ-ਥਾਂ ਤੋਂ ਪੱਛੀ ਹੋਈ ਮਾਨਸਿਕਤਾ ਨੂੰ ਇੰਨੇ ਆਰਾਮ ਨਾਲ ਵੀ ਸਹਿਜ ਕਰ ਸਕਦਾ ਹੈ। ਇਹ ਇਉਂ ਹੈ, ਜਿਵੇਂ ਇਤਿਹਾਸਕ ਭਿਆਨਕਤਾ ਦੇ ਜ਼ਖਮਾਂ ਦੇ ਸਿਵੇ ਦੀ ਰਾਖ ਵਿੱਚੋਂ ਕੋਈ ਕ੍ਰਿਸ਼ਮਾਈ ਫੁੱਲ ਖਿੜ ਆਵੇ।

ਹੁਣ ਤੱਕ ਪੰਜਾਬੀ ਵਿੱਚ ਇਸ ਕਾਲ ਖੰਡ ਬਾਰੇ ਜਿਨੀਆਂ ਕੁ ਕਹਾਣੀਆਂ ਜਾਂ ਨਾਵਲ ਲਿਖੇ ਗਏ ਹਨ, ਉਨ੍ਹਾਂ ਨੂੰ ਪੜ੍ਹ ਕੇ ਡਰ, ਗੁੱਸੇ, ਨਫਰਤ ਜਿਹੀਆਂ ਨਕਾਰਾਤਮਕ ਭਾਵਨਾਵਾਂ ਪਾਠਕ ਨੂੰ ਬੇਚੈਨ ਕਰ ਦਿੰਦੀਆਂ ਹਨ। ਜਿਵੇਂ ਕੋਈ ਤੁਹਾਨੂੰ ਨੰਗੇ ਪਿੰਡੇ ਅੰਗਿਆਰਾਂ ਉਤੋਂ ਦੀ ਘੜੀਸ ਲਿਆਇਆ ਹੋਵੇ। ਮਿਸਾਲ ਦੇ ਤੌਰ 'ਤੇ ਮਨਿੰਦਰ ਕਾਂਗ ਦੀ ਕਹਾਣੀ 'ਭਾਰ' ਇਸ ਦੌਰ ਬਾਰੇ ਆਪਣੇ ਆਪ ਵਿੱਚ ਇੱਕ ਬੇਮਿਸਾਲ ਸਾਹਿਤਕ ਰਚਨਾ ਹੈ; ਪਰ ਕਹਾਣੀ ਪੜ੍ਹਨ ਤੋਂ ਪਿੱਛੋਂ ਲਗਦਾ ਹੈ, ਜਿਵੇਂ ਹਿੰਸਕ ਵਰਤਾਰੇ/ਵਤੀਰੇ ਦੀ




ਕਚਿਆਣ ਤੁਹਾਡੀ ਰੂਹ ਦੀ ਆਖਰੀ ਨੁੱਕਰ ਤੱਕ ਧਸ ਗਈ ਹੈ। ਜਿਵੇਂ ਮਸਨੂਈ ਦਵਾਈਆਂ ਨਾਲ ਦੱਬੀ ਮਨਸਿਕ-ਸਰੀਰਕ (ਸਾਇਕੋ-ਸੋਮੈਟਕ) ਦਰਦ ਇੱਕ ਵਾਰ ਫਿਰ ਤੜਪ ਉੱਠੀ ਹੋਵੇ। ਪਰ ਮੰਡ ਦੇ ਇਸ ਨਾਵਲ ਨੂੰ ਪੜ੍ਹਨ ਤੋਂ ਬਾਅਦ ਲਗਦਾ ਹੈ ਕਿ ਜਿਵੇਂ ਕਿਸੇ ਬੇਪਨਾਹ ਦਰਦ ਨੂੰ ਰੂਹਾਨੀ ਧੁੱਪ ਦੇ ਨਿੱਘ ਨਾਲ ਨੀਂਦ ਆ ਰਹੀ ਹੋਵੇ। ਜ਼ਖਮਾਂ 'ਤੇ ਮਲ੍ਹਮ ਲਾਉਣ ਦੀ ਅਰਜ਼ੋਈ ਅਸੀਂ ਪੰਜਾਬ ਦੇ ਸਿਆਸਤਦਾਨਾਂ ਤੋਂ ਕਰਦੇ ਰਹੇ ਹਾਂ, ਪਰ ਹਰ ਵਾਰ ਲਾਰਿਆਂ ਨਾਲ ਝੋਲੀ ਭਰ ਜਾਂਦੀ ਰਹੀ। 'ਚੁਰਾਸੀ ਲੱਖ ਯਾਦਾਂ' ਜ਼ਖਮਾਂ 'ਤੇ ਮੱਲ੍ਹਮ ਲਾਉਣ ਦੀ ਸਭਿਆਚਾਰਕ ਭੂਮਿਕਾ ਨਿਭਾਉਂਦਾ ਹੈ। ਇਸ ਤੋਂ ਵੀ ਅੱਗੇ ਇਹ ਨਾਸੂਰ ਬਣ ਚੁੱਕੀਆਂ ਚੋਭਾਂ ਨੂੰ ਤੰਦਰੁਸਤੀ ਦਾ ਰਾਹ ਵੀ ਵਿਖਾ ਦਿੰਦਾ ਹੈ। ਤਾਕਤਵਰ ਸਾਹਿਤ ਦੀ ਸਭਿਆਚਾਰਕ/ਮਾਨਸਿਕ ਭੂਮਿਕਾ ਨੂੰ ਇਸ ਤਰ੍ਹਾਂ ਵੇਖਿਆ ਜਾ ਸਕਦਾ ਹੈ ਕਿ ਨਹੀਂ? ਇਸ ਨੂੰ ਮੈਂ ਸਵਾਲ ਹੀ ਰਹਿਣ ਦਿੰਦਾ ਹਾਂ, ਕਿਉਂਕਿ ਹਾਲੇ ਇਸ ਰਾਹ 'ਤੇ ਅਸੀਂ ਤੁਰਨਾ ਹੈ। ਅਸੀਂ ਤੇ ਉਨ੍ਹਾਂ ਲੋਕ ਵਿੱਚੋਂ ਹਾਂ, ਜੋ ਡਾਂਗ ਮਾਰਨ ਤੋਂ ਬਾਅਦ ਪੁੱਛਦੇ ਹਨ ਕਿ ਤੇਰਾ 'ਕਸੂਰ ਕੀ ਹੈ?'

ਨਾਵਲ ਨੂੰ ਪੜ੍ਹਨ ਤੋਂ ਪਹਿਲਾਂ ਮੈਂ ਇਸ ਦੀ ਭੂਮਿਕਾ ਪੜ੍ਹੀ। ਇਹ ਭੂਮਿਕਾ ਡਾ. ਪੀ ਲਾਲ (ਜਪਾਨ) ਨੇ ਲਿਖੀ ਹੈ। ਮੈਂ ਉਨ੍ਹਾਂ ਦਾ ਵਾਕਿਫ ਨਹੀਂ। ਨਾਵਲ ਪੜ੍ਹਨ ਤੋਂ ਬਾਅਦ ਇਹ ਭੂਮਿਕਾ ਇੱਕ ਵਾਰ ਫਿਰ ਪੜ੍ਹੀ। ਪੜ੍ਹ ਕੇ ਲੱਗਾ ਇਸ ਤੋਂ ਵਧੀਆ ਇਸ ਨਾਵਲ ਬਾਰੇ ਮੈਂ ਹੋਰ ਕੀ ਲਿਖਾਂਗਾ? ਉਹ ਆਪਣੀ ਇਸ ਭੂਮਿਕਾ ਵਿੱਚ ਕਹਿੰਦੇ ਹਨ, "ਸਿਰਜਣਾ ਸਮੇਂ ਵੱਡੇ ਦੁਖਾਂਤ ਨੂੰ ਸੰਭਲਣਾ ਬਹੁਤ ਔਖਾ ਹੁੰਦਾ ਹੈ। ਖਾਸ ਕਰਕੇ ਉਦੋਂ ਜਦੋਂ ਇਹ ਇਤਿਹਾਸ ਬਣ ਚੁਕਿਆ ਹੋਵੇ। ਉਦੋਂ ਤੱਕ ਚੰਗਾ-ਬੁਰਾ ਤੈਅ ਹੋ ਚੁੱਕਾ ਹੁੰਦਾ ਹੈ ਅਤੇ ਇਤਿਹਾਸ ਦੇ ਵੱਡੇ ਸਦਮੇ ਉਦਾਸ ਤੇ ਨਿਰਾਸ਼ ਲੋਕਾਂ ਦੇ ਹੱਥ ਲੱਗ ਚੁੱਕੇ ਹੁੰਦੇ ਹਨ। ਫਿਰ ਉਹ ਸਦੀਆਂ ਤੱਕ ਆਪਣੇ ਗੁਸੈਲੇ ਸੁਭਾਅ ਦੇ ਸਾਰੇ ਬਹਾਨੇ ਉਸੇ ਇਤਿਹਾਸਕ ਦੁਖਾਂਤ ਦੇ ਸਿਰ ਮੜ੍ਹਦੇ ਰਹਿੰਦੇ ਹਨ; ਵੱਡੇ ਲੇਖਕ ਪਹਿਲਾਂ ਇਸੇ ਮਿੱਥ ਨੂੰ ਤੋੜਦੇ ਨੇ, ਮੰਡ ਦੇ ਨਾਵਲ ਨੂੰ ਪੜ੍ਹਦਿਆਂ ਇਹ ਅਹਿਸਾਸ ਵੀ ਹੁੰਦਾ ਹੈ। ਕਿਸੇ ਜ਼ਹੀਨ ਲੇਖਕ ਲਈ ਇਹ ਖਾਲਸ ਬੌਧਕ ਚੁਣੌਤੀ ਹੁੰਦੀ ਹੈ। ਮੰਡ ਨੇ ਇਸ ਦੁਖਾਂਤ ਨੂੰ ਵਿਸ਼ਾਲ ਨਜ਼ਰ ਨਾਲ ਸਮਝਿਆ ਹੈ। ਉਸ ਨੇ ਪੰਜਾਬੀ ਨਾਵਲ ਨੂੰ ਇੱਕ ਨਿਰਪੱਖ ਤੇ ਬੌਧਿਕ ਵੰਗਾਰ ਵਿੱਚੋਂ ਲੰਘਾਇਆ ਹੈ। ਕਮਜ਼ੋਰ ਲੇਖਕ ਬੁਰੇ ਨੂੰ ਹੋਰ ਬੁਰਾ ਬਣਾ ਕੇ ਆਪਣੀ ਮਾਨਸਿਕ ਤ੍ਰਿਪਤੀ ਵਿੱਚ ਉਲਝਦਾ ਹੈ। ਵੱਡਾ ਲੇਖਕ ਉਸ ਧਰਾਤਲ ਨੂੰ ਫੜਦਾ ਹੈ, ਜਿਸ ਵਿੱਚੋਂ ਬੁਰਾ ਹੋਣ ਦੀ ਸ਼ੁਰੂਆਤ ਹੋਈ ਸੀ। ਮੰਡ ਹਮੇਸ਼ਾ ਇਸ ਰਮਜ਼ ਨੂੰ ਪਕੜਦਾ ਹੈ। ਉਹਦੀ ਪੰਜਾਬ ਦੀ ਸਮਝ ਪੜ੍ਹਦਿਆਂ ਆਪਣਾ ਆਪ ਧੋਇਆ ਜਾਂਦਾ ਹੈ।"

ਜੇ ਨਾਵਲ ਲਿਖਣ ਦੀ ਵਿਧਾ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਇਹ ਉਤਮ ਪੁਰਖ (ਫਰਸਟ ਪਰਸਨ) ਦੇ ਸਵੈਕਥਨ ਦੀ ਕਥਾ ਹੈ। ਨਾਵਲ ਦਾ ਕੇਂਦਰੀ ਪਾਤਰ ਆਪਣੇ ਅਤੇ ਆਪਣੇ ਸਾਥੀਆਂ ਦੇ ਅਮਲਾਂ ਵਿੱਚੋਂ ਦੀ ਲੰਘਾਉਂਦਾ ਤੁਰਿਆ ਜਾਂਦਾ ਹੈ। ਘਟਨਾਵਾਂ ਬੇਹੱਦ ਤੇਜ਼ ਗਤੀ ਨਾਲ ਵਾਪਰਦੀਆਂ ਹਨ, ਪਰ ਚੋਆਂ/ਨਦੀਆਂ ਦੀ ਰੇਤ 'ਤੇ ਪਨਪੇ ਇਸ ਖੇਤਰ ਦੀ ਗਤੀ ਬਹੁਤ ਧੀਮੀ ਹੈ। ਕਿਰਸਾਨੀ ਜੀਵਨ ਦੀ ਸਾਦੀ ਅਤੇ ਕੁਰਖ਼ਤ ਖੂਬਸੂਰਤੀ ਅਤੇ ਕੁਦਰਤ ਦੀ ਸ਼ਾਂਤ ਅਨੰਤ ਗਤੀ ਦੀ ਬੇਆਵਾਜ਼ ਨਿਮਰਤਾ/ਸਹਿਜਤਾ ਨੂੰ ਲੇਖਕ ਨੇ ਅਸਹਿਜ ਹੋ ਰਹੇ ਆਪਣੇ ਆਲੇ-ਦੁਆਲੇ ਦੇ ਸਨਮੁੱਖ ਖੜ੍ਹਾ ਕਰ ਦਿੱਤਾ ਹੈ। ਪਹਾੜੀਆਂ ਨੂੰ ਪੱਧਰੀਆਂ ਕਰਕੇ ਅਤੇ ਨਦੀਆਂ ਵਿੱਚ ਭਰਤੀ ਪਾ ਕੇ ਕੀਤੇ ਜਾ ਰਹੇ ਵਿਨਾਸ਼ (ਵਿਕਾਸ) 'ਤੇ ਬਲਦਾਂ ਦੀ ਜੋੜੀ ਨਾਲ ਜ਼ਮੀਨ ਵਾਹ ਰਿਹਾ ਕਿਸਾਨ ਦਿਲਚਸਪ ਤਬਸਰੇ ਕਰਦਾ ਹੈ। ਤਕਨੀਕੀ ਤੌਰ 'ਤੇ ਨਾਵਲ ਦੀ ਕਹਾਣੀ ਇੱਕ ਲਕੀਰੀ ਹੈ, ਪਰ ਇਸ ਦਾ ਸੰਵਾਦ ਅਤੇ ਦ੍ਰਿਸ਼ ਚਿਤਰਣ ਸਾਈਕਲਿਕ (ਦੁਹਰਾਓ ਪੂਰਨ) ਹੈ। ਇਸ ਨਾਵਲ ਵਿੱਚ ਪੇਸ਼ ਹੋਈਆਂ ਔਰਤਾਂ ਦੇ ਕਿਰਦਾਰ ਬੇਹੱਦ ਸ਼ਕਤੀਸ਼ਾਲੀ ਹਨ। ਉਹ ਮਰਦਾਂ ਦੀ ਸ਼ੋਰੀਲੀ/ਹੰਗਾਮਾਖੇਜ/ਹਿੰਸਕ ਪ੍ਰਵਿਰਤੀ ਨੂੰ ਆਪਣੀ ਮਮਤਾ ਦੇ ਸਪਰਸ਼ ਨਾਲ ਹੀ ਸ਼ਰਮਸਾਰ ਕਰ ਦਿੰਦੀਆਂ ਹਨ। ਇੱਕ ਕਤਲ ਹੋਏ ਪਰਿਵਾਰ ਦੀ ਧੀਅ ਨੂੰ ਖਾੜਕੂ ਮੁੰਡੇ ਆਪਣੇ ਨਾਲ ਤੋਰ ਲੈਂਦੇ ਹਨ। ਉਸ ਦੀ ਖਾਮੋਸ਼ੀ ਆਪਣੇ ਦੁਆਲੇ ਵਿਚਰਦੇ ਪਾਤਰਾਂ ਨੂੰ ਬੇਚੈਨ ਕਰੀ ਰੱਖਦੀ ਹੈ। ਲਹਿਰ ਦੇ ਅੰਦਰ ਵਿਚਰਦੇ ਹਥਿਆਰਬੰਦ ਮੁੰਡਿਆਂ ਵਿੱਚ ਵੱਖੋ ਵੱਖ ਕਿਸਮ ਦੇ ਵਿਚਾਰ/ਵਿਹਾਰ ਉਭਰਦੇ ਹਨ, ਪਰ ਸਾਰੇ ਇੱਕ ਦੂਜੇ ਨੂੰ ਬਰਦਾਸ਼ ਕਰਦੇ ਤੁਰੇ ਜਾਂਦੇ ਹਨ। ਰੂਪੋਸ਼ ਲਹਿਰ ਦੇ ਸੰਗੀ, ਸ਼ੱਕੀ ਸੀਰੀਅਸ (ਗੰਭੀਰ) ਮਾਹੌਲ ਨੂੰ ਉਨ੍ਹਾਂ ਦੇ ਨਾਲ ਤੁਰੀਆਂ ਔਰਤਾਂ ਦੇ ਹਾਸੇ ਦੀ ਛਣਕ ਅਕਸਰ ਭੰਗ ਕਰ ਦਿੰਦੀ ਹੈ। ਬੰਦੂਕਾਂ ਦੇ ਸਾਏ ਹੇਠ ਵਿਚਰਦੀਆਂ ਉਹ ਸਿਆਲ ਦੀ ਅਲਸਾਈ ਧੁੱਪ ਨੂੰ ਮਾਣ ਸਕਦੀਆਂ ਹਨ। ਜਦਕਿ ਮਰਦ ਕਿਰਦਾਰ ਇਸ ਸੁਭਾਗ ਤੋਂ ਮਹਿਰੂਮ ਹੀ ਰਹਿੰਦੇ ਹਨ। ਸਿਰਫ ਇੱਕ ਨੁਕਸ ਇਸ ਨਾਵਲ ਨੂੰ ਪੜ੍ਹਦਿਆਂ ਮਹਿਸੂਸ ਹੋਇਆ ਕਿ ਕੁਝ ਵਾਕ/ਚਿਹਨ ਇੱਕ ਤੋਂ ਵੱਧ ਵਾਰ ਦੁਹਰਾਏ ਗਏ ਹਨ। ਉਹ ਇਸ ਦੀ ਲਿਖਣ ਵਿਧਾ (ਸਾਈਕਲਿਕ ਸੰਵਾਦ) ਕਰਕੇ ਵੀ ਹੋ ਸਕਦਾ ਹੈ। ਮਿਸਾਲ ਵਜੋਂ ਪੱਥਰ ਕੋਲੋਂ ਤੁਰੀ ਜਾਂਦੀ ਕੀੜੀ/ਕੀੜੇ ਵਾਲਾ ਦ੍ਰਿਸ਼ ਵਾਰ-ਵਾਰ ਚਿਤਰਿਆ ਜਾਂਦਾ ਹੈ। ਕਈ ਕੁਝ ਹੋਰ ਵੀ ਦੁਹਰਾਇਆ ਗਿਆ ਹੈ। ਫਿਰ ਵੀ ਇੱਕ ਸੁਸਤ ਪਰ ਖੂਬਸੂਰਤ ਦਿਲਚਸਪੀ ਨੀਰਸਤਾ ਨੂੰ ਭਾਰੂ ਨਹੀਂ ਹੋਣ ਦਿੰਦੀ। ਇਸ ਲਿਖਤ ਦਾ ਅੰਤ ਮੈਂ ਇਸ ਨਾਵਲ ਦੀ ਭੂਮਿਕਾ ਲਿਖਣ ਵਾਲੇ ਵਿਦਵਾਨ ਪੀ. ਲਾਲ ਦੀ ਇਸ ਨਸੀਹਤ ਨਾਲ ਹੀ ਕਰਨਾ ਚਾਹਾਂਗਾ, ਜਿਸ 'ਤੇ ਸਾਡੀ ਕੇਂਦਰੀਕ੍ਰਿਤ ਸਿਆਸਤ ਨੂੰ ਵੀ ਧਿਆਨ ਦੇਣ ਦੀ ਲੋੜ ਹੈ; "ਇਹ ਨਾਵਲ ਵਾਰ-ਵਾਰ ਇਸ ਗਹਿਰਾਈ ਨੂੰ ਵੀ ਸਾਂਭਦਾ ਹੈ ਕਿ ਪੰਜਾਬ ਦੀ ਦਿਸ਼ਾਹੀਣਤਾ ਨੂੰ 'ਸ਼ਬਦ ਗੁਰੂ' ਹੀ ਸਾਂਭ ਸਕਦਾ ਹੈ। ਜਿਸ ਤਰ੍ਹਾਂ ਦਾ ਜੁਝਾਰੂ ਤੇ ਜਜ਼ਬਾਤੀ ਸਾਡਾ ਸੁਭਾਅ ਹੈ, ਇਸ ਦੀ ਵਾਗਡੋਰ ਗੁਰੂਆਂ ਕੋਲ਼ ਹੀ ਰਹਿਣੀ ਚਾਹੀਦੀ ਹੈ।...ਇਹ ਨਾਵਲ ਇਸ ਭੁਲੇਖੇ ਨੂੰ ਵੀ ਦੂਰ ਕਰਦਾ ਹੈ ਕਿ ਹਿੰਸਕ ਲਹਿਰ ਵਿੱਚ ਸਿਰਫ ਹਿੰਸਕ ਲੋਕ ਹੀ ਨਹੀਂ ਹੁੰਦੇ, ਇਸ ਵਿੱਚ ਜਿਉਂਦੀਆਂ ਜਾਗਦੀਆਂ ਰੂਹਾਂ ਵੀ ਤੁਰੀਆਂ ਫਿਰਦੀਆਂ ਹੁੰਦੀਆਂ ਹਨ।"

# 'ਰੇਤ 'ਤੇ ਪਈ ਬੇੜੀ'

ਜ਼ਿੰਦਗੀ 'ਚ ਸ਼ੁਮਾਰ ਕਰਨ ਦਾ ਪ੍ਰਵੇਸ਼ ਦੁਆਰ ਬਣਦਾ ਹੈ।

'ਉਡਾਨ', 'ਪਹਿਲੀ ਉਡਾਨ', 'ਉਡਾਰੀ' ਤੇ 'ਪਰਿੰਦੇ' ਅਤੇ ਦੁੱਖ-ਸੁੱਖ, ਆਦਿ ਕਵਿਤਾਵਾਂ ਦਾ ਸਬੰਧ ਸਿਰਲੇਖੀ ਸ਼ਬਦਾਵਲੀ ਪੱਖੋਂ ਇਕੋ ਜਿਹਾ ਹੈ, ਪਰ ਅਰਥ ਪੱਖੋਂ ਵਿਭਿੰਨ ਹੈ। 'ਪਹਿਲੀ ਉਡਾਨ' ਨਾਲ 'ਉਡਾਨ' ਕਵਿਤਾ ਮਿਲਦੀ-ਜੁਲਦੀ ਹੈ। ਜਿੱਥੇ ਸਮੁੰਦਰ 'ਚ ਸ਼ਿਕਾਰ ਕਰਨ ਵਾਲਾ ਪੰਛੀ ਆਪਣੇ ਜ਼ੋਰ ਤੇ ਲਹੂ ਦੇ ਨਾੜਾਂ 'ਚ ਗਤੀਮਾਨ ਰਹਿਣ ਤੱਕ ਜਿੱਤਦਾ/ਹਾਰਦਾ ਹੈ, ਉਥੇ ਪਹਿਲੀ ਉਡਾਨ ਵਿਚਲੇ ਪੰਛੀ ਦੇ ਜ਼ੋਰ ਦੀ ਅਜ਼ਮਾਇਸ਼ ਦਾ ਖੇਤਰ ਅਕਾਸ਼ ਹੈ, ਜਿਸ ਦਾ ਟਹਿਣੀ ਸੁਆਗਤ ਕਰਦੀ ਹੈ। 'ਉਡਾਰੀ' ਕਵਿਤਾ ਦਾ ਵਿਸ਼ਾ ਹੈ ਕਿ ਪੰਛੀ ਉਡਾਰ ਹੋਣ 'ਤੇ ਬੱਚਿਆਂ ਦਾ ਸਾਥ ਛੱਡ ਦਿੰਦੇ ਹਨ। ਉਨ੍ਹਾਂ ਦੀ ਉਡਾਰੀ ਆਪਣੇ ਨਾਲ ਹੀ ਮਾਪਿਆਂ ਦਾ ਸੰਬੰਧ ਵੀ ਉਡਾ ਕੇ ਲੈ ਜਾਂਦੀ ਹੈ। 'ਪਰਿੰਦੇ' ਕਵਿਤਾ ਵਿੱਚ ਸ਼ਾਮ ਨੂੰ ਆਪਣੀ ਦਿਨਚਰਿਯਾ ਮੁਕਾਉਣ ਤੇ ਗੀਤ ਗਾਉਣ ਉਪਰੰਤ ਸੁਫ਼ਨਿਆਂ ਦੇ ਸਮੁੰਦਰ 'ਚ ਤਰਨ ਦੇ ਭਾਵ ਅਭਿਵਿਅਕਤ ਹੋਏ ਹਨ। 'ਦੁੱਖ-ਸੁੱਖ' ਕਵਿਤਾ ਵਿੱਚ ਪੰਛੀਆਂ ਦੇ ਗਾਉਣ ਦੀ ਤੇ ਦੁੱਖਾਂ ਦੀ ਗੱਲ ਕੀਤੀ ਹੈ। ਫ਼ਿਤਰਤਨ ਅਸੀਂ ਪੰਛੀਆਂ ਦੇ ਬੋਲਾਂ 'ਚੋਂ ਸੁੱਖ ਹੀ ਲੱਭਦੇ ਹਾਂ, ਸਾਡੀ ਭਾਸ਼ਾ ਨੇ ਸਾਨੂੰ ਉਨ੍ਹਾਂ ਦੇ ਦੁੱਖਾਂ ਬਾਰੇ ਜਾਨਣ ਨਹੀਂ ਦਿੱਤਾ।

ਜਗਤਾਰਜੀਤ ਨੇ 'ਕੁੱਤੇ', 'ਕਾਲੂ ਲੜ ਰਿਹਾ ਹੈ', 'ਪਰਿਵਾਰ', 'ਚੂਹਾ' ਤੇ 'ਭੇਡਾਂ' ਨਜ਼ਮਾਂ ਜਾਨਵਰਾਂ ਬਾਬਤ ਲਿਖੀਆਂ ਹਨ। ਇਸ ਤਰ੍ਹਾਂ ਦੀਆਂ ਕਵਿਤਾਵਾਂ ਲਿਖਣਾ ਉਸ ਦਾ ਇੱਕ ਹੋਰ ਹਾਸਿਲ ਹੈ। 'ਕੁੱਤੇ' ਕਵਿਤਾ ਵਿੱਚ ਅਵਾਰਾ ਕੁੱਤਿਆਂ ਦੇ ਕਿਰਦਾਰ ਦੇ ਨਾਲ ਨਾਲ ਉਨ੍ਹਾਂ ਨੂੰ ਦਰਪੇਸ਼ ਕੁਦਰਤੀ ਆਫ਼ਤਾਂ ਦਾ ਜ਼ਿਕਰ ਕੀਤਾ ਗਿਆ ਹੈ। ਇਸੇ ਲੜੀਵਾਰਤਾ ਵਿੱਚ 'ਕਾਲੂ ਲੜ ਰਿਹਾ ਹੈ' ਕਵਿਤਾ ਹੈ, ਜਿਸ ਵਿੱਚ ਕਾਲੂ ਗਦੈਲੇ ਲਈ ਲੜਦਾ ਹੈ। ਉਸ ਨੂੰ ਭੁੱਖ ਨਾਲ ਵੀ ਲੜਨਾ ਪੈਂਦਾ ਹੈ। ਜੀਵਾਂ ਦੀ ਤ੍ਰਾਸਦਿਕ ਦਸ਼ਾ ਬਾਰੇ ਇਹ ਇੱਕ ਮਾਰਮਿਕ ਕਵਿਤਾ ਹੈ। ਪਰਿਵਾਰ ਕਵਿਤਾ ਵਿੱਚ ਕੁੱਤੀ-ਮਾਂ ਕਤੂਰੇ ਪਾਲਦੀ ਹੈ। ਇਸ ਵਿੱਚ ਮਮਤਾ ਤੇ ਸੁਰੱਖਿਆ ਲਈ ਨੋਕੀਲੇ ਦੰਦਾਂ ਦੇ ਹਥਿਆਰ ਹੋਣ ਦੀ ਗੱਲ ਕੀਤੀ ਗਈ ਹੈ। 'ਚੂਹਾ' ਕਵਿਤਾ ਵੀ ਪਰਿਵਾਰ ਪਾਲਣ ਲਈ ਸੁਰੱਖਿਅਤ ਥਾਂ ਨੂੰ ਲੱਭਣ ਵਜੋਂ ਲਿਖੀ ਗਈ ਹੈ। ਆਦਮੀ, ਕੁੱਤੇ, ਬਿੱਲੀਆਂ ਤੇ ਕਾਵਾਂ ਨੂੰ ਚੂਹੇ ਦੀ ਵੰਗਾਰ ਵੀ ਹੈ ਤੇ ਕਵੀ ਚੂਹੇ ਤੋਂ ਪੁੱਛ ਪੜਤਾਲ ਕਰਨੀ ਚਾਹੁੰਦਾ ਹੈ:

ਗੱਲ ਕਰੇ ਤਾਂ ਪੁੱਛਾਂ
ਠਰੇ ਦਿਨ ਦੀ ਠਰੀ ਮਿੱਟੀ ਨਾਲ
ਦੇਹ ਦੇ ਰੋਏਂ ਲਬੇੜ
ਕਿਹੋ ਜਿਹਾ ਨਿੱਘ ਮਿਲਦਾ।

ਇੱਕ ਹੋਰ ਕਵਿਤਾ 'ਭੇਡਾਂ' ਮੇਰੀ ਪਸੰਦ ਦੀ ਕਵਿਤਾ ਹੈ। ਭੇਡਾਂ ਨੂੰ ਅੰਬਰ, ਬੱਲਦਾਂ ਨਾਲ ਕੋਈ ਵਾਸਤਾ ਨਹੀਂ ਹੈ। ਉਹ ਤਾਂ ਹਰਾ ਹਰਾ ਘਾਹ ਆਪਣੇ ਦੰਦਾਂ ਨਾਲ ਟੁਕ ਟੁਕ ਕੇ ਖਾਣ ਦੇ ਸੰਗੀਤ ਨਾਲ ਬਾਵਾਸਤਾ ਹਨ। ਨਿਰਸੰਦੇਹ ਪ੍ਰਾਕ੍ਰਿਤਕ ਜੀਵਨ ਦੀ ਇਹ ਇੱਕ ਖੂਬਸੂਰਤ ਕਵਿਤਾ ਹੈ।

ਜਗਤਾਰਜੀਤ ਦੀ 'ਬੱਚਾ ਤੇ ਮੈਂ' ਕਵਿਤਾ ਦੇ ਦੋ ਸਿਰੇ ਹਨ- ਸ਼ਬਦ ਤੇ ਨਿਸ਼ਬਦ। ਬੱਚੇ ਦੀ ਆਵਾਜ਼ ਬੇਅੱਖ਼ਰੀ ਹੈ, ਜਦ ਕਿ ਕਵੀ ਦਾ ਸ਼ਬਦਾਂ ਬਗ਼ੈਰ ਨਹੀਂ ਸਰਦਾ। ਬੱਚੇ ਤੇ ਕਵੀ ਦੀ ਲੁਕਣਮੀਟੀ ਦੌਰਾਨ ਹੋਰ ਵੀ ਬੜਾ ਕੁਝ ਵਾਪਰਦਾ ਹੈ; ਮਸਲਨ, ਅੱਖਾਂ ਬੰਦ ਕਰਨ 'ਤੇ ਰਾਤ ਹੋਣਾ, ਨਵੀਂ ਲੁਕਣਗਾਹ, ਪੁਰਾਣੀ ਪਰ ਹਰ ਵਾਰ ਨਵੀਂ ਨਕੋਰ ਹੋਣੀ, ਦੋ ਦੀਪ ਕਦੇ ਨੇੜੇ ਕਦੇ ਦੂਰ ਤੁਰੇ ਫਿਰਦੇ, ਇੱਕ ਨਿਰਸ਼ਬਦ ਦੀ ਬੇੜੀ 'ਚ ਬੈਠਾ ਤੇ ਦੂਜਾ ਸ਼ਬਦਾਂ ਦਾ ਮੁਹਤਾਜ। ਕਵੀ ਇਸ ਤਰ੍ਹਾਂ ਦੇ ਵੇਰਵਿਆਂ ਨਾਲ ਕਵਿਤਾ ਨੂੰ ਦਿਲਚਸਪ ਬਣਾ ਦਿੰਦਾ ਹੈ।

ਇਸੇ ਤਰ੍ਹਾਂ 'ਘਰੋਂ ਬੇਘਰ' ਤੇ 'ਪਰਛਾਈ' ਕਵੀ ਦੇ ਨਿਜ ਤੇ ਪਰ ਦੇ ਵੇਰਵਿਆਂ ਨਾਲ ਸਬੰਧਿਤ ਕਵਿਤਾਵਾਂ ਹਨ। ਪਰਛਾਈਂ ਕਵਿਤਾ ਸਿੱਧੇ-ਅਸਿੱਧੇ ਰੂਪ ਵਿੱਚ ਭੀੜਤੰਤਰ ਦੀ ਹਿੰਸਾ ਨਾਲ ਜੁੜੀ ਹੋਈ ਹੈ। ਦਿੱਲੀ ਦੰਗਿਆਂ ਵੇਲੇ ਦਾ ਪਰਛਾਵਾਂ ਹੀ ਇਸ ਕਵਿਤਾ ਦੀ ਪਿੱਠਭੂਮੀ ਹੈ। 'ਬੁੱਧ' ਕਵਿਤਾ ਵਿੱਚ ਬੁੱਧ ਦੀ ਮੌਨਤਾ ਬਾਰੇ ਹੋਰ ਸਭ ਗੱਲਾਂ ਕਰਦੇ ਹਨ, ਪਰ ਬੁੱਧ ਅਬੋਲ, ਅਡੋਲ ਹੈ। ਬੁੱਧ ਸਮੇਂ ਤੋਂ ਪਾਰ ਦੇਖਦਾ ਹੈ। ਉਸਦੀ ਮੌਨਤਾ, ਸ਼ਾਂਤ ਪਲਕ ਦ੍ਰਿਸ਼ਟੀ ਪਾਠਕ ਦੇ ਮਨ ਮਸਤਕ ਵਿੱਚ ਕਿੰਨੇ ਭਾਵ ਜਗਾ ਦਿੰਦੀ ਹੈ।

ਇੱਥੇ ਉਨ੍ਹਾਂ ਕਵਿਤਾਵਾਂ ਦੀ ਗੱਲ ਵੀ ਵਾਜਿਬ ਹੈ ਜਿਹੜੀਆਂ ਜਗਤਾਰਜੀਤ ਨੇ ਸਿੱਧੇ-ਅਸਿੱਧੇ ਰੂਪ ਵਿੱਚ ਮੌਤ ਦੇ ਵਿਸ਼ੇ ਨੂੰ ਲੈ ਕੇ ਲਿਖੀਆਂ ਹਨ। 'ਅੱਗ', 'ਮੌਤ', 'ਅੱਗ ਦਾ ਲਾਂਬੂ', 'ਪੁੱਛ', 'ਆਖ਼ਰੀ ਬਿਆਨ', 'ਮੋਇਆਂ ਸਾਰ ਨਾ ਕਾਈ', 'ਮੇਰਾ ਸਿਰ' ਅਤੇ 'ਲਾਸ਼ ਹਾਜ਼ਰ ਹੈ' ਆਦਿ ਕਵਿਤਾਵਾਂ ਮੌਤ ਦੇ ਵਿਸ਼ੇ ਬਾਰੇ ਚਾਨਣਾ ਪਾਉਂਦੀਆਂ ਹਨ। ਬਾਬਾ ਫ਼ਰੀਦ ਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੀ ਮੌਤ ਦੇ ਬਾਬਤ ਖੁੱਲ੍ਹ ਕੇ ਬਿਆਨਿਆ ਗਿਆ ਹੈ। ਆਧੁਨਿਕ ਕਵੀ ਸ਼ਿਵ ਕੁਮਾਰ ਬਟਾਲਵੀ ਨੇ ਬਿਰਹਾ ਤੇ ਮੌਤ ਦੇ ਵਿਸ਼ੇ ਨੂੰ ਲੈ ਕੇ ਵਿਸਾਦੀ ਸੁਰਾਂ ਅਲਾਪੀਆਂ ਹਨ।

ਜਗਤਾਰਜੀਤ ਦੀ 'ਅੱਗ' ਨਜ਼ਮ ਵਿੱਚ ਜ਼ਿੰਦਗੀ ਤੇ ਮੌਤ ਨੂੰ ਸਮਾਨੰਤਰ ਤੁਰਦਿਆਂ ਵੇਖਿਆ ਜਾ ਸਕਦਾ ਹੈ। ਦੇਹ ਨੂੰ ਅੱਗ ਕਿਵੇਂ ਸਾੜਦੀ, ਸੁਆਹ ਕਰਦੀ ਹੈ। ਇਸ ਦੀਆਂ ਤਸ਼ਬੀਹਾਂ ਬੱਚੇ ਦੇ ਮਾਂ-ਦੁੱਧ ਨਾਲ ਜੁੜੀਆਂ ਸਿਮਰਤੀਆਂ ਰਾਹੀਂ ਇੱਕ ਨਿਰੰਤਰਤਾ ਵਜੋਂ ਦ੍ਰਿਸ਼ਟੀਗਤ ਹੁੰਦੀਆਂ ਹਨ। 'ਮੌਤ' ਜਗਤਾਰਜੀਤ ਦੀ ਸ਼ਸ਼ਕਤ ਕਵਿਤਾ ਹੈ। ਕਵੀ ਨੇ ਖੂਬਸੂਰਤ ਅੰਦਾਜ਼ 'ਚ ਮੌਤ ਨੂੰ ਸਰੀਰ ਨਾਲ ਨਹੀਂ, ਸਗੋਂ ਖ਼ਿਆਲ ਨਾਲ ਜੋੜ ਕੇ ਵੱਡੀ ਗੱਲ ਕਹਿ ਦਿੱਤੀ ਹੈ। ਪ੍ਰਗੀਤਕ ਰਚਨਾ 'ਅੱਗ ਦਾ ਲਾਂਬੂ' ਵੀ ਮੌਤ ਦੀ ਕਨਸੋਅ ਦੇ ਜਾਂਦੀ ਹੈ।

ਜਗਤਾਰਜੀਤ ਦੀ 'ਪੁੱਛ' ਕਵਿਤਾ ਉਪਨਿਸ਼ਦਾਂ ਦੇ ਪਾਤਰ ਨਚਿਕੇਤੇ ਵਾਂਗ ਧਰਮਰਾਜ ਤੋਂ ਪੁੱਛੇ ਪ੍ਰਸ਼ਨਾਂ ਵਾਂਗ ਜਿਉਂਦੇ ਜੀਅ ਮੌਤ ਤੋਂ ਅਗਲੇਰੇ ਜੀਵਨ ਦੀ ਪੁੱਛ ਪੜਤਾਲ ਨਾਲ ਸਬੰਧਿਤ ਹੈ। ਕਵੀ ਆਪਣੇ ਸੁਆਲਾਂ ਪ੍ਰਤੀ ਬਜ਼ਿੱਦ ਹੈ। ਵੱਢਖਾਣੇ ਪ੍ਰਸ਼ਨਾਂ ਤੋਂ ਉਕਤਾ ਕੇ ਕਵੀ ਸਾਧੂ ਵਾਂਗ ਧੂਣੀ ਤਪਾ ਕੇ ਬੈਠਣ ਦੀ ਸੋਚਦਾ ਹੈ; ਪਰ ਸੂਈ ਉਸਦੀ ਆਪਣੇ ਸਵਾਲਾਂ ਦੇ ਜਵਾਬ 'ਤੇ ਹੀ ਖੜੀ ਰਹਿੰਦੀ ਹੈ। ਅਸੀਂ ਦੇਖਦੇ ਹਾਂ ਕਿ ਮਰਨ ਵਾਲਿਆਂ ਦੇ ਆਖ਼ਰੀ ਬਿਆਨ ਦਰਜ ਹੋਣੋਂ ਰਹਿ ਜਾਂਦੇ ਹਨ। ਮਾਰਨ ਵਾਲਿਆਂ ਹੱਥੋਂ ਮਾਰੇ ਜਾਣ ਦੀ ਕਥਾ ਦਾ ਬਿਆਨ ਪਾਠਕ ਨੂੰ ਦੰਗ ਕਰਦਾ ਹੈ। ਮਰਨ ਵਾਲੀ ਧਿਰ ਸਹਿਵਨ ਹੀ ਲੁੱਟੀ ਜਾਣ ਵਾਲੀ ਧਿਰ 'ਚ ਰੁਪਾਂਤ੍ਰਿਤ ਹੋ ਜਾਂਦੀ ਹੈ ਤੇ ਮਾਰਨ ਵਾਲੀ ਧਿਰ ਤਾਨਾਸ਼ਾਹ ਦਾ ਰੂਪ ਇਖ਼ਤਿਆਰ ਕਰ ਜਾਂਦੀ ਹੈ। 'ਮੋਇਆਂ ਸਾਰ ਨਾ ਕਾਈ' ਦਾ ਮੁੱਦਾ ਧਰਮ, ਜਾਤ, ਹਕੂਮਤੀ ਰੋਲ, ਝਗੜੇ-ਝੇੜੇ ਸਭ ਮਿਟਾ ਦਿੰਦਾ ਹੈ।

'ਮੇਰਾ ਸਿਰ' ਜੀਣ-ਮਰਨ ਦੇ ਫ਼ਲਸਫ਼ੇ ਨੂੰ ਜੁਬਾਨ ਦਿੰਦੀ ਕਵਿਤਾ ਹੈ। ਸਿਰ ਮੁਕੰਮਲਤਾ ਪ੍ਰਾਪਤ ਕਰਨ ਵੱਲ ਅਗਰਸਰ ਹੈ। ਧੜ ਸਿਰ ਬਿਨ ਅਧੂਰਾ ਹੈ। ਸਿਰ ਵੀ ਘੜ ਬਿਨਾ ਕਿਸੇ ਕੰਮ ਦਾ ਨਹੀਂ। ਨੇਜ਼ੇ 'ਤੇ ਟੰਗਿਆ ਸਿਰ ਧੜ ਵਿਹੂਣੇ ਸਿਰ ਦੀ ਭਟਕਣ ਕੁਝ ਅਜਿਹੇ ਜ਼ੁਜ਼ ਹਨ, ਜੋ ਇਸ ਕਵਿਤਾ ਨੂੰ ਵਿਸਤਾਰ ਦਿੰਦੇ ਹਨ। 'ਲਾਸ਼ ਹਾਜ਼ਰ ਹੈ' ਨਾਮਕ ਕਵਿਤਾ ਵਿੱਚ 'ਰੁੱਖ ਨਾਲ ਝੂਲਦੀ ਲਾਸ਼ ਦਾ ਦ੍ਰਿਸ਼ ਬਿੰਬ ਮਰਨ ਵਾਲੇ ਬਾਰੇ ਭੀੜ ਦੇ ਆਪੋ ਆਪਣੇ ਕਥਾਨਕਾਂ ਦੀ ਸੂਹ ਦਿੰਦਾ ਹੈ। ਮਰਨ ਵਾਲਾ ਖ਼ੁਦਕੁਸ਼ੀ ਕਰ ਗਿਆ ਜਾਂ ਮਾਰ ਦਿੱਤਾ ਗਿਆ? ਇਹ ਗੱਲ ਰਹੱਸ ਦੇ ਬੋਝੇ ਪੈ ਜਾਂਦੀ ਹੈ। ਸਿਰਫ਼ ਰੁੱਖ ਦੀ ਹਾਜ਼ਰ ਗਵਾਹੀ ਹੈ ਜਾਂ ਉਸਦੀ ਛਾਂ ਜੋ ਮਰਨ ਵਾਲੇ ਲਈ ਸੀ। ਰੁੱਖ ਦੀ ਟਹਿਣੀ ਨਾਲ ਝੂਲਦੀ ਲਾਸ਼ ਖ਼ੁਦਕਸ਼ੀ ਦੇ ਰਹੱਸ ਵੱਲ ਹੀ ਜ਼ਿਆਦਾਤਰ ਸੰਕੇਤਿਕ ਹੈ।

ਜਗਤਾਰਜੀਤ ਨੇ ਬਾਬਾ ਨਾਨਕ ਦੇ ਜੀਵਨ ਨਾਲ ਸਬੰਧਿਤ ਦੋ ਕਵਿਤਾਵਾਂ ਇਸ ਪੁਸਤਕ ਵਿੱਚ ਦਰਜ ਕੀਤੀਆਂ ਹਨ। 'ਨਾਨਕ ਨਜ਼ਰ ਨਹੀਂ ਆਉਂਦਾ' ਵਿੱਚ ਬਾਬਾ ਨਾਨਕ ਦੇ ਵੇਈਂ ਪ੍ਰਵੇਸ਼ ਵਾਲੀ ਘਟਨਾ ਦਾ ਜ਼ਿਕਰ ਹੈ। ਗੁਰੂ ਨਾਨਕ ਦੇ ਵੇਈਂ 'ਚ ਓਝਲ ਹੋਣ ਨਾਲ ਪ੍ਰਕ੍ਰਿਤੀ ਵੀ ਸੋਗਮਈ ਹੋ ਜਾਂਦੀ ਹੈ। ਕੀ ਪਰਿੰਦੇ, ਕੀ ਬੰਦੇ- ਇਸ ਸੋਗ ਵਿੱਚ ਡੁੱਬੇ ਹੋਏ ਹਨ। ਬੇਸ਼ੱਕ ਕਵਿਤਾ ਦੇ ਅੰਤ ਤੱਕ 'ਨਾਨਕ ਗੁੰਮ ਹੈ' ਪਰ ਉਸ ਦੀ ਰੂਹਾਨੀ ਆਭਾ ਨੂੰ ਉਸਦੀ ਬਾਣੀ (ਖਸਮ ਦੇ ਗੀਤ) ਗਾਉਣ ਦੀ ਸਿਮਰਤੀ ਦੇ ਰੂਪ ਵਿੱਚ ਹਾਜ਼ਰ ਨਾਜ਼ਰ ਦੇਖਿਆ ਜਾ ਸਕਦਾ ਹੈ। ਦੂਜੀ ਕਵਿਤਾ 'ਕਰਤਾਰਪੁਰ' ਹੈ। ਸਿੱਖ ਸਮਾਜ ਵਿੱਚ 'ਕਰਤਾਰਪੁਰ ਕਰਤਾ ਵਸੈ' ਦੀ ਧਾਰਨਾ ਪ੍ਰਚਲਿਤ ਹੈ। ਇਹ ਉਹ ਪਾਕ ਥਾਂ ਹੈ, ਜਿੱਥੇ ਬਾਬੇ ਨਾਨਕ ਨੇ ਪਿਛਲੀ ਉਮਰੇ 'ਕਿਰਤ ਕਰੋ, ਵੰਡ ਛਕੋ, ਨਾਮ ਜਪੋ' ਦਾ ਅਮਲੀ ਰੂਪ ਉਜਾਗਰ ਕੀਤਾ। ਇਹ ਕਵਿਤਾ 'ਗੁਰ ਨਾਨਕ ਤੇਰੀ ਵਡੀ ਕਮਾਈ' ਦਾ ਉਸਤਤ ਗੀਤ ਹੈ।

ਜਗਤਾਰਜੀਤ ਦੀ ਇਸ ਕਿਤਾਬ ਵਿੱਚ ਦਰਦ ਦੇ ਨਜ਼ਰੀਏ ਨੂੰ ਪ੍ਰਗਟ ਕਰਦੀ ਆਖ਼ਰੀ ਕਵਿਤਾ 'ਸਿੱਲਤ' ਹੈ। ਨਿੱਕੀ ਜਿਹੀ ਸਿੱਲਤ ਕਿਵੇਂ ਦਰਦ ਦੇਣ ਦਾ ਸਬਬ ਬਣ ਜਾਂਦੀ ਹੈ, ਜਦ ਕਿ ਮਨੁੱਖੀ ਦੇਹ ਤੋਂ ਉਹ ਹਜ਼ਾਰਾਂ ਦਰਜੇ ਛੋਟੀ ਹੈ। ਕਵੀ ਆਪਣੀ ਤਲੀ ਨੂੰ ਸਿੱਲਤ ਦੀ ਪੀੜ ਨਾਲ ਇਕਸੁਰ ਕਰ ਲੈਂਦਾ ਹੈ, ਉਸਨੂੰ ਸਿੱਲਤ ਸਮੁੰਦਰੀ ਮੱਛੀ ਵਾਂਗ ਜਿਉਂਦੀ ਲਗਦੀ ਹੈ। ਕੁਝ ਅਰਸੇ ਬਾਅਦ ਅਚਾਨਕ ਇੱਕ ਦਿਨ ਸਿੱਲਤ ਰਾਤ ਨੂੰ ਮਾਸ ਵਿੱਚੋਂ ਨਿਕਲ ਜਾਂਦੀ ਹੈ ਅਤੇ ਮਗਰ ਜ਼ਰਾ ਕੁ ਗੂੜ੍ਹਾ ਲਾਲ ਨਿਸ਼ਾਨ ਛੱਡ ਜਾਂਦੀ ਹੈ। ਇਹ ਕਵਿਤਾ ਸਾਨੂੰ ਦੁੱਖ ਨਾਲ ਸਹਿਜ ਰੂਪ ਵਿੱਚ ਰਹਿਣ ਦੀ ਸੰਦੇਸ਼ਵਾਹਕ ਬਣ ਜਾਂਦੀ ਹੈ।

***ਇਹ ਕਹਾਣੀ ਨਹੀਂ, ਬਲਕਿ ਪੰਜਾਬ ਦੇ ਹੋ ਰਹੇ ਉਜਾੜੇ ਕਾਰਨ ਇੱਕ ਦਰਦ ਭਰੀ ਹੂਕ ਹੈ। ਪੰਜਾਬ ਦੇ ਵੱਖ ਵੱਖ ਕਿਸਮਾਂ ਦੇ ਅਜੋਕੇ ਸੰਤਾਪ ਨੂੰ ਕਹਾਣੀਕਾਰ ਨੇ ਜਿਸ ਲਹਿਜ਼ੇ ਵਿੱਚ ਗੁੰਦਿਆ ਹੈ, ਉਹ ਸਾਨੂੰ ਪੰਜਾਬੀਆਂ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਇਸ ਫਿਕਰਮੰਦੀ ਤੇ ਇਸ ਝੰਜੋੜੇ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਕਹਾਣੀਕਾਰ ਨੇ ਸਵਾਲ ਕੀਤਾ ਹੈ ਕਿ ਵੱਡੇ ਖ਼ੂਹ ਵਾਲੇ ਮੌੜ 'ਤੇ ਬੈਠੀ ਹੋਣ ਦੇ ਬਾਵਜੂਦ ਕਹਾਣੀ ਵਿਚਲੀ ਪਾਤਰ ਬਿਸ਼ਨੀ ਚਾਚੀ ਦੀਆਂ ਖੁਸ਼ਕ ਅੱਖਾਂ ਵਿੱਚ ਮਾਰੂਥਲ ਕਿਉਂ ਨਜ਼ਰ ਆਉਂਦਾ ਹੈ? ਯਾਨਿ ਪੰਜ-ਆਬਾਂ ਦੀ ਧਰਤੀ 'ਤੇ ਪਾਣੀ ਦੀ ਜੋ ਲੁੱਟ, ਜੋ ਦੁਰਗਤ ਤੇ ਦੁਰਵਰਤੋਂ ਹੋ ਰਹੀ ਹੈ, ਯਕੀਨਨ ਅਸੀਂ ਪੰਜਾਬ ਨੂੰ ਮਾਰੂਥਲ ਬਣਾਉਣ ਵੱਲ ਵਧ ਰਹੇ ਹਾਂ। ਕਹਾਣੀ ਦੇ ਸੰਦਰਭ ਵਿੱਚ 'ਸ਼ਬਦਾਂ ਦੀ ਮੌਤ' ਉਤੇ ਸਾਨੂੰ ਇਹ ਤਨਜ਼ ਹੀ ਤਾਂ ਹੈ ਕਿ 'ਕਿੰਨਾ ਟੁੱਟ ਗਏ ਹਾਂ ਅਸੀਂ ਲਫਜ਼ਾਂ ਨਾਲੋਂ!' ਮਾਂ ਬੋਲੀ ਪ੍ਰਤੀ ਫਿਕਰਮੰਦੀ ਕਿ 'ਤੇਰੀ ਮਾਂ ਬੋਲੀ ਲਈ ਕੋਈ ਹੋਰ ਆ ਕੇ ਲੜੇਗਾ?' ਨੌਜਵਾਨਾਂ ਦੇ ਪਰਵਾਸ, ਵਿਆਹਾਂ ਦੇ ਬਦਲਦੇ ਢੰਗ-ਤਰੀਕੇ ਕਿ ਹੁਣ ਲੋਕ ਗੀਤਾਂ ਦੀ ਮਿੱਠੀ ਲੈਅ ਨਹੀਂ ਗੂੰਜਦੀ; ਰੁੱਖਾਂ ਦੀ ਕਟਾਈ ਅਤੇ ਵਾਤਾਵਰਣ ਪ੍ਰਤੀ ਅਵੇਸਲਾਪਨ; ਪੰਛੀਆਂ ਦੇ ਅਲੋਪ ਹੋ ਜਾਣ ਆਦਿ ਸਮੇਤ ਵੱਡਾ ਸਵਾਲ ਕਿ ਕੀ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਹਵਾ, ਪਾਣੀ ਬਚਾ ਕੇ ਦੇ ਸਕਦਾ ਹਾਂ? ਇਹ ਸਭ ਫਿਕਰ ਇਸ ਕਹਾਣੀ ਦਾ ਧਰਾਤਲ ਹਨ।***

# ਉਦਾਸ ਨਦੀ ਤੇ ਅਧੂਰਾ ਖ਼ਤ

ਕਹਾਣੀ



ਸਿਮਰਨ ਧਾਲੀਵਾਲ
ਫੋਨ:+91-9463215168

ਮੈਂ ਛੱਤ ਉਪਰ ਜਾ ਕੇ ਦੇਖਿਆ...ਰੋਟੀਆਂ ਦਾ ਭੋਰਾ ਉਸੇ ਤਰ੍ਹਾਂ ਖਿਲਰਿਆ ਪਿਆ ਸੀ। ਮੈਂ ਦੂਰ ਤੀਕ ਨਜ਼ਰ ਮਾਰੀ। ਇੱਕ ਵੀਰਾਨੀ ਜਿਹੀ ਨਜ਼ਰੀਂ ਪਈ। ਮੈਂ ਹੇਠਾਂ ਆ ਕੇ ਲੈਪਟਾਪ ਆਨ ਕਰਕੇ ਕੁਝ ਲ਼ਿਖਣ ਲਈ ਬੈਠ ਗਿਆ। ਚਾਰ ਕੁ ਅੱਖਰ ਹੀ ਅਜੇ ਟਾਈਪ ਕੀਤੇ ਸਨ ਕਿ ਡੋਰ ਬੈ.ਲ ਵੱਜੀ। ਰਾਮ ਚੰਦ ਡਾਕੀਆ ਬੂਹੇ ਅੱਗੇ ਖੜ੍ਹਾ ਸੀ।

"ਲਓ ਜੀ ਲਿਖਾਰੀ ਸਾਬ੍ਹ ਆ ਗਈ ਤੁਹਾਡੀ ਚਿੱਠੀ! ਮੈਂ ਲਾਇਆ ਹਿਸਾਬ ਬਈ ਵਿਹਲੇ ਈ ਜੇ ਤੁਸੀਂ ਦੋਵੇਂ। " ਉਹਨੇ ਚਿੱਠੀ ਫੜਾਉਂਦਿਆਂ ਪਤਾ ਨਹੀਂ ਹਾਸੇ ਨਾਲ ਕਿਹਾ ਸੀ ਜਾਂ ਪਤਾ ਨਹੀਂ ਗੁੱਸੇ ਨਾਲ। ਉਹਦੇ ਚਿਹਰੇ ਵੱਲ ਦੇਖ ਕੇ ਵੀ ਮੈਂ ਇਹ ਪ੍ਰਭਾਵ ਸਮਝ ਨਾ ਪਾਇਆ। ਰਾਮ ਚੰਦ ਹਮੇਸ਼ਾ ਇਹੀ ਆਖਦਾ ਹੈ; ਕਿਉਂਕਿ ਸ਼ਹਿਰੋਂ ਬਾਹਰ ਇੰਨੀ ਦੂਰ ਉਸ ਨੂੰ ਮੇਰੀਆਂ ਚਿੱਠੀਆਂ ਦੇਣ ਲਈ ਜੁ ਆਉਣਾ ਪੈਂਦਾ ਹੈ।

"ਮੇਰਾ ਵੱਸ ਚੱਲੇ ਤਾਂ ਕਬੂਤਰ ਰੱਖ ਲਵਾਂ ਚਿੱਠੀਆਂ ਫੜਾਉਣ ਵਾਲਾ। ਤੇਰੀ ਲੋੜ ਹੀ ਨਾ ਪਵੇ ਰਾਮ ਚੰਦਾ। " ਮੈਂ ਉਹਨੂੰ ਇਹ ਗੱਲ ਮਨ ਵਿੱਚ ਆਖ ਕੇ ਅੰਦਰ ਆ ਜਾਂਦਾ ਹਾਂ। ਚਿੱਠੀ ਖੋਲਦਿਆਂ ਮਨ ਵਿੱਚ ਸੋਚਦਾ, "ਹੁਣ ਕਿੱਥੋਂ ਆਉਣੇ ਕਬੂਤਰ ਯਾਰ!...ਸ਼ੁਕਰ ਕਰ ਰਾਮ ਚੰਦ ਆ ਰਿਹਾ। " ਫਿਰ ਚਿੱਠੀ ਪੜ੍ਹਨ ਲੱਗਦਾ ਹਾਂ। ਤਰੰਨੁਮ ਦੀ ਚਿੱਠੀ ਹੈ। ਇਹ ਤਾਂ ਮੈਂ ਲਿਫਾਫੇ ਦਾ ਗੁਲਾਬੀ ਰੰਗ ਦੇਖਦਿਆਂ ਹੀ ਸਮਝ ਗਿਆ ਸੀ। ਸਾਰੀ ਚਿੱਠੀ ਇੱਕੋ ਸਾਹੇ ਪੜ੍ਹ ਕੇ ਮੁਸਕੁਰਾਉਂਦਾ ਹਾਂ। ਮੇਰੀਆਂ ਅੱਖਾਂ ਅੱਗੇ ਤਰੰਨੁਮ ਦਾ ਚਿਹਰਾ ਆ ਜਾਂਦਾ ਹੈ। ਮਾਸੂਮ ਜਿਹਾ; ਪਰ ਤਰੰਨੁਮ ਦਾ ਸਵਾਲ...!! ਸਵਾਲ ਪੁਛਣੇ ਉਸਦੀ ਪਹਿਲੀ ਪਸੰਦ ਹੈ ਜਿਵੇਂ।

"ਯਾਰ ਕਿਉਂ ਪੁਛਿਆ ਤੂੰ ਇਹ ਸਵਾਲ!" ਮੈਂ ਮਨ ਵਿੱਚ ਸੋਚਦਾ। ਸਵਾਲ ਤਾਂ ਰਾਮ ਚੰਦ ਡਾਕੀਆ ਵੀ ਪੁਛਦਾ ਹੈ।

"ਲ਼ਿਖਾਰੀ ਸਾਬ੍ਹ! ਯਾਰ ਤੂੰ ਕਿਉਂ ਲਿਖਦਾ ਇਹ ਚਿੱਠੀਆਂ...ਫੋਨ ਹੈਨ੍ਹੀ ਤੇਰੇ ਕੋਲ?" ਫਿਰ ਉਹ ਆਪਣਾ ਫੋਨ ਕੱਢ ਕੇ ਮੈਨੂੰ ਦਿਖਾਉਂਦਾ, ਜਿਵੇਂ ਮੈਂ ਤਰੰਨੁਮ ਨੂੰ ਆਪਣੇ ਘਰ ਸਾਹਮਣੇ ਲੱਗਿਆ, ਲਾਈਟਾਂ ਵਾਲਾ ਝੂ.ਲਾ ਦਿਖਾਉਂਦਾ ਹੁੰਦਾ ਸੀ। ਹੁਣ ਮੈਨੂੰ ਰਾਮਚੰਦ ਦਾ ਫੋਨ ਤੇ ਲਾਈਟਾਂ ਵਾਲਾ ਝੂਲਾ ਇੱਕੋ ਜਿਹੇ ਲੱਗਦੇ ਨੇ...।

"ਦੇਖ ਪ੍ਰਦੀਪ! ਤੇਰੇ ਘਰ ਦੇ ਸਾਹਮਣੇ ਇੱਕ ਵੀ ਰੁੱਖ ਨਹੀਂ?" ਜਦੋਂ ਉਸ ਨੇ ਇੰਜ ਆਖਿਆ ਸੀ, ਮੈਂ ਲਾਈਟਾਂ ਵਾਲੇ ਝੂਲੇ ਵੱ.ਲ ਇਸ਼ਾਰਾ ਕਰ ਦਿੱਤਾ ਸੀ।

"ਤਰੰਨੁਮ! ਅੱਜ ਰਾਤ ਨੂੰ ਦੇਖੀ ਜਦੋਂ ਇਸ ਉੱਤੇ ਲਾਈਟਾਂ ਜਗੀਆਂ। ਇਹ ਬਹੁਤ ਖ਼ੂਬਸੂਰਤ ਲੱਗਦਾ। " ਮੈਂ ਸੋਚਿਆ ਸੀ ਤਰੰਨੁਮ ਬਹੁਤ ਖੁਸ਼ ਹੋਏਗੀ, ਪਰ ਤਰੰਨੁਮ ਨੇ ਉਦੋਂ ਵੀ ਮੇਰੇ ਅੱਗੇ ਇੱਕ ਹੋਰ ਬੁਝਾਰਤ ਪਾ ਦਿੱਤੀ ਸੀ।

"ਪ੍ਰਦੀਪ! ਚਿੱਟੀ ਚੁੰਨੀ ਚੌ.ਲ ਬੱਝੇ। ਦਿਨੇ ਗੁਆਚੇ ਰਾਤੀਂ ਲੱਭੇ? ਇਹਦਾ ਜਵਾਬ ਦੇ। " ਮੈਂ ਇੱਕ ਦਮ ਚਹਿਕ ਪਿਆ।

"ਤਾਰੇ! ਇਹਦਾ ਜਵਾਬ ਤਾਂ ਬੱਚੇ ਵੀ ਜਾਣਦੇ ਨੇ। "

ਮੈਨੂੰ ਵੀ ਆਪਣਾ ਬਚਪਨ ਯਾਦ ਆ ਗਿਆ ਸੀ ਉਦੋਂ। ਮੈਂ ਰਾਤ ਵੇਲੇ ਵਿਹੜੇ ਵਿੱਚ ਆਪਣੇ ਬਾਪੂ ਨਾਲ ਪਿਆ, ਤਾਰਿਆਂ ਵੱਲ ਦੇਖਦਾ। ਬਾਪੂ ਨੂੰ ਪੁਛਦਾ, "ਬਾਪੂ ਜੀ ਇਹ ਤਾਰੇ ਕਿੱਥੋਂ ਆਉਂਦੇ ਨੇ।" ਬਾਪੂ ਮੇਰੇ ਭੋਲੇ ਜਿਹੇ ਸਵਾਲ ਦਾ ਭੋਲਾ ਜਿਹਾ ਜਵਾਬ ਦਿੰਦਾ, "ਅਸਮਾਨ ਦੀ ਚੰਗੇਰ ਵਿੱਚੋਂ ਆਉਂਦੇ ਨੇ ਤਾਰੇ।" ਮੈਂ ਫੇਰ ਪੁਛਦਾ, "ਕੌਣ ਬਣਾਉਂਦਾ ਏ ਇਨ੍ਹਾਂ ਨੂੰ?" ਉਹ ਆਖਦਾ, "ਕੁਦਰਤ।" ਮੈਂ ਕੁਦਰਤ ਬਾਰੇ ਸੋਚਣ ਲੱਗ ਜਾਂਦਾ। ਇਹ ਕੁਦਰਤ ਕੌਣ ਹੋਈ! ਮੇਰੇ ਮਨ ਵਿੱਚ ਦੀਪੋ ਮਾਈ ਦੀ ਤਸਵੀਰ ਖਬਰੈ ਕਿਉਂ ਬਣ ਗਈ ਸੀ ਉਸ ਪਲ। ਮੈਂ ਉਹਦੀ ਭੱਠੀ 'ਤੇ ਦਾਣੇ ਭੰਨਾਉਣ ਲਈ ਜਾਂਦਾ। ਮੇਰੀ ਵਾਰੀ ਆਉਂਦੀ ਤਾਂ ਦੀਪੋ ਮਾਈ ਅੱਗ ਫਰੋਲਣ ਵਾਲਾ ਖੁਰਚਾ ਮੈਨੂੰ ਦੇ ਕੇ ਆਖਦੀ, "ਚੱਲ ਵੇ ਸੁੱਚੇ ਦਿਆ ਬੱਚਿਆ ਅੱਗ ਡਾਹ।" ਮੈਂ ਖੁਰਚੇ ਨਾਲ ਬਾਲਣ ਭੱਠੀ ਵਿੱਚ ਸੁੱਟਣ ਲੱਗਦਾ। ਮੱਕੀ ਦੇ ਦਾਣੇ ਖਿੜ-ਖਿੜ ਕੜਾਹੀ ਤੋਂ ਬਾਹਰ ਡਿੱਗਦੇ। ਬਾਪੂ ਦੇ ਚੰਗੇਰ ਸ਼ਬਦ ਤੋਂ ਮੈਨੂੰ ਦੀਪੋ ਮਾਈ ਦੀ ਕੜਾਹੀ ਯਾਦ ਆ ਜਾਂਦੀ ਤੇ ਤਾਰਿਆਂ ਨੂੰ ਦੇਖ ਕੇ ਮੱਕੀ ਦੇ ਦਾਣੇ। ਦੀਪੋ ਮਾਈ ਦੀਆਂ ਗੱਲਾਂ ਮੈਨੂੰ ਹੁਣ ਵੀ ਯਾਦ ਆਉਂਦੀਆਂ ਨੇ।

"ਹੁਣ ਕਦੇ ਕੁਦਰਤ ਨੂੰ ਮਾਣਿਆ ਤੂੰ?...ਤਾਰਿਆਂ ਨੂੰ ਦੇਖਦਾ ਏ ਤੂੰ?" ਉਸ ਦਿਨ ਵੀ ਅਗਲਾ ਸਵਾਲ ਇਹੀ ਸੀ ਤਰੰਨੁਮ ਦਾ। ਅੱਜ ਇਸ ਖ਼ਤ ਵਾਂਗ। ਮੈਂ ਦੇਰ ਤੀਕ ਸੋਚਦਾ ਰਿਹਾ ਸਾਂ।

"ਮੈਂ ਆਪਣੀ ਰੀਸਚਰ ਵਿੱਚ ਹੀ ਐਨਾ ਬਿੱਜ਼ੀ ਆਂ ਤਰੰਨੁਮ ਕਿ ਤਾਰਿਆਂ ਦਾ ਕਦੀ ਖ਼ਿਆਲ ਹੀ ਨਹੀਂ ਆਇਆ।" ਮੈਂ ਜਵਾਬ ਦਿੱਤਾ ਸੀ।

"ਕੀ ਖੋਜ ਰਿਹਾ ਏ ਤੂੰ?" ਉਹ ਅਗਲਾ ਸਵਾਲ ਪੁਛਦੀ। ਮੈਂ ਆਪਣੀ ਰੀਸਰਚ ਬਾਰੇ ਉਸ ਨੂੰ ਦੱਸਣ ਲੱਗਦਾ, "ਮੈਂ ਲੋਕ ਗੀਤਾਂ, ਰਸਮਾਂ-ਰਿਵਾਜ਼ਾਂ 'ਤੇ ਕੰਮ ਕਰ ਰਿਹਾ।" ਫਿਰ ਮੈਂ ਅਗਾਂਹ ਦੱਸਣ ਲੱਗਦਾ, "ਤੂੰ ਕਦੇ ਮੇਰੇ ਖਿੱਤੇ ਦੇ ਲੋਕ ਗੀਤ ਸੁਣੇ ਨੇ? ਬਹੁਤ ਮਿੱਠੇ ਨੇ ਸਾਡੇ ਲੋਕ ਗੀਤ। ਮੈਂ ਤੈਨੂੰ ਸੁਣਾਵਾਂਗਾ।" ਮੈਂ ਆਪਣੇ ਪੁਰਖਿਆਂ ਦੇ ਗੀਤਾਂ ਦੀ ਗੱਲ ਛੇੜ ਲਈ। ਮੈਨੂੰ ਸਾਡੇ ਪਿੰਡ ਵਾਲੇ ਮੀਤੇ ਦਾ ਵਿਆਹ ਯਾਦ ਆ ਗਿਆ। ਮੈਂ ਉਨ੍ਹਾਂ ਦਿਨਾਂ 'ਚ ਪਿੰਡ ਗਿਆ ਸੀ। ਸ਼ਾਮ ਨੂੰ ਮੀਤੇ ਹੁਣਾਂ ਵੱਲ ਗਾਉਣ ਬੈਠਣਾ ਸੀ। ਮੈਂ ਲੋਕ ਗੀਤ ਸੁਣਨ ਲਈ ਔਰਤਾਂ ਵਿੱਚ ਜਾ ਕੇ ਬੈਠ ਗਿਆ। ਅੱਧੀ ਰਾਤ ਤੀਕ ਤੀਂਵੀਆਂ ਗੀਤ ਗਾਉਂਦੀਆਂ ਰਹੀਆਂ। ਫਿਰ ਉਹ ਨੱਚ-ਨੱਚ ਬੋਲੀਆਂ ਪਾਉਣ ਲੱਗੀਆਂ।

"ਹੁਣ ਤੇਰੇ ਪੰਜਾਬ ਵਿੱਚ ਐਸੇ ਵਿਆਹ ਨਹੀਂ ਹੁੰਦੇ ਕੋਲ ਤਰੰਨੁਮ ਦੀ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ। ਇਸ ਸਵਾਲ ਤੋਂ ਬਚਣ ਲਈ ਮੈਂ ਹੋਰ ਗੱਲ ਛੇੜ ਲਈ, "ਤੂੰ ਵਿਆਹ ਕਿਵੇਂ ਬਦਲਦੇ ਦੇਖੇ?"

"ਬਿਲਕੁਲ ਜਿਵੇਂ ਤੂੰ ਦੇਖੇ ਹੋਣਗੇ। ਪੈਲੇਸ-ਹੋਟਲ ਆਏ। ਰਿਵਾਜ਼-ਰਸਮਾਂ ਬਦਲੀਆਂ। ਪੰਜਾਬੀ ਆਪਣੀਆਂ ਖੁਸ਼ੀਆਂ ਵਿੱਚ ਨਚਣੋਂ-ਗਾਉਂਣੋ ਹਟੇ। ਡੀ.ਜੇ. ਆਏ। ਨੱਚਣ ਵਾਲੇ ਆਏ। ਉਹ ਤੁਹਾਡੀਆਂ ਖੁਸ਼ੀਆਂ ਵਿੱਚ ਨੱਚਦੇ ਨੇ...ਤੇ ਤੂੰ ਤੁਸੀਂ ਉਨ੍ਹਾਂ ਨੂੰ ਨੱਚਦਿਆਂ ਦੇਖ ਕੇ ਖੁਸ਼ ਹੁੰਦੇ ਹੋ। ਹੁਣ ਤਾਂ ਹੋਰ ਵੀ ਸੌਖਾ ਹੋ ਗਿਆ ਸਾਰਾ ਕੁਝ। ਤੁਹਾਡੀਆਂ ਖੁਸ਼ੀਆਂ ਨੂੰ ਪ.ਲੈਨ ਕਰਨ ਵਾਲੇ ਵੀ ਪੈਸੇ 'ਤੇ ਮਿਲਣ ਲੱਗੇ ਨੇ। ਵੈਡਿੰਗ ਪ.ਲੈਨਰ। ਤੂੰ ਨਹੀਂ ਦੇਖੇ ਇਹ ਬਦਲਾਅ?" ਹਰ ਗੱਲ 'ਤੇ ਸਵਾਲ ਕਰਨਾ ਜਿਵੇਂ ਤਰੰਨੁਮ ਦੀ ਆਦਤ ਸੀ। ਮੈਂ ਹਾਂ ਵਿੱਚ ਬਸ ਸਿਰ ਹਿਲਾਇਆ ਸੀ।

"ਫੇਰ ਤੂੰ ਕੀ ਖੋਜ ਰਿਹਾਂ ਹੈ? ਦੱਸ ਕਿਹੜੇ ਲੋਕ ਗੀਤ ਗਾਏ ਜਾਂਦੇ ਨੇ ਹੁਣ ਪੰਜਾਬੀ ਵਿਆਹਾਂ 'ਤੇ। ਕਿਹੜੇ ਸੁਹਾਗ-ਘੋੜੀਆਂ 'ਤੇ ਤੂੰ ਕੰਮ ਕਰ ਰਿਹਾ ਹੈ? ਰਸਮਾਂ ਜਿਊਂਦੀਆਂ ਨੇ ਅਜੇ ਪੰਜਾਬ ਦੀਆਂ?"

ਕਿੰਨੇ ਸਵਾਲ ਸੀ ਮੇਰੇ ਲਈ ਉਸ ਮੁਲਾਕਾਤ ਵਿਚ। ਮੈਂ ਦੇਰ ਤੀਕ ਸੋਚਦਾ ਰਿਹਾ। ਫਿਰ ਜਾਣ ਲੱਗਿਆਂ ਤਰੰਨੁਮ ਨੇ ਇੱਕ ਨਵਾਂ ਸਵਾਲ ਪਾ ਦਿੱਤਾ, "ਪ੍ਰਦੀਪ! ਮੈਂ ਨਹੀਂ ਚਾਹੁੰਦੀ ਤੂੰ ਤੇ ਮੈਂ, ਆਪਾਂ ਫੋਨ 'ਤੇ ਗੱਲ ਕਰੀਏ। ਤੂੰ ਮੈਨੂੰ ਖ਼ਤ ਲਿਖਿਆ ਕਰੀਂ। ਮੈਨੂੰ ਕੀ, ਹੋਰਾਂ ਦੋਸਤਾਂ ਨੂੰ ਵੀ ਖ਼ਤ ਲਿਖੀਂ।



ਪ੍ਰਦੀਪ!" ਤਰੰਨੁਮ ਨੇ ਜਿਵੇਂ ਫ਼ਿਕਰ ਜਿਹੇ ਨਾਲ ਆਖਿਆ, "ਪ੍ਰਦੀਪ ਮੈਂ ਜਦੋਂ ਪੰਜਾਬ ਆਈ ਸਾਂ ਨਾ ਆਪਣੇ ਪਿਤਾ ਨਾਲ, ਉਸ ਤੋਂ ਲੈ ਕੇ ਹੁਣ ਤੀਕ ਕਿੰਨਾ ਕੁਝ ਮੈਂ ਖ਼ੁਦ ਬਦਲਦਾ ਦੇਖ ਲਿਆ। ਮੈਨੂੰ ਉਦੋਂ ਪੰਜਾਬੀ ਨਹੀਂ ਸੀ ਆਉਂਦੀ। ਮੈਂ ਇੱਥੇ ਆ ਕੇ ਸਿੱਖੀ। ਪਰ ਹੁਣ ਤੁਹਾਡੀ ਨਵੀਂ ਪੀੜ੍ਹੀ ਨੂੰ ਪੰਜਾਬੀ ਨਹੀਂ ਆਉਂਦੀ। ਹੈ ਨਾ ਅਜੀਬ ਗੱਲ? ਕਹਿੰਦੇ ਨੇ ਪੰਜਾਬ ਦੇ ਕੁਝ ਸਕੂਲ ਪੰਜਾਬੀ ਬੋਲਣ 'ਤੇ ਜ਼ੁਰਮਾਨਾ ਕਰਨ ਲੱਗੇ ਨੇ...।"

"ਹਾਂ ਮੈਂ ਸੁਣਿਆ ਹੈ!" ਮੈਂ ਆਪਣੇ ਗਿਆਨ ਦੀ ਜਿਵੇਂ ਪੁਸ਼ਟੀ ਕੀਤੀ ਹੋਵੇ; ਪਰ ਉਦੋਂ ਹੀ ਤਰੰਨੁਮ ਨੇ ਨਵਾਂ ਸਵਾਲ ਛੇੜ ਲਿਆ, "ਜਦ ਸੁਣਿਆ ਸੀ, ਉਦੋਂ ਕਿਉਂ ਨਾ ਬੋਲਿਆ ਤੂੰ?...ਇਹ ਗੱਲ ਤੇਰੀ ਮਾਂ ਬੋਲੀ ਦੇ ਕਿਸੇ ਵੀ ਤਰ੍ਹਾਂ ਹੱਕ ਵਿੱਚ ਨਹੀਂ ਹੈ। ਕੀ ਤੈਨੂੰ ਇਸ ਦਾ ਫ਼ਿਕਰ ਨਹੀਂ?"

"ਪਰ ਮੈਂ ਕੀ ਕਰ ਸਕਦਾ ਤਰੰਨੁਮ?" ਮੈਂ ਉਸਦੇ ਸਵਾਲ 'ਤੇ ਹੈਰਾਨ ਸਾਂ।

"ਤੂੰ ਹੀ ਤਾਂ ਕਰ ਸਕਦਾ ਹੈ। ਕੀ ਉਮੀਦ ਹੈ ਤੈਨੂੰ...ਤੇਰੀ ਮਾਂ ਬੋਲੀ ਲਈ ਕੋਈ ਹੋਰ ਆ ਕੇ ਲੜੇਗਾ? ਤੂੰ ਤੁਰਦਾ ਤਾਂ ਸਹੀ। ਸ਼ਾਇਦ ਕਾਫਿਲਾ ਬਣ ਜਾਂਦਾ।" ਮੇਰੇ ਇਉਂ ਲਫਜ਼ ਜਿਊਂਦੇ ਰਹਿ ਸਕਣਗੇ। ਤੇਰੀ ਜ਼ੁਬਾਨ ਦੇ ਸ਼ਬਦ ਜਿਊਂਦੇ ਰਹਿ ਸਕਣਗੇ। ਕਿੰਨਾ ਤਾਂ ਟੁੱਟ ਗਏ ਹਾਂ ਅਸੀਂ ਲਫਜ਼ਾਂ ਨਾਲੋਂ। ਅਸੀਂ ਕਿਤਾਬਾਂ ਨਹੀਂ ਪੜ੍ਹਦੇ...ਗੱਲਾਂ ਨਹੀਂ ਕਰਦੇ...ਸੁਪਨੇ ਨਹੀਂ ਬੁਣਦੇ...ਟਾਰਗੈੱਟ ਮਿੱਥਦੇ ਹਾਂ...।"

ਉਹ ਜਿਵੇਂ ਕਵੀਆਂ ਵਾਂਗ ਗੱਲਾਂ ਕਰਨ ਲੱਗੀ ਸੀ। ਮੈਂ ਉਸ ਨਾਲ ਖ਼ਤ ਲਿਖਣ ਦਾ ਵਾਅਦਾ ਕੀਤਾ। ਪਹਿਲਾ ਖ਼ਤ ਮੈਂ ਲਿਖਿਆ ਸੀ ਤਰੰਨੁਮ ਨੂੰ। ਗੁਰਮੁਖੀ ਲਿਪੀ ਵਿੱਚ ਕੰਪਿਊਟਰ 'ਤੇ ਟਾਈਪ ਕਰਦਿਆਂ ਮੈਨੂੰ ਕਿੰਨੇ ਵਰ੍ਹੇ ਪਹਿਲਾਂ ਦੀਆਂ ਗੱਲਾਂ ਯਾਦ ਆਉਣ ਲੱਗੀਆਂ। ਪਿੰਡ ਰਹਿੰਦਿਆਂ ਨੂਰੀ ਭਾਬੀ ਖ਼ਤ ਲਿਖਵਾਇਆ ਕਰਦੀ ਸੀ ਮੈਥੋਂ, ਆਪਣੇ ਫੌਜੀ ਪਤੀ ਨੂੰ। ਉਹ ਕੰਧ ਉਤੋਂ ਹਾਕ ਮਾਰਦੀ। ਮੇਰੀ ਮਾਂ ਨੂੰ ਆਖਦੀ, "ਚਾਚੀ ਪ੍ਰਦੀਪ ਨੂੰ ਭੇਜੀ ਤਾਂ ਜ਼ਰਾ। ਇਹਦੇ ਵੀਰ ਦੀ ਚਿੱਠੀ ਆਈ। ਪੜ੍ਹ ਕੇ ਸੁਣਾ ਜਾਊ। ਨਾਲੇ ਜੁਆਬ ਲਿਖ ਜਾਊ।" ਮੈਂ ਚਿੱਠੀਆਂ ਪੜ੍ਹਦਾ ਰਿਹਾ। ਚਿੱਠੀਆਂ ਲਿਖਦਾ ਰਿਹਾ। ਚਿੱਠੀ ਲਿਖਦਿਆਂ ਮੈਨੂੰ ਸਕੂਲ ਸਿਲੇਬਸ ਵਿੱਚ ਪੜ੍ਹੀ ਮੋਹਨ ਭੰਡਾਰੀ ਦੀ ਕਹਾਣੀ 'ਬਾਕੀ ਸਭ ਸੁੱਖ ਸਾਂਦ' ਯਾਦ ਆ ਜਾਂਦੀ। ਫਿਰ ਜਦੋਂ ਸਾਡੇ ਘਰ ਟੈਲੀਫੋਨ ਲੱਗਿਆ, ਨੂਰੀ ਭਾਬੀ ਦਾ ਫੋਨ ਸਾਡੇ ਘਰ ਆਉਣ ਲੱਗਿਆ। ਜਦੋਂ ਭਾਬੀ ਦਾ ਫੋਨ ਆਉਂਦਾ ਮੈਂ ਕੰਧ ਉਤੋਂ ਦੀ ਭਾਬੀ ਨੂੰ ਹਾਕ ਮਾਰਦਾ। ਪਹਿ.ਲੇ ਖ਼ਤ ਦੇ ਜੁਆਬ ਵਿੱਚ ਤਰੰਨੁਮ ਨੇ ਅਖੀਰ ਵਿੱਚ ਇਹ ਵੀ ਲਿਖਿਆ ਸੀ ਕਿ ਤੇਰਾ ਖ਼ਤ ਪੜ੍ਹ ਕੇ ਚੰਗਾ ਲੱਗਿਆ ਪਰ ਕਾਸ਼! ਤੂੰ ਟਾਈਪ ਕਰਨ ਦੀ ਥਾਂ ਖ਼ਤ ਹੱਥ ਨਾਲ ਲਿਖਿਆ ਹੁੰਦਾ। ਲਫਜ਼ਾਂ ਦਾ ਸਤਿਕਾਰ ਦੂਣਾ ਹੋ ਜਾਂਦਾ। ਉਸੇ ਸ਼ਾਮ ਮੈਂ ਕਾਗਜ਼ ਤੇ ਸੋਹਣੇ ਸੋਹਣੇ ਪੈੱਨ ਖਰੀਦ ਲਿਆਇਆ। ਗੁਲਾਬੀ ਕਾਗਜ਼। ਅਸੀਂ ਗੁਲਾਬੀ ਕਾਗਜ਼ਾਂ 'ਤੇ ਖ਼ਤ ਲਿਖਦੇ।

"ਇਹ ਸੂਹੇ ਰੰਗ ਮੁਹੱਬਤਾਂ ਦੇ ਪ੍ਰਤੀਕ ਨੇ ਪ੍ਰਦੀਪ!" ਤਰੰਨੁਮ ਰੰਗਾਂ ਦੀ ਬਾਤ ਛੇੜ ਲੈਂਦੀ, "ਤਾਂਹੀ ਰੱਖੜੀ ਦੇ ਧਾਗੇ ਵਿੱਚ ਰੰਗ ਹੁੰਦੇ ਨੇ। ਲਾੜੇ ਨੂੰ ਸੂਹੇ ਰੰਗ ਦੀ ਪੱਗ ਬੰਨ੍ਹੀ ਜਾਂਦੀ ਤੇ ਲਾੜੀ ਲਈ ਗੂੜ੍ਹੇ ਰੰਗ ਦਾ ਸੂਟ ਹੁੰਦਾ। ਮਾਤਮ 'ਤੇ ਤਾਂਹੀ ਤਾਂ ਰੰਗ ਨਹੀਂ ਪਾਏ ਜਾਂਦੇ।" ਉਹਦੀਆਂ ਇਹੀ ਗੱਲਾਂ ਸੁਣ ਕੇ ਮੈਂ ਰੰਗ-ਬਰੰਗੀਆਂ ਲਾਈਟਾਂ ਵਾਲੇ ਝੂਲੇ ਵੱਲ ਇਸ਼ਾਰਾ ਕੀਤਾ ਸੀ। ਆਖਿਆ ਸੀ, "ਮੈਨੂੰ ਵੀ ਹਨ੍ਹੇਰੇ ਵਿੱਚ ਇਹਦੇ ਰੰਗ ਬਹੁਤ ਖ਼ੂਬਸੂਰਤ ਲੱਗਦੇ ਨੇ...।" ਪਰ ਤਰੰਨੁਮ ਨੇ ਹੋਰ ਕਥਾ ਛੇੜ ਲਈ। ਉਹ ਕੁਦਰਤ ਦਾ ਫ਼ਿਕਰ ਕਰਨ ਲੱਗੀ।

"ਪਰ ਤੇਰੇ ਘਰ ਦੇ ਸਾਹਮਣੇ ਇੱਕ ਵੀ ਰੁੱਖ ਨਹੀਂ ਹੈ। ਪੰਛੀ ਕਿੱਥੇ ਬੈਠਣਗੇ? ਪੰਛੀਆਂ ਬਿਨਾ ਤੈਨੂੰ ਸੁੰਨਾ ਨਹੀਂ ਲੱਗਦਾ ਤੇਰਾ ਆਲਾ-ਦੁਆਲਾ?" ਤਰੰਨੁਮ ਦੇ ਦੱਸਿਆ, ਮੈਨੂੰ ਯਾਦ ਆਇਆ। ਆਲੇ-ਦੁਆਲੇ ਵਿੱਚ ਪੰਛੀ ਵੀ ਹੁੰਦੇ ਨੇ। ...ਤੇ ਨਾਲ ਹੀ ਮੈਨੂੰ ਯਾਦ ਆਇਆ। ਪਿਛਲੀ ਵਾਰ ਜਦੋਂ ਮੈਂ ਪਿੰਡ ਗਿਆ ਸਾਂ। .ਲੰਬੜਾ ਦੇ ਖੇਤ ਟਾਹਲੀ ਦਾ ਸਭ ਪੁਰਾਣਾ ਰੁੱਖ ਕੱਟਿਆ ਜਾ ਰਿਹਾ ਸੀ। ਉਸ ਰੁੱਖ ਵਾਲੀ ਥਾਂ 'ਤੇ ਟਾਵਰ ਲੱਗਣਾ ਸੀ। ਬੁੜ੍ਹੇ ਮੋੜਾਂ 'ਤੇ ਬੈਠੇ ਗੱਲਾਂ ਕਰਦੇ। ਪੰਛੀਆਂ ਦੇ ਨਾ ਹੋਣ ਦੀਆਂ ਗੱਲਾਂ। ਰੁੱਖਾਂ ਦੇ ਕੱਟੇ ਜਾਣ ਦੀਆਂ ਗੱਲਾਂ। ਕੋਈ ਜਾਣਕਾਰ ਬੁੜ੍ਹਾ ਪੁਛਦਾ, "ਯਾਰ ਕਹਿੰਦੇ ਰੁੱਖਾਂ ਨਾਲ ਬੰਦੇ ਨੂੰ ਸਾਹ ਆਉਂਦਾ ਫੇਰ ਸਹੁਰੀ ਦੇ ਰੁੱਖ ਕੱਟ-ਕੱਟ ਆਹ ਟਾਵਰ ਜਿਹੇ ਕਿਉਂ ਲਾਈ ਜਾਂਦੇ?"

"ਬਾਬਾ ਹੁਣ ਬੰਦੇ ਨੂੰ ਫੋਨਾਂ ਬਿਨ ਸਾਹ ਨਹੀਂ ਆਉਂਦਾ ਟਾਵਰਾਂ ਦੀ ਲੋੜ ਤਾਂ ਪੈਂਦੀ। ਬਾਕੀ ਆਕਸੀਜਨ ਤਾਂ ਭਾਵੇਂ ਮੁੱਲ ਲੈ ਲਓ। ਖੜ੍ਹ ਜਾ ਦੋ ਚਾਰ ਵਰ੍ਹੇ ਤੇਰੇ ਵਰਗਿਆਂ ਆਕਸੀਜਨ ਵਾਲਾ ਢੋਲ ਲੱਕ ਨਾਲ ਬੰਨ੍ਹਿਆ ਹੋਇਆ ਕਰਨਾ ਦੇਖੀਂ। ਰਸੋਈ ਗੈਸ ਵਾਂਗੂੰ ਮਿਲਿਆ ਕਰਨੇ ਆਕਸੀਜਨ ਦੇ ਸਿਲੰਡਰ।"

ਮੈਨੂੰ ਤਰੰਨੁਮ ਦੀ ਗੱਲ ਨਾਲ ਯਾਦ ਆਇਆ ਸੀ ਖ਼ਬਰੇ ਉਸ ਦਿਨ ਟਾਹਲੀ ਉਤੇ ਵੱਸਦੇ ਕਿੰਨੇ ਪੰਛੀ ਉਜੜੇ ਹੋਣ। ਇੱਕ ਪਲ ਲਈ ਮੈਨੂੰ ਟੁੱਟੇ ਹੋਏ ਆਲ੍ਹਣੇ ਦਿਸਣ ਲੱਗੇ।

"ਤੈਨੂੰ ਪਤਾ ਹੈ ਪ੍ਰਦੀਪ, ਬੰਦਾ ਆਪਣੇ ਉਜਾੜੇ ਦੀ ਤਿਆਰੀ ਆਪ ਕਰਦਾ ਪਿਆ। ਤੇਰੇ ਪੰਜਾਬ ਦਾ ਹੀ ਇੱਕ ਸ਼ਹਿਰ ਕੈਂਸਰ ਦੀ ਰਾਜਧਾਨੀ ਵਜੋਂ ਜਾਣਿਆ ਜਾਣ ਲੱਗਾ। ਪਾਣੀ, ਜਿਸਨੂੰ ਤੇਰੇ ਗੁਰੂਆਂ ਦੀ ਬਾਣੀ ਵਿੱਚ ਪਿਤਾ ਦਾ ਦਰਜਾ ਦਿੱਤਾ ਗਿਆ ਹੈ, ਉਹ ਹੁਣ ਪੀਣ ਲਾਇਕ ਨਹੀਂ ਰਿਹਾ। ਹਵਾ ਸਾਹ ਲੈਣ ਲਾਇਕ ਨਹੀਂ ਰਹੀ। ਦੱਸ ਕੀ ਬਚਿਆ ਪਿਛੇ?...ਤੁਸੀਂ ਆਪਣੀ ਔਲਾਦ ਲਈ ਘਰ-ਜਾਇਦਾਤ ਬਚਾਉਂਦੇ ਹੋ, ਕਦੇ ਕੁਦਰਤ ਬਚਾਉਣ ਬਾਰੇ ਨਹੀਂ ਸੋਚਿਆ?" ਤਰੰਨੁਮ ਦੀ ਗੱਲ ਸੁਣਦਿਆਂ ਮੇਰੇ ਜ਼ਹਿਨ ਵਿੱਚ ਬਾਬੇ ਨਾਨਕ ਦੀ ਤਸਵੀਰ ਬਣਨ ਲੱਗੀ। ਮਰਦਾਨੇ ਦੀ ਪਿਆਸ ਬੁਝਾਉਣ ਲਈ, ਵਲ੍ਹੀ ਕੰਧਾਰੀ ਨੂੰ ਰਾਹੇ ਪਾਉਂਦਾ ਬਾਬਾ ਨਾਨਕ।

"ਅਸੀਂ ਲੋਕਾਂ ਨੂੰ ਰਾਹੇ ਪਾਉਣ ਲਈ ਸੰਸਥਾ ਬਣਾਵਾਂਗੇ ਤਰੰਨੁਮ। ਪੰਜ-ਆਬ ਨਾਮ ਰੱਖਾਂਗੇ ਉਸਦਾ। ਰੁੱਖਾਂ, ਪੰਛੀਆਂ, ਪਾਣੀ ਦੀ ਸੰਭਾਲ ਦੀ ਖਾਤਿਰ ਕੰਮ ਕਰਾਂਗੇ। ਸਾਡੀ ਅਗਲੀ ਪੀੜ੍ਹੀ ਲਈ ਅਸੀਂ ਕੁਦਰਤ ਬਚਾਵਾਗੇ।" ਮੈਂ ਤਰੰਨੁਮ ਨਾਲ ਵਾਅਦਾ ਕੀਤਾ। ਅਸੀਂ ਗੱਲਾਂ ਕਰਦੇ ਪਏ ਸਾਂ। ਉਦੋਂ ਹੀ ਉਸ ਪਲ ਮੋਬਾਇਲ ਦੀ ਘੰਟੀ ਵੱਜੀ। ਪਿੰਡੋਂ ਫੋਨ ਸੀ। ਝੋਨੇ ਨੂੰ ਸਪਰੇਅ ਕਰਦਿਆਂ, ਬਾਪੂ ਨੂੰ ਜ਼ਹਿਰ ਚੜ੍ਹ ਗਈ ਸੀ। ਮੈਂ ਤਰੰਨੁਮ ਨੂੰ ਬਾਪੂ ਬਾਰੇ ਦੱਸਿਆ।

"ਪ੍ਰਦੀਪ! ਇਨ੍ਹਾਂ ਜ਼ਹਿਰਾਂ ਨੇ ਬੰਦੇ ਦਾ ਕਿੰਨਾ ਨੁਕਸਾਨ ਕਰਨਾ ਅਜੇ, ਤੂੰ ਸੋਚ ਕੇ ਤਾਂ ਦੇਖ। ਪੰਜਾਬ ਵਿੱਚ ਅਨਾਜ ਦਾ ਇੱਕ ਵੀ ਦਾਣਾ ਐਸਾ ਨਹੀਂ, ਜੋ ਇਨ੍ਹਾਂ ਜ਼ਹਿਰਾਂ ਦੇ ਅਸਰ ਤੋਂ ਮੁਕਤ ਹੋਵੇ।" ਮੈਂ ਪਿੰਡ ਨੂੰ ਆਉਂਦਾ। ਬੱਸ ਵਿੱਚ ਬੈਠਾ ਸਾਰੇ ਰਸਤੇ ਇਹੀ ਸੋਚਦਾ ਰਿਹਾ ਕਿ ਬੰਦਾ ਕਿਸ ਕਿਸ ਚੀਜ਼ ਨੂੰ ਬਚਾ ਸਕਦਾ ਹੈ?...ਨਾ ਨਸਲਾਂ ਬਚੀਆਂ, ਨਾ ਫਸਲਾਂ। ਘਰ ਆਇਆ ਤਾਂ ਬਾਪੂ ਮੰਜੇ 'ਤੇ ਪਿਆ ਸੀ। ਮੈਂ ਬਾਪੂ ਦਾ ਹਾਲ ਪੁਛਿਆ, ਪਰ ਉਹ ਸਪਰੇਅ ਦਾ ਫ਼ਿਕਰ ਲੈ ਕੇ ਬੈਠ ਗਿਆ, "ਸ਼ਾਮ ਨੂੰ ਵਿਹੜੇ 'ਚੋਂ ਬੰਦਾ ਲੱਭ ਕੇ ਕੋਈ, ਕਰਾ ਦੇ ਸਪਰੇਅ। ਲੇਟ ਹੋਈ ਜਾਂਦੀ ਯਾਰ! ਪੱਤੇ ਖੱਟੇ ਜਿਹੇ ਹੋਏ ਪਏ।"

"ਮੈਨੂੰ ਤੇਰਾ ਚਿਹਰਾ ਖੱਟਾ ਲੱਗੀ ਜਾਂਦਾ ਬਾਪੂ, ਤੈਨੂੰ ਸਪਰੇਅ ਦੀ ਪਈ। ਜ਼ਹਿਰਾਂ ਪਾਈ ਜਾਂਦੇ ਹੋ ਫ਼ਸਲਾਂ 'ਤੇ, ਆਰਗੇਨਿਕ ਖੇਤੀ ਕਿਉਂ ਨਹੀਂ ਅਪਣਾਉਂਦੇ ਤੁਸੀਂ?"

⇒ ***ਬਾਕੀ ਅਗਲੇ ਸਫੇ ਉਤੇ ਪੜ੍ਹੋ***

## ਨਜ਼ਰੀਆ

# ਸ਼ਾਦਮਾਨ ਚੌਕ ਵਿੱਚੋਂ ਉਪਜੀ ਸੋਚ

**ਸੁਖਪਾਲ ਸਿੰਘ ਗਿੱਲ ਅਬਿਆਣਾ ਕਲਾਂ**
**ਫੋਨ: +91-9878111445**

ਸਮਾਜ ਦੇ ਦਬੇ ਕੁਚਲੇ ਲੋਕਾਂ ਨੂੰ ਹਰ ਖੇਤਰ ਵਿੱਚ ਬਰਾਬਰ ਕਰਨਾ ਹੀ ਕ੍ਰਾਂਤੀ ਹੁੰਦੀ ਹੈ। ਸੱਚਾ ਦੇਸ਼ ਭਗਤ ਇਹੀ ਸੁਪਨੇ ਲੈਂਦਾ ਹੈ। ਅਜਿਹੇ ਵਿਅਕਤੀ ਮੌਤ ਨੂੰ ਗਲਵੱਕੜੀ ਪਾ ਕੇ ਪਿਛਲਿਆਂ ਨੂੰ ਮਾਰਗਦਰਸ਼ਕ ਰੂਪੀ ਸੱਚਾ ਖਜ਼ਾਨਾ ਸੌਂਪ ਜਾਂਦੇ ਹਨ। ਇਹ ਲੋਕ ਦੇਸ਼ ਵਿੱਚ ਸਭ ਦੇ ਸਾਂਝੇ ਹੁੰਦੇ ਹਨ। ਅੰਗਰੇਜ਼ ਦੀ ਭਾਰਤੀਆਂ ਪ੍ਰਤੀ ਤਾਨਾਸ਼ਾਹੀ ਨੀਤੀ ਅਤੇ ਨਜ਼ਰੀਏ ਨੇ ਭਗਤ ਸਿੰਘ ਸਰਦਾਰ ਨੂੰ ਕ੍ਰਾਂਤੀਕਾਰੀ ਇਬਾਰਤ ਲਿਖਣ ਲਈ ਮਜਬੂਰ ਕੀਤਾ ਸੀ। ਜਦੋਂ ਤਾਨਾਸ਼ਾਹੀ ਦਾ ਰਵੱਈਆ ਆਮ ਹੋ ਜਾਵੇ ਤਾਂ ਆਮ ਲੋਕ ਸਤਾਏ ਹੋਏ ਕ੍ਰਾਂਤੀ ਨੂੰ ਅਧਿਕਾਰ ਸਮਝਦੇ ਹਨ। ਕ੍ਰਾਂਤੀ ਦੇ ਨਾਲ ਸੱਤਾ ਅਤੇ ਸਮਾਜਿਕ ਤਬਦੀਲੀਆਂ ਦੀ ਲਹਿਰ ਪੈਦਾ ਹੁੰਦੀ ਹੈ, ਜੋ ਢਾਂਚੇ ਅੰਦਰ ਇਨਕਲਾਬ 'ਤੇ ਜਾ ਕੇ ਰੁਕਦੀ ਹੈ। ਫਿਰ ਇਨਕਲਾਬ ਜ਼ਿੰਦਾਬਾਦ ਹੁੰਦਾ ਹੈ। ਇਸ ਵਰਤਾਰੇ ਨੇ ਭਗਤ ਸਿੰਘ ਨੂੰ ਇਨਕਲਾਬ ਬਾਰੇ ਸਮੇਂ ਦੇ ਘਟਨਾਕ੍ਰਮ ਵਿੱਚੋਂ ਇਹ ਸ਼ਬਦ ਲਿਖਣ ਲਈ ਮਜਬੂਰ ਕੀਤਾ, "ਜਨਤਾ ਦੀ ਭੀੜ ਦਾ, ਜਨਤਾ ਦੀ ਭੀੜ ਉੱਤੇ ਰਾਜ਼ ਕਰਨ ਲਈ ਸੱਤਾ 'ਤੇ ਕਬਜਾ ਕਰਨਾ ਹੀ ਇਨਕਲਾਬ ਹੈ।"

ਹਰ ਮਾਂ-ਪਿਓ ਆਪਣੀ ਔਲਾਦ ਦੀ ਖੁਸ਼ਹਾਲੀ ਲੋਚਦਾ ਹੈ, ਪਰ ਜੇ ਔਲਾਦ ਜਮਾਂਦਰੂ ਹੀ ਇਨਕਲਾਬੀ ਹੋਵੇ ਤਾਂ ਮੰਜ਼ਲ ਮਾਂ-ਪਿਓ ਦੀ ਸੋਚ ਦੇ ਉਲਟ ਹੋ ਜਾਂਦੀ ਹੈ। ਇੱਥੇ ਤਾਂ ਮਾਂ-ਪਿਓ, ਚਾਚੇ ਸਭ ਇਨਕਲਾਬੀ ਗੁੜ੍ਹਤੀ ਦੇਣ ਵਾਲੇ ਹੀ ਸਨ। ਸ਼ਹੀਦ ਦੇਸ਼ ਲਈ ਆਪਾ ਵਾਰ ਕੇ ਜੀਵਨ ਦੇ ਆਨੰਦ ਨੂੰ ਤਿਆਗ ਕੇ ਹੀ ਕੌਮੀ ਪਰਵਾਨੇ ਬਣ ਕੇ ਗੁਲਾਮੀ ਦੀ ਜ਼ੰਜ਼ੀਰ ਨੂੰ ਪੁੱਟ ਸੁੱਟਦੇ ਹਨ। ਮਾਪਿਆਂ ਦੀ ਮੋਹ ਭਿੱਜੀ ਦਾਸਤਾਨ ਕਰਕੇ 1924 ਵਿੱਚ ਭਗਤ ਸਿੰਘ ਸਰਦਾਰ ਉੱਤੇ ਸਾਕ ਸੰਬੰਧੀਆਂ ਅਤੇ ਘਰ ਵਾਲਿਆਂ ਨੇ ਵਿਆਹ ਲਈ ਜ਼ੋਰ ਪਾਇਆ, ਪਰ ਤਸਵੀਰ ਆਪਣਾ ਰੁੱਖ ਬਦਲਦੀ ਗਈ। ਬਚਪਨ ਵਿੱਚ ਭਗਤ ਸਿੰਘ ਨੇ ਆਪਣੇ ਪਿਤਾ ਨੂੰ ਕਿਹਾ ਸੀ ਕਿ "ਅਸੀਂ ਖੇਤਾਂ ਵਿੱਚ ਅਨਾਜ ਦੀ ਜਗ੍ਹਾ ਬੰਦੂਕਾਂ ਕਿਉਂ ਨਹੀਂ ਬੀਜਦੇ, ਜਿਸ ਨਾਲ ਦੇਸ਼ ਆਜ਼ਾਦ ਹੋਵੇਗਾ।" ਇਸ ਮਾਸੂਮੀਅਤ ਭਰੀ ਆਵਾਜ਼ ਨੇ ਭਗਤ ਸਿੰਘ ਦੇ ਇਰਾਦੇ ਬਚਪਨ ਵਿੱਚ ਹੀ ਲਿਖ ਦਿੱਤੇ ਸਨ। 28 ਸਤੰਬਰ 2007 ਤੋਂ 30 ਮਾਰਚ 1931 ਤੱਕ ਜੀਵਨ ਦੇ ਪੰਧ ਦੌਰਾਨ ਇਸ ਜਾਗਦੀ ਅਤੇ ਜਗਦੀ ਸੋਚ ਨੇ ਗੁਲਾਮੀ ਦੇ ਖਾਤਮੇ ਦੀ ਨੀਂਹ ਰੱਖ ਕੇ ਤਿੰਨ ਸੰਦੇਸ਼ ਦਿੱਤੇ।

ਮਾਪਿਆਂ ਦੇ ਚਾਅ ਮਲਾਰ ਵਿਆਹ ਦੇ ਮੌਕੇ ਨੂੰ ਲਾੜੀ ਮੌਤ ਨਾਲ ਵਿਆਹੁਣ ਦਾ ਸੰਦੇਸ਼ ਦੇ ਕੇ ਨਾਗਮਣੀ 1998 ਵਿੱਚ ਛਪੀ ਮੇਲਾਰਾਮ ਤਾਇਰ ਦੀ ਘੋੜੀ ਅਨੁਸਾਰ ਇੱਕ ਨਿਵੇਕਲੀ ਪਰਿਭਾਸ਼ਾ ਦਿੱਤੀ,

"ਆਓ ਨੀ ਭੈਣੋ ਚੱਲ ਗਾਈਏ ਨੀ ਘੋੜੀਆਂ
ਜੰਞ ਤੇ ਹੋਈ ਤਿਆਰ ਵੇ ਹਾਂ,
ਮੌਤ ਕੁੜੀ ਪ੍ਰਨਾਵਣ ਚੱਲਿਆ
ਦੇਸ਼ ਭਗਤ ਸਰਦਾਰ ਵੇ ਹਾਂ,
ਹੰਝੂਆਂ ਦੇ ਪਾਣੀ ਭਰੋ ਨੀ ਘੜੋਲੀ
ਬੈਠੇ ਤਾਂ ਪੈਰਾਂ ਦੇ ਭਾਰ ਵੇ ਹਾਂ,
ਫਾਂਸੀ ਦੇ ਤਖਤੇ ਨੂੰ ਖਾਰਾ ਬਣਾ ਕੇ
ਉਹ ਬੈਠਾ ਜੇ ਚੌਂਕੜੀ ਮਾਰ ਵੇ ਹਾਂ,
ਫਾਂਸੀ ਦੀ ਟੋਪੀ ਉਨ੍ਹੇ ਸਿਰ 'ਤੇ ਸਜਾਈ
ਸਿਹਰਾ ਤਾਂ ਝਾਲਰਦਾਰ ਵੇ ਹਾਂ,
ਜੰਡੀ ਤਾਂ ਵੱਢੀ ਲਾੜੇ ਜ਼ੋਰ ਜ਼ੁਲਮ ਦੀ
ਜਬਰਾਂ ਦੀ ਮਾਰੀ ਤਲਵਾਰ ਵੇ ਹਾਂ,
ਰਾਜਗੁਰੂ ਸੁਖਦੇਵ ਸਰਬਾਹਲੇ
ਲਾੜਾ ਤੇ ਬੈਠਾ ਵਿਚਕਾਰ ਵੇ ਹਾਂ,
ਵਾਗ ਫੜਾਈ ਜਿਨ੍ਹਾਂ ਭੈਣਾਂ ਨੇ
ਭੈਣਾਂ ਦਾ ਕੀਤਾ ਹੁਦਾਰ ਵੇ ਹਾਂ,
ਹਰੀ ਕ੍ਰਿਸ਼ਨ ਉਹਦਾ ਬਣਿਆ ਸਾਂਢੂ
ਢੁੱਕੇ ਤਾਂ ਢੁੱਕੇ ਇੱਕੋ ਵਾਰ ਵੇ ਹਾਂ,
ਪੈਂਤੀ ਕਰੋੜ ਤੇਰੇ ਜਾਂਝੀ ਵੇ ਲਾੜਿਆ
ਪੈਦਲ ਤੇ ਕਈ ਅਸਵਾਰ ਵੇ ਹਾਂ,
ਕਾਲੀਆਂ ਪੁਸ਼ਾਕਾਂ ਪਾ ਕੇ ਜੰਞ ਜੁ ਢੁੱਕੀ
ਤਾਇਰ ਵੀ ਹੋਇਆ ਤਿਆਰ ਵੇ ਹਾਂ।"

ਬੰਦੂਕ ਤੋਂ ਬਾਅਦ ਕਲਮ ਅਤੇ ਕਿਤਾਬ ਚੁੱਕਣ ਦਾ ਸੰਦੇਸ਼ ਦੇ ਕੇ ਇੱਕ ਨਵੀਂ ਚੇਤਨਾ ਲਹਿਰ ਪੈਦਾ ਕੀਤੀ। ਇਸ ਨਾਲ ਆਪਣੀ ਇਨਕਲਾਬੀ ਸੋਚ ਦਾ ਸੁਨੇਹਾ ਦੇ ਕੇ ਨੌਜਵਾਨੀ ਨੂੰ ਦੇਸ਼-ਭਗਤੀ ਦਾ ਸਬਕ ਦਿੱਤਾ,

"ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ,
ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰੁਲਾਇਓ।"

ਇਹ ਵੀ ਦਰਸਾਇਆ ਕਿ ਖ਼ੂਨ ਨਾਲ ਲਿਖਿਆ ਦੇਸ਼ ਦਾ ਇਤਿਹਾਸ ਕਾਗਜ਼ ਅਤੇ ਸਿਆਹੀ ਨਾਲ ਲਿਖੇ ਇਤਿਹਾਸ ਤੋਂ ਵੱਧ ਇਨਕਲਾਬੀ ਅਤੇ ਨੈਤਿਕ ਨਾਬਰੀ ਦਾ ਪ੍ਰਤੀਕ ਹੁੰਦਾ ਹੈ। ਇਸ ਇਤਿਹਾਸ ਦੀ ਪਹਿਚਾਣ ਮਘਦੇ ਸੂਰਜ, ਚਮਕਦੇ ਚੰਨ ਅਤੇ ਰਹਿੰਦੀ ਦੁਨੀਆ ਤੱਕ ਲਿਸ਼ਕ ਮਾਰਦੀ ਰਹਿੰਦੀ ਹੈ। ਨੌਜਵਾਨੀ ਦਾ ਮਾਰਗ ਦਰਸ਼ਕ ਕਰਕੇ ਜਜ਼ਬੇ ਅਤੇ ਇਨਕਲਾਬ ਦਾ ਸੰਚਾਰ ਵੀ ਖ਼ੂਨੀ ਇਤਿਹਾਸ ਹੀ ਕਰਦਾ ਹੈ, ਇਸੇ ਕਰਕੇ ਨੌਜਵਾਨੀ ਭਗਤ ਸਿੰਘ ਸਰਦਾਰ ਤੋਂ ਪ੍ਰੇਰਿਤ ਹੁੰਦੀ ਹੈ। ਦੇਸ਼ ਕੌਮ ਲਈ ਮਰ-ਮਿਟਣ ਅਤੇ ਅਮਰ ਹੋਣ ਲਈ ਤਿਆਰ ਰਹਿੰਦੀ ਹੈ।

"ਦਿਲ ਸੇ ਨਾ ਨਿਕਲੇਗੀ ਮਰ ਕਰ ਵੀ ਉਲਫ਼ਤ,
ਮੇਰੀ ਮਿੱਟੀ ਮੇ ਭੀ ਖ਼ੁਸ਼ਬੂ-ਏ-ਵਤਨ ਆਏਗੀ।"

ਸਰਦਾਰ ਭਗਤ ਸਿੰਘ ਦਾ ਦੇਸ਼ ਪ੍ਰੇਮ, ਜਜ਼ਬਾ, ਹਿੰਮਤ ਅਤੇ ਸੋਚ ਨੂੰ ਪੜ੍ਹ-ਸੁਣ ਕੇ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਕਿ ਉਸ ਦੀ ਸੋਚ ਸਾਡੇ ਵਿੱਚ ਅੱਜ ਕਿੱਥੇ ਖੜ੍ਹੀ ਹੈ? ਜੇ ਉਸਨੂੰ ਸ਼ਹਾਦਤ ਤੋਂ ਬਾਅਦ ਦੀ ਤਸਵੀਰ ਦਾ ਪਤਾ ਹੁੰਦਾ ਤਾਂ ਉਸ ਦਾ ਮਨ ਕੀ ਸੋਚਦਾ? ਅੱਜ ਇਨਕਲਾਬੀ ਸੋਚ ਦਾ ਅਧਿਐਨ ਕਰਕੇ ਦਿਨ-ਦਿਹਾੜੇ ਮਨਾਉਣ ਦੇ ਨਾਲ ਇਸ ਸੋਚ ਨੂੰ ਸਦਾ ਬਹਾਰ ਬਣਾਉਣ ਦੀ ਲੋੜ ਤਾਂ ਹੈ, ਨਾਲ ਹੀ ਲਹਿੰਦੇ-ਚੜ੍ਹਦੇ ਪੰਜਾਬ ਵਿੱਚ ਭਗਤ ਸਿੰਘ ਦੇ ਨਾਂ 'ਤੇ ਅਦਾਰਿਆਂ ਅਤੇ ਬੁਨਿਆਦੀ ਢਾਂਚੇ ਦੇ ਨਾਮ ਰੱਖਣੇ ਲਾਜ਼ਮੀ ਹਨ। ਭਗਤ ਸਿੰਘ ਸਮੁੱਚੀ ਪੰਜਾਬੀਅਤ ਦਾ ਨਾਇਕ ਹੈ।

ਹੁਣ ਤਾਜਾ ਚਰਚਾ ਲਹਿੰਦੇ ਵਾਲਿਆਂ ਨੇ ਇਹ ਛੇੜ ਦਿੱਤੀ ਹੈ ਕਿ ਸ਼ਮਾਦਾਨ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਕਾਇਮ ਕੀਤੀ ਕਮੇਟੀ ਦੇ ਮੈਂਬਰ ਤਾਰਿਕ ਮਜੀਦ ਨੇ ਆਪਣੀ ਰਾਏ 'ਚ ਭਗਤ ਸਿੰਘ ਨੂੰ ਕ੍ਰਾਂਤੀਕਾਰੀ ਦੀ ਜਗਾਹ ਦਹਿਸ਼ਤਗਰਦ ਦੱਸ ਦਿੱਤਾ। ਤਜ਼ਵੀਜ ਰੱਦ ਕਰ ਦਿੱਤੀ। ਇਸ ਤੋਂ ਇਹ ਵੀ ਸਪੱਸ਼ਟ ਹੋ ਗਿਆ ਕਿ ਤਾਰਿਕ ਮਜੀਦ ਵਾਲੀ ਸੋਚ ਨਾਲੋ ਨਾਲ ਤੁਰੀ ਹੋਈ ਹੈ। ਸ਼ਾਦਮਾਨ ਚੌਕ ਵਿੱਚੋਂ ਉਪਜੀ ਇਸ ਸੌੜੀ ਸੋਚ ਨੇ ਕਈ ਨਵੇਂ ਸਬਕ ਦਿੱਤੇ ਹਨ। ਪਾਕਿਸਤਾਨ ਵਿੱਚ ਸ਼ਾਦਮਾਨ ਚੌਕ 'ਤੇ ਮੋਮਬੱਤੀਆਂ ਜਗਾ ਕੇ ਭਗਤ ਸਿੰਘ ਨੂੰ ਯਾਦ ਵੀ ਕਰਦੇ ਹਨ। ਸ਼ਾਦਮਾਨ ਚੌਕ ਦਾ ਨਾਂ ਭਗਤ ਸਿੰਘ ਦੇ ਨਾਮ 'ਤੇ ਰੱਖਣਾ ਅਤੇ ਬੁੱਤ ਲਗਾਉਣ ਦੀ ਸੋਚ ਵੀ ਲਹਿੰਦੇ ਪੰਜਾਬੀ ਇਨਕਲਾਬੀਆਂ ਦੀ ਹੀ ਹੈ। ਭਗਤ ਸਿੰਘ ਸਭ ਦਾ ਸਾਂਝਾ ਨਾਇਕ ਹੈ, ਇਸ ਲਈ ਉਸ ਦੀ ਸੋਚ ਨੂੰ ਬਚਾਉਣ ਲਈ ਅਤੇ ਯਾਦ ਰੱਖਣ ਲਈ ਉਸ ਦੇ ਨਾਮ 'ਤੇ ਜਾਇਦਾਦਾਂ ਦੇ ਨਾਮ ਰੱਖਣੇ ਬਿਲਕੁਲ ਜਾਇਜ਼ ਹਨ। ਪੰਜਾਬ ਦੇ ਮੁੱਖ ਮੰਤਰੀ ਨੇ ਭਗਤ ਸਿੰਘ ਦੇ ਨਾਂ 'ਤੇ ਕੁਝ ਨਾਮ ਰੱਖੇ ਹਨ, ਨਾਲ ਹੀ ਉਸ ਨੂੰ ਪੰਜਾਬ ਦਾ ਨਾਇਕ ਬਣਾ ਕੇ ਪੇਸ਼ ਵੀ ਕੀਤਾ ਹੈ।

# ਉਦਾਸ ਨਦੀ ਤੇ ਅਧੂਰਾ ਖ਼ਤ

"ਆਹੋ ਮੁੜ ਕੇ ਭਰ ਕੇ ਟਰਾਲਾ ਤੂੰ ਸੁੱਟ ਆਈ ਮੰਡੀ 'ਚ। ਨਾਲੇ ਨੋਟ ਗਿਣ ਲਿਆਈਂ। ਫ਼ਸਲ ਬਚਦੀ ਨਹੀਂ ਰੇਹਾਂ-ਸਪਰੇਹਾਂ ਬਿਨਾ, ਕਰੀਏ ਕੀ!"

ਬਾਪੂ ਦੀ ਗੱਲ ਦਾ ਮੈਨੂੰ ਕੋਈ ਜਵਾਬ ਨਹੀਂ ਸੀ ਆਇਆ। ਜਿਵੇਂ ਤਰੰਨੁਮ ਦੇ ਸਵਾਲ ਦਾ ਮੈਨੂੰ ਕੋਈ ਜਵਾਬ ਨਹੀਂ ਸੁਝ ਰਿਹਾ।

ਮੈਂ ਦੋ ਵਾਰ ਉਸਨੂੰ ਜਵਾਬੀ ਖ਼ਤ ਲਿਖਣ ਦੀ ਕੋਸ਼ਿਸ਼ ਕਰ ਚੁੱਕਾ, ਪਰ ਦੋਨੋਂ ਵਾਰ ਜਿਵੇਂ ਲਫ਼ਜ਼ਾਂ ਦੀ ਤਰਤੀਬ ਨਹੀਂ ਬਣੀ। ਕਾਗਜ਼ ਮਰੋੜ ਕੇ ਫਰਸ਼ 'ਤੇ ਸੁੱਟ ਦਿੰਦਾ।

"ਜਵਾਬ ਸਾਨੂੰ ਦੇਣਾ ਨਹੀਂ ਆਉਂਦਾ ਪ੍ਰਦੀਪ! ਪਤਾ ਕਿਉਂ? ਕਿਉਂਕਿ ਸਾਨੂੰ ਸਵਾਲ ਹੀ ਕਰਨਾ ਨਹੀਂ ਆਉਂਦਾ। ਸੰਵਾਦ ਮੁੱਕ ਗਿਆ ਹੈ ਸਾਡੀ ਜ਼ਿੰਦਗੀ 'ਚੋਂ। ਚੁਫੇਰੇ ਇੱਕ ਚੁੱਪ ਹੈ। ਇੱਕ ਖਲਾਅ। ਇੱਕ ਖਲਾਅ ਸਾਡੇ ਅੰਦਰ ਵੀ ਹੈ। ਤੈਨੂੰ ਯਾਦ ਹੈ, ਤੂੰ ਆਖਰੀ ਵਾਰ ਆਪਣੀ ਕਿਸੇ ਭੂਆ ਮਾਸੀ ਕੋਲ ਕਦ ਗਿਆ ਸੀ?" ਮੈਂ ਇਸ ਗੱਲ ਦਾ ਜਵਾਬ ਸੋਚਣ ਲੱਗਾ। ਸਾਡੇ ਦੋਹਾਂ ਵਿਚਾਲੇ ਚੁੱਪ ਸੀ। ਸ਼ਾਇਦ ਉਹੀ ਚੁੱਪ, ਜਿਸਦੀ ਗੱਲ ਤਰੰਨੁਮ ਕਰਦੀ ਪਈ ਸੀ।

"ਤੇਰੀ ਚੁੱਪ ਹੀ ਦੱਸਦੀ ਹੈ ਪ੍ਰਦੀਪ...ਤੈਨੂੰ ਖ਼ੁਦ ਕੁਝ ਯਾਦ ਨਹੀਂ ਇਸਦੇ ਬਾਰੇ; ਪਰ ਯਕੀਨਨ ਤੈਨੂੰ ਤੇਰੀ ਜ਼ੁਬਾਨ ਦੇ ਵੱਡੇ ਸਾਹਿਤਕਾਰ ਨਾਨਕ ਸਿੰਘ ਦੀ ਕਹਾਣੀ 'ਭੂਆ' ਯਾਦ ਹੋਏਗੀ। ਕਿੱਥੇ ਗਏ ਉਹ ਰਿਸ਼ਤੇ?" ਤਰੰਨੁਮ ਨੇ ਮੇਰੀਆਂ ਅੱਖਾਂ ਵਿੱਚ ਦੇਖਦਿਆਂ ਪੁਛਿਆ ਸੀ। ਰਿਸ਼ਤਿਆਂ ਦੀ ਨਵੀਂ ਪਰਿਭਾਸ਼ਾ ਸਿਰਜ ਰਹੇ ਹਾਂ ਅਸੀਂ। ਮੈਂ ਸੋਚਣ ਲੱਗਾ, ਬੰਦੇ ਕੋਲ ਕਿਸੇ ਰਿਸ਼ਤੇ ਜੋਗੀ ਵਹਿਲ ਨਹੀਂ ਬਚੀ।

"ਬਾਈ ਟਾਰਗੈਟ ਸਰ ਕਰੀਏ ਕਿ ਸਾਕ-ਸਕੀਰੀਆਂ ਘੁੰਮੀਏ? ਬੰਦੇ ਦੀ ਭੰਮੀਰੀ ਬਣੀ ਪਈ ਇਸ ਯੁੱਗ 'ਚ। ਹੁਣ ਤੂੰ ਦੇਖ ਪਰਸੋਂ ਮੇਰੀ ਦਿੱਲੀ ਬਹੁਤ ਜ਼ਰੂਰੀ ਮੀਟਿੰਗ ਏ। ਉਸੇ ਦਿਨ ਮੇਰੀ ਮਾਸੀ ਦੇ ਪੁੱਤ ਦਾ ਸ਼ਗਨ। ਦੱਸ ਮੈਂ ਵਿਆਹ ਜਾਊ ਜਾਂ ਦਿੱਲੀ?" ਮੇਰੇ ਵੱਲ ਦੇਖ ਕੇ ਮੇਰਾ ਮਿੱਤਰ ਮਨੀਕਰਨ ਸਾਬ੍ਹ ਸਵਾਲ ਕਰਦਾ ਹੈ। ਜਿਵੇਂ ਬੱਚੇ ਹਥੇਲੀ ਵਿੱਚ ਬੰਟੇ ਲੁਕਾ ਕੇ ਪੁਛਦੇ ਨੇ, "ਦੱਸ ਕਲੀ ਕਿ ਜੋਟਾ?"

"ਤੂੰ ਵਿਆਹ ਜਾਈਂ ਯਾਰ! ਭਰਾ ਦਾ ਵਿਆਹ ਏ ਤੇਰੇ ਦਾ...।" ਮੇਰੇ ਇਸ ਜਵਾਬ 'ਤੇ ਹੱਸ ਪਿਆ ਸੀ ਉਹ।

"ਤਰੱਕੀ ਕਰਨੀ ਏ ਤਾਂ ਉਪਰ ਉਠੋ ਇਸ ਤੋਂ ਭਾਈ ਸਾਬ੍ਹ। ਵਿਆਹ ਵੇਖੀ ਗਏ ਤਾਂ ਭੱਜਿਆ ਨਈਂ ਜਾਣਾ ਇਸ ਤੇਜ਼ ਦੌੜਦੀ ਦੁਨੀਆਂ ਨਾਲ।" ਉਸਦਾ ਜਵਾਬ ਮੇਰੀ ਸੋਚ ਦੇ ਉਲਟ ਸੀ। ਬੰਦਾ ਭੱਜ-ਭੱਜ ਹਫ਼ਦਾ ਪਿਆ ਹੈ, ਇਸ ਤੇਜ਼ ਦੌੜਦੀ ਦੁਨੀਆ ਨਾਲ; ਪਰ ਖੁਸ਼ ਹੈ ਫਿਰ ਵੀ। ..ਤੇ ਨਾ ਦੌੜ੍ਹਨ ਵਾਲਾ...ਇੱਥੇ ਹਾਰਿਆ ਹੋਇਆ ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਜਿਵੇਂ ਮੇਰਾ ਮਿੱਤਰ ਮੈਨੂੰ ਆਖ ਰਿਹਾ ਸੀ, "ਤੂੰ ਐਵੇਂ ਆਹ ਕਿਤਾਬੀ ਜਿਹੀਆਂ ਗੱਲਾਂ ਸੋਚਦਾ ਰਹਿੰਦਾ। ਅਖੇ ਸੰਸਥਾ ਬਣਾਵਾਂਗੇ- ਪਾਣੀਆਂ ਲਈ, ਰੁੱਖਾਂ-ਪੰਛੀਆਂ ਲਈ। ਹੁਣ ਦੱਸ ਪੰਛੀਆਂ ਲਈ ਕੀ ਕਰੀਏ?"

"ਅਸੀਂ ਉਨ੍ਹਾਂ ਦੇ ਰਹਿਣ ਦੀ ਥਾਂ ਖੋਹ ਲਈ। ਰੁੱਖ ਕੱਟੇ। ਘਰਾਂ 'ਚ ਉਨ੍ਹਾਂ ਦੇ ਰਹਿਣ ਲਈ ਥਾਂ ਨਹੀਂ ਰਹੀ। ਹੁਣ ਬਣਾਉਟੀ ਆਲ੍ਹਣੇ ਬਣਾ ਕੇ ਉਨ੍ਹਾਂ ਲਈ ਟੰਗਾਂਗੇ। ਘਰ ਦੀਆਂ ਛੱਤਾਂ 'ਤੇ ਚੋਗਾ ਖਿਲਾਰਾਂਗੇ। ਪਾਣੀ ਦੇ ਭਾਂਡੇ ਭਰ ਕੇ ਰੱਖਾਂਗੇ।" ਮੈਂ ਉਸ ਨੂੰ ਆਪਣੀ ਯੋਜਨਾ ਦੱਸਦਾ ਹਾਂ, ਪਰ ਉਹ ਕੋਈ ਹੋਰ ਯੋਜਨਾ ਦੱਸਣ ਲੱਗਦਾ ਹੈ।

"ਅਗਲੇ ਸਾਲ ਜੇ ਨਹਿਰ ਵਾਲੀ ਥਾਂ ਦਾ ਸੌਦਾ ਹੋ ਗਿਆ ਨਾ ਬਾਈ...ਤੂੰ ਦੇਖੀਂ, ਉੱਥੇ ਦਿੱਲੀ ਦੇ ਲੈਵਲ ਦਾ ਸੈਂਟਰ ਖੋਲ੍ਹਣਾ ਆਪਾਂ। ਗਰਾਊਂਡ ਫਲੋਰ 'ਤੇ ਆਈਲੈਟਸ ਸੈਂਟਰ 'ਤੇ ਫਸਟ ਫਲੋਰ 'ਤੇ ਇੰਮੀਗਰੇਸ਼ਨ ਸੈਂਟਰ। ਤੈਨੂੰ ਇੱਕ ਚੁਟਕਲਾ ਸੁਣਾਉਂਦਾ ਆਪਣੇ ਕਿਸੇ ਪੰਜਾਬੀ ਬੰਦੇ ਦਾ। ਉਹਨੇ ਅਮਰੀਕਾ ਦੇ ਵੀਜ਼ੇ ਲਈ ਅਪਲਾਈ ਕੀਤਾ ਹੋਇਆ ਸੀ। ਅੰਬੈਸੀ ਵਾਲੀ ਕੁੜੀ ਪੁੱਛਦੀ ਕਿ ਪਹਿਲਾਂ ਕਿਤੇ ਗਏ ਹੋ? ਕਹਿੰਦਾ, ਜੀ ਗਿਆ ਸੀ ਮਨੀਕਰਨ ਸਾਬ੍ਹ। ਉਹ ਅੱਗਿਓਂ ਪੁੱਛਦੀ ਕਿ ਫੇਰ ਅਮਰੀਕਾ ਕੀ ਕਰਨ ਜਾਣਾ। ਕਹਿੰਦਾ, ਬੱਸ ਜੀ ਮੂੰਹੋਂ ਕੱਢ ਬੈਠਾ ਹੁਣ ਜਾਣਾ ਈ ਪੈਣਾ। ਆਹ ਹਾਲ ਈ ਪੰਜਾਬੀਆਂ ਦਾ। ਇਨ੍ਹਾਂ ਨੂੰ ਬਾਹਰ ਜਾਣ ਦੀ ਜਿਹੜੀ ਬਿਮਾਰੀ ਚਿੰਬੜੀ, ਉਸੇ 'ਚੋਂ ਆਪਾਂ ਨੋਟ ਕਮਾਵਾਂਗੇ। ਨਵੀਂ ਪੀੜ੍ਹੀ ਸਾਰੀ ਬੈਂਡਾਂ ਪਿੱਛੇ ਭੱਜੀ ਫਿਰਦੀ। ਨੌਜਵਾਨ ਮੁੰਡਾ-ਕੁੜੀ ਨਹੀਂਉਂ ਰਹਿਣ ਦੇਣਾ ਆਪਾਂ ਕੋਈ ਪੰਜਾਬ 'ਚ। ਹੁਣ ਬੱਸ ਉਹ ਸੁੱਕੀ ਨਹਿਰ ਦਾ ਸੌਦਾ ਹੋ ਜਾਏ। ਸੁਣਿਆ ਸਰਕਾਰ ਨਹਿਰ ਵਾਲੀ ਥਾਂ ਵੀ ਵੇਚਣ ਨੂੰ ਫਿਰਦੀ।" ਮੈਂ ਨਹਿਰ ਵੱਲ ਦੇਖਿਆ। ਸੁੱਕੀ ਨਹਿਰ ਦੇਖ ਕੇ ਮੈਨੂੰ ਬਿਸ਼ਨੀ ਚਾਚੀ ਦੀਆਂ ਸੁੱਕੀਆਂ ਅੱਖਾਂ ਦਾ ਚੇਤਾ ਆ ਗਿਆ। ਮੈਂ ਪਿੰਡ ਜਾਂਦਾ। ਬਿਸ਼ਨੀ ਚਾਚੀ ਵੱਡੇ ਖੂਹ ਵਾਲੇ ਮੋੜ 'ਤੇ ਬੈਠੀ ਮਿਲਦੀ। ਉਸ ਦੀਆਂ ਖੁਸ਼ਕ ਅੱਖਾਂ ਵਿੱਚ ਮੈਨੂੰ ਕੋਈ ਮਾਰੂਥਲ ਨਜ਼ਰ ਆਉਂਦਾ।

***"ਮੈਂ ਸਾਡੇ ਵਿਆਹ ਦੇ ਸੁਪਨੇ ਦੇਖ ਰਹੀ ਹਾਂ ਪ੍ਰਦੀਪ! ਤੂੰ ਸਿਰਫ਼ ਪੰਜ ਬੰਦਿਆਂ ਦੀ ਬਰਾਤ ਲੈ ਕੇ ਆਈਂ। ਮੈਨੂੰ ਵਿਆਹ ਵਿੱਚ ਸ਼ੋਰ ਨਹੀਂ, ਲੋਕ ਗੀਤਾਂ ਦੀ ਮਿੱਠੀ ਲੈਅ ਗੂੰਜਦੀ ਚਾਹੀਦੀ ਏ। ਆਪਣੇ ਕੱਲ੍ਹ ਲਈ ਮੈਂ ਪੈਸੇ ਨਹੀਂ ਬਚਾਉਣਾ ਚਾਹੁੰਦੀ। ਹਵਾ, ਪਾਣੀ ਬਚਾ ਕੇ ਦੇ ਸਕਦਾ ਹੈ ਨਾ ਤੂੰ?" ਤਰੰਨੁਮ ਦੀਆਂ ਇਹ ਸਤਰਾਂ ਦੁਬਾਰਾ ਪੜ੍ਹਦਾ ਹਾਂ। ਖ਼ਤ ਲਿਖਣਾ ਵਿੱਚੇ ਹੀ ਛੱਡ ਬਾਹਰ ਆ ਜਾਂਦਾ ਹਾਂ। ਹਨੇਰਾ ਉਤਰ ਰਿਹਾ ਹੈ। ਲਾਈਟਾਂ ਵਾਲੇ ਝੂਲੇ ਦੀਆਂ ਲਾਈਟਾਂ ਜਗਣ ਲੱਗੀਆਂ ਹਨ। ਮੇਰੇ ਜ਼ਿਹਨ ਵਿੱਚ ਤਰੰਨੁਮ ਦੇ ਸਵਾਲ ਘੁੰਮ ਰਹੇ ਹਨ।***

"ਚਾਚੀ ਆਈ ਕੋਈ ਖ਼ਬਰ ਕਿ ਨਹੀਂ?" ਮੈਂ ਜੋ ਕਹਿੰਦਾ, ਚਾਚੀ ਉਹਦੇ ਅਰਥਾਂ ਨੂੰ ਖ਼ੂਬ ਸਮਝਦੀ ਸੀ। ਉਹ ਹਮੇਸ਼ਾ ਵਰਗਾ ਜਵਾਬ ਦਿੰਦੀ।

"ਨਾ ਵੇ ਪੁੱਤਾ! ਕਹਿੰਦੇ ਸਰਕਾਰ ਕਰਦੀ ਫਿਰਦੀ ਪਤਾ। ਮੈਂ ਦਫਤਰਾਂ ਦੇ ਗੇੜੇ ਕੱਢ ਕੱਢ ਹਾਰ ਹੋ ਗਈ।"...ਤੇ ਜਿਸ ਦਿਨ ਚਾਚੀ ਬਿਸ਼ਨੀ ਦੇ ਇੱਕੋ ਇੱਕ ਪੁੱਤ ਭਿੰਦੇ ਦੀ ਇਰਾਨ ਵਿੱਚੋਂ ਲਾਸ਼ ਆਈ, ਉਸ ਦਿਨ ਵੀ ਚਾਚੀ ਦੀ ਅੱਖ 'ਚੋਂ ਕੋਈ ਹੰਝੂ ਨਹੀਂ ਸੀ ਕਿਰਿਆ। ਲੋਕ ਆਖਦੇ ਬਿਸ਼ਨੀ ਤਾਂ ਪੱਥਰ ਹੋ ਗਈ।

"ਕੋਈ ਇੰਨਾ ਪੱਥਰ ਕਿਵੇਂ ਹੋ ਸਕਦਾ ਰਾਧੇ ਸ਼ਾਮ?" ਮੈਨੂੰ ਮੇਰੇ ਸਵਾਲ ਦਾ ਜਵਾਬ ਨਾ ਮਿਲਦਾ।; ਪਰ ਰਾਧੇ ਸ਼ਾਮ ਦੇ ਮੱਥੇ 'ਤੇ ਉਦਾਸੀ ਦੀ ਲੀਕ ਤੱਕ ਨਾ ਦਿਸਦੀ।

"ਕਿੰਨੇ ਦਵਾਂ ਟਮਾਟਰ ਤੂੰ ਇਹ ਦੱਸ? ਐਵੇਂ ਸੋਚ ਸੋਚ ਵਾਲ ਨਾ ਚਿੱਟੇ ਕਰ ਲਈਂ।" ਉਹ ਆਪਣੀ ਅਧਰੰਗ ਨਾਲ ਕਮਜ਼ੋਰ ਹੋਈ ਸੱਜੀ ਬਾਂਹ ਨਾਲ ਛਾਬਾ ਠੀਕ ਕਰਦਿਆਂ ਪੁਛਦਾ।

"ਟਮਾਟਰ ਭਾਵੇਂ ਸਾਰੇ ਦੇ ਜਾ, ਪਰ ਪਹਿਲਾਂ ਮੇਰੇ ਕੋਲ ਬੈਠ ਕੇ ਗੱਲਾਂ ਕਰ" ਮੈਂ ਹਰ ਵਾਰ ਉਹਨੂੰ ਮੱਲੋ ਜ਼ੋਰੀ ਬੈਠਾ ਲੈਂਦਾ। ਬਿਨਾ ਜ਼ਰੂਰਤ ਤੋਂ ਸਬਜ਼ੀ ਖਰੀਦ ਲੈਂਦਾ। ਮੈਨੂੰ ਰਾਧੇ ਸ਼ਾਮ ਚੰਗਾ ਲੱਗਦਾ। ਇੱਕਲਾ ਸੀ ਰਾਧੇ ਸ਼ਾਮ। ਬੱਚੇ ਉਹਨੂੰ ਇੱਕਲਿਆਂ ਛੱਡ ਗਏ ਸਨ। ਉਹ ਜ਼ਿੰਦਗੀ ਤੋਰਨ ਲਈ ਸਬਜ਼ੀ ਵਾਲੀ ਰੇਹੜੀ ਤੋਰ ਲੈਂਦਾ। ਸਾਰਾ ਦਿਨ ਗਲੀ-ਗਲੀ ਫਿਰ ਕੇ ਸਬਜ਼ੀ ਵੇਚਦਾ, ਪਰ ਉਹ ਕਦੀ ਵੀ ਉਦਾਸ ਨਾ ਹੁੰਦਾ। ਰੇਲਵੇ ਸ਼ਟੇਸ਼ਨ ਕੋਲ ਉਹਦੇ ਕੋਲ ਛੋਟੀ ਜਿਹੀ ਕੋਠੜੀ ਸੀ। ਉਹੀ ਕੋਠੜੀ ਦੁਨੀਆਂ ਸੀ ਰਾਧੇ ਸ਼ਾਮ ਦੀ। ਮੈਂ ਕਦੇ-ਕਦੇ ਰਾਧੇ ਸ਼ਾਮ ਕੋਲ ਜਾ ਬੈਠਦਾ। ਉਹ ਸਟੋਵ ਬਾਲ ਕੇ ਸਾਡੇ ਦੋਹਾਂ ਲਈ ਚਾਹ ਧਰਦਾ। ਕਦੀ ਮਨ ਕਰਦਾ ਤਾਂ ਆਪਣੇ ਬੱਚਿਆਂ ਦੀਆਂ ਗੱਲਾਂ ਕਰਨ ਲੱਗਦਾ।

"ਪਾੜ੍ਹਿਆ ਤੈਨੂੰ ਪਤਾ ਮੇਰੇ ਵੱਡੇ ਮੁੰਡੇ ਦਾ ਨਾਂ ਸਰਵਨ ਸੀ।" ਉਸ ਦੀਆਂ ਅੱਖਾਂ ਦੇ ਕੋਏ ਨਮ ਹੋ ਜਾਂਦੇ। ...ਤੇ ਮੇਰੀਆਂ ਅੱਖਾਂ ਅੱਗੇ ਇਤਿਹਾਸ-ਮਿਥਿਹਾਸ ਦੇ ਸਫ਼ੇ ਖੁਲ੍ਹ ਜਾਂਦੇ। ਮਾਂ-ਬਾਪ ਦੀ ਵਹਿੰਗੀ ਲਈ ਜਾਂਦਾ ਸਰਵਨ ਮੇਰੀਆਂ ਅੱਖਾਂ ਅੱਗੇ ਜਾਂਦਾ।

"ਜਦ ਪੌਣ ਪਾਣੀ ਅਸ਼ੁੱਧ ਹੋ ਗਏ ਤਾਂ ਪੀੜ੍ਹੀ ਦੀ ਸੋਚ ਸ਼ੁੱਧ ਕਿਵੇਂ ਰਹਿ ਸਕਦੀ ਪ੍ਰਦੀਪ। ਬਿਰਧ ਆਸ਼ਰਮਾਂ ਦੀ ਗਿਣਤੀ ਵੱਧੇਗੀ ਹੁਣ। ਥਾਂ-ਥਾਂ ਰਾਧੇ ਸ਼ਾਮ ਤੁਰੇ ਫਿਰਦੇ ਨਜ਼ਰ ਆਉਣਗੇ।" ਤਰੰਨੁਮ ਮੇਰੀਆਂ ਅੱਖਾਂ ਅੱਗੇ ਕੋਈ ਹੋਰ ਦ੍ਰਿਸ਼ ਲੈ ਆਉਂਦੀ। ਮੈਂ ਕੰਬ ਜਾਂਦਾ। ਸੋਚਦਾ, ਨਾਮ ਸਰਵਨ ਰੱਖਿਆਂ ਸਰਵਨ ਵਾਲੇ ਗੁਣ ਥੋੜ੍ਹਾ ਆ ਸਕਦੇ।

"ਤੂੰ ਚੋਗ ਖਿਲਾਰ ਪੰਛੀ ਜ਼ਰੂਰ ਆਉਣਗੇ।" ਮੈਂ ਤੇ ਤਰੰਨੁਮ ਨੇ ਅਹਿਦ ਕੀਤਾ। ਮੈਂ ਹਰ ਰੋਜ਼ ਪੰਛੀਆਂ ਲਈ ਛੱਤ ਉਪਰ ਚੋਗ ਖਿਲਾਰਦਾ, ਪਰ ਪੰਛੀ ਨਾ ਆਉਂਦੇ। ਮੈਂ ਛੱਤ ਉਪਰ ਘੰਟਿਆਂਬੱਧੀ ਖੜ੍ਹਾ ਰਹਿੰਦਾ। ਦੂਰ-ਦੂਰ ਤੀਕ ਇੱਕ ਖਲਾਅ ਨਜ਼ਰ ਆਉਂਦਾ। ਰੁੱਖਾਂ ਦੇ ਪੱਤੇ ਜਿਵੇਂ ਉਦਾਸ ਜਿਹੇ ਲੱਗਦੇ। ਪਰਾਂ ਦੂਰ ਕਿੱਧਰੇ ਖੇਤਾਂ ਵਿੱਚੋਂ ਉਠਦੀ ਅੱਗ ਨਜ਼ਰੀਂ ਪੈਂਦੀ। ਧੂੰਏ ਦੇ ਬੱਦਲ ਚੁਫੇਰੇ ਫੈਲ ਜਾਂਦੇ। ਅਸੀਂ ਕਿਸਾਨਾਂ ਨੂੰ ਸਮਝਾਉਣ ਲਈ, ਹੱਥਾਂ ਵਿੱਚ 'ਵਾਤਾਵਰਨ ਬਚਾਓ' ਦੇ ਪੋਸਟਰ ਲੈ ਕੇ ਮਾਰਚ ਕੱਢਿਆ।

"ਸ਼ੇਰਾ ਜ਼ਿੰਮੀਦਾਰ ਤਾਂ ਚਾਰ ਦਿਨ ਨਾੜ ਫੂਕਦਾ, ਫੈਕਟਰੀਆਂ ਤਾਂ ਨਿੱਤ ਧੂੰਆਂ ਛੱਡਦੀਆਂ। ਉਨ੍ਹਾਂ ਨੂੰ ਤੁਸੀਂ ਪੁਛਦੇ ਨਹੀਂ।" ਸ਼ਹਿਰ ਦੇ ਬਾਹਰ ਕਿਸੇ ਫੈਕਟਰੀ ਦੀ ਚਿਮਨੀ ਵੱਲ ਇਸ਼ਾਰਾ ਕਰਦਾ ਕਿਸਾਨ ਮੈਨੂੰ ਸਵਾਲ ਕਰਦਾ। ਵਾਤਾਵਰਨ ਮਾਰਚ ਵਿੱਚੇ ਹੀ ਛੱਡ, ਘਰ ਆ ਕੇ ਮੈਂ ਤਰੰਨੁਮ ਨੂੰ ਖਤ ਲਿਖਣ ਲਈ ਬੈਠ ਗਿਆ। ਇਨ੍ਹਾਂ ਸਾਰੇ ਸਵਾਲਾਂ ਬਾਰੇ ਵੀ ਤਰੰਨੁਮ ਨੂੰ ਦੱਸਦਾ ਹਾਂ।

"ਬੁੱਢੇ ਕਿਸਾਨ ਦੀ ਗੱਲ ਜਾਇਜ਼ ਹੈ ਤਰੰਨੁਮ। ਬਿਸ਼ਨੀ ਚਾਚੀ ਦੀ ਤਕਲੀਫ਼ ਦਾ ਹਿਸਾਬ ਕਿਸ ਕੋਲ ਹੈ? ਰਾਧੇ ਸ਼ਾਮ ਨੂੰ ਉਸਦੀ ਔਲਾਦ ਇੱਕਲਿਆਂ ਕਿਵੇਂ ਛੱਡ ਗਈ? ਪੰਜਾਬ ਦਾ ਹਰ ਨੌਜਵਾਨ ਵਿਦੇਸ਼ ਕਿਉਂ ਤੁਰਿਆ ਜਾ ਰਿਹਾ?" ਇਹ ਸਭ ਮੇਰੇ ਸਵਾਲ ਨੇ।

"ਨਹੀਂ ਇਹ ਸਵਾਲ ਹਰ ਉਸ ਸਖ਼ਸ਼ ਦੇ ਨੇ ਪ੍ਰਦੀਪ, ਜੋ ਜਿਊਂਦਾ ਹੈ।" ਮੈਨੂੰ ਲੱਗਿਆ ਜਿਵੇਂ ਕੋਲ ਹੀ ਕਿੱਧਰੇ ਤਰੰਨੁਮ ਬੋਲੀ ਹੋਵੇ। ਮੈਂ ਉਸਦਾ ਲਿਖਿਆ ਖ਼ਤ ਦੁਬਾਰਾ ਪੜ੍ਹਦਾ ਹਾਂ।

"ਮੈਂ ਸਾਡੇ ਵਿਆਹ ਦੇ ਸੁਪਨੇ ਦੇਖ ਰਹੀ ਹਾਂ ਪ੍ਰਦੀਪ! ਤੂੰ ਸਿਰਫ਼ ਪੰਜ ਬੰਦਿਆਂ ਦੀ ਬਰਾਤ ਲੈ ਕੇ ਆਈਂ। ਮੈਨੂੰ ਵਿਆਹ ਵਿੱਚ ਸ਼ੋਰ ਨਹੀਂ, ਲੋਕ ਗੀਤਾਂ ਦੀ ਮਿੱਠੀ ਲੈਅ ਗੂੰਜਦੀ ਚਾਹੀਦੀ ਏ। ਆਪਣੇ ਕੱਲ੍ਹ ਲਈ ਮੈਂ ਪੈਸੇ ਨਹੀਂ ਬਚਾਉਣਾ ਚਾਹੁੰਦੀ। ਹਵਾ, ਪਾਣੀ ਬਚਾ ਕੇ ਦੇ ਸਕਦਾ ਹੈ ਨਾ ਤੂੰ?" ਤਰੰਨੁਮ ਦੀਆਂ ਇਹ ਸਤਰਾਂ ਦੁਬਾਰਾ ਪੜ੍ਹਦਾ ਹਾਂ। ਖ਼ਤ ਲਿਖਣਾ ਵਿੱਚੇ ਹੀ ਛੱਡ ਬਾਹਰ ਆ ਜਾਂਦਾ ਹਾਂ। ਹਨੇਰਾ ਉਤਰ ਰਿਹਾ ਹੈ। ਲਾਈਟਾਂ ਵਾਲੇ ਝੂਲੇ ਦੀਆਂ ਲਾਈਟਾਂ ਜਗਣ ਲੱਗੀਆਂ ਹਨ। ਮੇਰੇ ਜ਼ਿਹਨ ਵਿੱਚ ਤਰੰਨੁਮ ਦੇ ਸਵਾਲ ਘੁੰਮ ਰਹੇ ਹਨ।

"ਫਰਿਹਾਦ ਨੇ ਮੁਹੱਬਤ ਲਈ ਪੱਥਰਾਂ ਨੂੰ ਚੀਰ ਨੇ ਨਦੀ ਕੱਢੀ ਸੀ ਪ੍ਰਦੀਪ!" ਉਹ ਪ੍ਰੇਮ ਕਿੱਸੇ ਦੀ ਗੱਲ ਛੇੜ ਬੈਠਦੀ ਹੈ। ਮੈਂ ਦੂਰ ਤੀਕ ਖੜ੍ਹੇ ਸੁੱਕੇ ਰੁੱਖੇ ਨੂੰ ਦੇਖਦਾ ਹਾਂ। ਹਲਕੇ ਜਿਹੇ ਹਨੇਰੇ ਵਿੱਚ ਸੁੱਕੇ ਰੁੱਖ ਬੇਹੱਦ ਡਰਾਉਣੇ ਲੱਗਦੇ ਹਨ। ਅਚਾਨਕ ਫੋਨ ਦੀ ਘੰਟੀ ਵੱਜਦੀ ਹੈ।

"ਮਿੱਤਰਾ! ਬਣ ਗਈ ਗੱਲ। ਮਿਲ ਗਈ ਨਹਿਰ ਨਾਲ ਦੀ ਜ਼ਮੀਨ। ਹੁਣ ਦੇਖੀ ਤੂੰ...। ਆਈਲੈਟਸ ਕਰਾ-ਕਰਾ ਮਨੀਕਰਨ ਘੱਲ ਦੇਣਾ ਆਪਾਂ ਸਾਰਿਆ ਨੂੰ।" ਮੇਰਾ ਦੋਸਤ ਰਾਜਵੀਰ ਹੁੱਬ-ਹੁੱਬ ਦੱਸਦਾ ਹੈ। ਇਸੇ ਲਈ ਮੈਂ ਉਸ ਨੂੰ ਮਨੀਕਰਨ ਸਾਬ੍ਹ ਆਖਦਾ। ਉਹ ਅੰਤਾਂ ਦਾ ਖੁਸ਼ ਹੈ। ਭਿਆਨਕ ਜਿਹਾ ਹਾਸਾ ਹੱਸਦਾ ਹੈ, ਪਰ ਮੈਂ ਉਦਾਸ ਹੋ ਜਾਂਦਾ ਹਾਂ। ਆਰਿਆਂ ਦੇ ਚੱਲਣ ਦੀ ਆਵਾਜ਼ ਹਵਾ ਵਿੱਚ ਗੂੰਜਦੀ ਹੈ। ਮੈਨੂੰ ਨਹਿਰ ਦੇ ਨਾਲ ਦੀ ਜ਼ਮੀਨ ਵਿੱਚ ਲੱਗੇ ਰੁੱਖਾਂ ਦੀ ਕਟਾਈ ਹੁੰਦੀ ਦਿੱਸਦੀ ਹੈ। ਉੱਥੇ ਉਸਰ ਰਹੀ ਆਲੀਸ਼ਾਨ ਬਿਲਡਿੰਗ ਦਿੱਸਦੀ ਹੈ। ਮੈਂ ਨਹਿਰ ਵੱਲ ਨੂੰ ਤੁਰ ਪੈਂਦਾ ਹਾਂ। ਸੁੱਕੀ ਨਹਿਰ ਵਿੱਚ ਹੇਠਾਂ ਉਤਰ ਜਾਂਦਾ ਹਾਂ। ਨਹਿਰ ਦੀ ਰੇਤ ਹੱਥਾਂ ਵਿੱਚ ਭਰਦਾ ਹਾਂ। ਮੁੱਠ ਜਿੰਨੀ ਜ਼ੋਰ ਨਾਲ ਮੀਟਦਾ ਰੇਤ ਉਨੀ ਜਲਦੀ ਹੇਠਾਂ ਕਿਰਨ ਲੱਗਦੀ ਹੈ। ਸੁੱਕੀ ਨਦੀ ਦੇਖ ਕੇ ਹਵਾ ਵਿੱਚ ਉਕਰੇ ਤਰੰਨੁਮ ਦੇ ਸ਼ਬਦ ਚਮਕਣ ਲੱਗਦੇ ਹਨ। ਉਹ ਲਿਖਦੀ ਹੈ, "ਹਵਾ-ਪਾਣੀ ਬਚਾ ਸਕਦਾ ਹੈ ਤੂੰ...?"

"ਨਹੀਂ ਮੈਂ ਫਰਿਹਾਦ ਨਹੀਂ ਹਾਂ ਤਰੰਨੁਮ।" ਮੁੱਠੀ ਵਿੱਚਲੀ ਰੇਤ ਉਥੇ ਹੀ ਸੁੱਟ ਘਰ ਨੂੰ ਮੁੜ ਆਉਂਦਾ ਹਾਂ। ...ਤੇ ਕਾਗਜ਼ ਕਲਮ ਚੁੱਕ ਕੇ ਅਧੂਰਾ ਖ਼ਤ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਹਾਂ!

ਜਾਣਕਾਰੀ




ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607

# ਭਾਰਤ ਦੇ 75 ਸਾਲ, ਸੰਵਿਧਾਨ ਦੇ ਨਾਲ

ਭਾਰਤ ਦੁਨੀਆ ਦਾ ਸਭ ਤੋਂ ਵੱਡਾ ਅਤੇ ਪੁਰਾਣਾ ਲੋਕਤੰਤਰੀ ਗਣਰਾਜ ਹੈ। 26 ਨਵੰਬਰ 1949 ਨੂੰ ਸੰਵਿਧਾਨ ਸਭਾ ਵੱਲੋਂ ਭਾਰਤ ਦੇ ਲੋਕਾਂ ਦੀ ਤਰਫੋਂ ਸੰਵਿਧਾਨ ਨੂੰ ਪਾਸ ਕਰਕੇ ਅਪਨਾਇਆ ਗਿਆ, ਜਿਸ ਦਾ ਜ਼ਿਕਰ ਸੰਵਿਧਾਨ ਦੇ ਮੁੱਖ-ਬੰਦ (ਪ੍ਰੀਐਂਬਲ) ਵਿੱਚ ਵੀ ਕੀਤਾ ਗਿਆ ਹੈ। ਮੁੱਖ-ਬੰਦ ਦੀ ਸ਼ੁਰੂਆਤ "ਅਸੀਂ, ਭਾਰਤ ਦੇ ਲੋਕ" ਸ਼ਬਦਾਂ ਨਾਲ ਕੀਤੀ ਗਈ ਹੈ, ਜੋ ਸੰਵਿਧਾਨਕ ਦਸਤਾਵੇਜ਼ ਦੇ ਥੀਮ ਅਤੇ ਲੋਕਤੰਤਰ ਨੂੰ ਉਜਾਗਰ ਕਰਦੀ ਹੈ। ਇਹ ਵੀ ਇੱਕ ਅਟੱਲ ਸੱਚਾਈ ਹੈ ਕਿ ਭਾਰਤ ਵਿੱਚ ਲੋਕਤੰਤਰੀ ਪ੍ਰਣਾਲੀ ਪੱਛਮੀ ਲੋਕਤੰਤਰ ਦੀ ਧਾਰਨਾ ਨਾਲੋਂ ਵੀ ਪੁਰਾਣੀ ਹੈ; ਇਸੇ ਲਈ ਭਾਰਤ ਨੂੰ 'ਲੋਕਤੰਤਰ ਦੀ ਜਨਨੀ' ਕਿਹਾ ਜਾਂਦਾ ਹੈ। ਲੰਬੇ ਅਤੇ ਔਖੇ ਸੰਘਰਸ਼ ਤੋਂ ਬਾਅਦ 15 ਅਗਸਤ 1947 ਨੂੰ ਭਾਰਤ ਵਿਦੇਸ਼ੀ ਹਕੂਮਤ ਤੋਂ ਆਜ਼ਾਦ ਹੋਇਆ। ਇਸੇ ਸਮੇਂ ਦੌਰਾਨ ਭਾਰਤ ਦੇ ਲੋਕਾਂ ਵੱਲੋਂ ਆਪਣਾ ਨਵਾਂ ਸੰਵਿਧਾਨ ਬਣਾਉਣ ਲਈ ਸੰਵਿਧਾਨਕ ਸਭਾ ਦੀ ਚੋਣ 1946 ਵਿੱਚ ਕੀਤੀ ਗਈ।

ਸੰਵਿਧਾਨਕ ਸਭਾ ਨੇ ਭਾਰਤ ਦੀ ਸੰਵਿਧਾਨ ਦੇ ਖਰੜੇ ਨੂੰ ਡਾ. ਬੀ.ਆਰ. ਅੰਬੇਦਕਰ ਦੀ ਅਗਵਾਈ ਅਧੀਨ ਦੇਸ਼ ਨੂੰ ਕਾਨੂੰਨ ਅਨੁਸਾਰ ਚਲਾਉਣ ਲਈ ਅਤੇ ਭਾਰਤ ਦੇ ਹਰੇਕ ਨਾਗਰਿਕ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਦੇਣ ਲਈ ਇੱਕ ਮਹਾਨ ਸੰਸਥਾਪਕ ਜੀਵੰਤ ਦਸਤਾਵੇਜ਼ ਤਿਆਰ ਕੀਤਾ, ਜਿਸ ਦਾ ਮੁੱਖ-ਬੰਦ ਅੱਜ ਵੀ ਸਮੁੱਚੇ ਜਗਤ ਲਈ ਇੱਕ ਸ਼ਾਨਦਾਰ ਪ੍ਰੇਰਨਾ ਸਰੋਤ ਹੈ।

ਜ਼ਿਕਰਯੋਗ ਹੈ ਕਿ ਭਾਰਤ ਦਾ ਸੰਵਿਧਾਨ ਅੰਗਰੇਜ਼ਾਂ ਦੀ ਗੁਲਾਮੀ, ਬਸਤੀਵਾਦੀ ਅਤੇ ਮਨੂਵਾਦੀ ਬਿਰਤੀਆਂ ਵਿਰੁੱਧ ਲੋਕਾਂ ਵੱਲੋਂ ਕੀਤੇ ਜਾ ਰਹੇ ਸੰਵਿਧਾਨ ਦੇ ਤਜ਼ਰਬਿਆਂ ਅਤੇ ਡਾ. ਅੰਬੇਦਕਰ ਦੀ ਕ੍ਰਾਂਤੀਕਾਰੀ ਸੋਚ ਵਿੱਚੋਂ ਨਿਕਲਿਆ ਵਿਲੱਖਣ ਸੰਵਿਧਾਨ ਹੈ, ਜੋ ਦੁਨੀਆ ਦੇ ਸਭ ਸੰਵਿਧਾਨਾਂ ਨਾਲੋਂ ਸਭ ਤੋਂ ਵੱਡਾ ਅਤੇ ਵਿਲੱਖਣ ਹੈ। ਇਸ ਅਧੀਨ ਭਾਰਤ ਨੂੰ ਇੱਕ ਸਰਬ ਸ਼ਕਤੀਮਾਨ, ਧਰਮ ਨਿਰਪੱਖ, ਸਮਾਜਵਾਦੀ ਲੋਕਤੰਤਰੀ ਗਣਰਾਜ ਘੋਸ਼ਿਤ ਕੀਤਾ ਗਿਆ, ਜਿੱਥੇ ਕਾਨੂੰਨ ਦਾ ਰਾਜ ਹੋਵੇਗਾ। ਭਾਰਤ ਦੇ ਸੰਵਿਧਾਨ ਦੀ ਇਹ ਸਭ ਤੋਂ ਵੱਡੀ ਪ੍ਰਾਪਤੀ ਹੈ ਕਿ ਭਾਰਤ ਦਾ ਰਾਜ ਪ੍ਰਸ਼ਾਸਨ ਭਾਰਤ ਦੇ ਲੋਕਾਂ ਵੱਲੋਂ ਚੁਣੇ ਗਏ ਨੁਮਾਇੰਦਿਆਂ ਵੱਲੋਂ ਚਲਾਇਆ ਜਾਂਦਾ ਹੈ। ਲੋਕਾਂ ਨੂੰ ਸਮਾਜਿਕ, ਆਰਥਿਕ ਅਤੇ ਸਮਾਜਿਕ ਨਿਆਂ ਦੇਣ ਲਈ ਭਾਰਤ ਦੀ ਸੁਪਰੀਮ ਕੋਰਟ ਅਤੇ ਰਾਜਾਂ ਦੀਆਂ ਉੱਚ ਅਦਾਲਤਾਂ ਹਨ, ਜੋ ਨਿਆਂ ਦੇਣ ਲਈ ਸੁਤੰਤਰ ਹਨ। ਸੰਵਿਧਾਨ ਵਿੱਚ ਹੋਈਆਂ ਸੋਧਾਂ ਤੋਂ ਬਾਅਦ ਭਾਰਤ ਦੇ ਸੰਵਿਧਾਨ ਦੇ 22 ਭਾਗ, 12 ਅਨੁਸੂਚੀਆਂ, 3 ਅੰਤਿਕਾ, 395 ਅਨੁਛੇਦ ਅਤੇ ਕੁੱਲ 1,46,385 ਸ਼ਬਦ ਹਨ। ਅਸਲ ਸੰਵਿਧਾਨ ਦੀਆਂ ਦੋ ਜਿਲਦਾਂ ਇੱਕ ਹਿੰਦੀ ਭਾਸ਼ਾ ਅਤੇ ਦੂਸਰੀ ਅੰਗਰੇਜ਼ੀ ਭਾਸ਼ਾ ਵਿੱਚ ਤਿਆਰ ਕੀਤੀਆਂ ਗਈਆਂ। ਦੋਹਾਂ ਜਿਲਦਾਂ ਉੱਪਰ ਸੰਵਿਧਾਨਕ ਸਭਾ ਦੇ ਮੈਂਬਰਾਂ ਦੇ ਦਸਤਖਤ ਵੀ ਹਨ। ਸੰਵਿਧਾਨ ਦੀਆਂ ਇਹ ਦੋਵੇਂ ਜਿਲਦਾਂ ਸੰਸਦ ਭਵਨ ਦੀ ਲਾਇਬ੍ਰੇਰੀ ਵਿੱਚ ਸੁਰੱਖਿਅਤ ਹਨ।




**_ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਦੀ ਲੋਕ ਸਭਾ 2024 ਨਾਲ ਸਬੰਧਤ ਮਿਤੀ 6 ਜੂਨ 2024 ਦੀ ਪ੍ਰੈਸ ਰਿਲੀਜ਼ ਅਨੁਸਾਰ ਮੌਜੂਦਾ ਲੋਕ ਸਭਾ ਦੇ 251 (46%) ਮੈਂਬਰਾਂ ਖਿਲਾਫ ਅਦਾਲਤਾਂ ਵਿੱਚ ਫੌਜਦਾਰੀ ਕੇਸ ਚਲ ਰਹੇ ਹਨ ਅਤੇ 170 (31%) ਮੈਂਬਰਾਂ ਵਿਰੁੱਧ ਗੰਭੀਰ ਅਪਰਾਧਿਕ ਕੇਸ ਅਦਲਤਾਂ ਵਿੱਚ ਚਲ ਰਹੇ ਹਨ, 504 (93%) ਮੈਂਬਰ ਕਰੋੜਪਤੀ ਹਨ ਅਤੇ ਜਿਨ੍ਹਾਂ ਦੀ ਔਸਤਨ ਜਾਇਦਾਦ 46.34 ਕਰੋੜ ਹੈ।_**

ਹਰੇਕ ਸਾਲ 26 ਨਵੰਬਰ ਦਾ ਦਿਨ ਸੰਵਿਧਾਨ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ ਅਤੇ ਇਹ ਦਿਨ ਬਾਬਾ ਸਾਹਿਬ, ਡਾ. ਅੰਬੇਦਕਰ ਦੀ ਸੋਚ ਅਤੇ ਕਾਰਜਸ਼ੈਲੀ ਨੂੰ ਸਮਰਪਿਤ ਹੈ। ਭਾਰਤ ਦੇ ਸੰਵਿਧਾਨ ਦੀ ਇਹ ਵੀ ਇੱਕ ਵਿਲੱਖਣ ਪ੍ਰਾਪਤੀ ਹੈ ਕਿ ਕਿਸੇ ਵੀ ਵੱਡੀ ਸਮਾਜਿਕ ਲਹਿਰ ਜਾਂ ਸਿਆਸੀ ਪਾਰਟੀ ਨੇ ਕਦੇ ਵੀ ਸੰਵਿਧਾਨ ਬਾਰੇ ਸਵਾਲ ਖੜ੍ਹਾ ਕਰਨ ਜਾਂ ਮੁਹਿੰਮ ਚਲਾਉਣ ਦੀ ਹਿੰਮਤ ਨਹੀਂ ਕੀਤੀ ਅਤੇ ਨਾ ਹੀ ਇਸਦੀ ਸਰਵਉੱਚਤਾ ਨੂੰ ਵੰਗਾਰਿਆ ਹੈ।

ਭਾਰਤ ਦੇ ਸੰਵਿਧਾਨ ਦੀ ਵਿਲੱਖਣ ਪ੍ਰਾਪਤੀ ਹੈ ਕਿ ਸੰਵਿਧਾਨ ਰਾਹੀਂ ਭਾਰਤ ਵਿੱਚ ਲੋਕਤੰਤਰ ਗਣਰਾਜ ਸਥਾਪਤ ਕੀਤਾ ਗਿਆ ਹੈ, ਜਿਸ ਅਧੀਨ ਭਾਰਤ ਦੇ ਨਾਗਰਿਕ ਬਤੌਰ ਭਾਰਤ ਦੇ ਵੋਟਰ ਲੋਕ ਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਲਈ ਆਪਣੀ ਮਰਜੀ ਦੇ ਉਮੀਦਵਾਰ ਦੇ ਹੱਕ ਵਿੱਚ ਵੋਟ ਪਾ ਸਕਦੇ ਹਨ ਜਾਂ ਆਪਣੀ ਮਰਜੀ ਨਾਲ ਕਿਸੇ ਸਿਆਸੀ ਪਾਰਟੀ ਵੱਲੋਂ ਜਾਂ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣਾਂ ਲੜ ਸਕਦੇ ਹਨ। ਭਾਰਤ ਵਿੱਚ ਚੋਣਾਂ ਦਾ ਸੰਚਾਲਨ, ਪ੍ਰਬੰਧਨ ਅਤੇ ਨਿਰਦੇਸ਼ਨ ਕਰਨ ਲਈ ਸੰਵਿਧਾਨ ਵੱਲੋਂ ਭਾਰਤ ਦੇ ਚੋਣ ਕਮਿਸ਼ਨ ਦੀ ਵਿਵਸਥਾ ਕੀਤੀ ਗਈ ਹੈ। ਚੋਣ ਕਮਿਸ਼ਨ ਵਾਂਗ ਹੀ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਅਤੇ ਰਾਜ ਪਬਲਿਕ ਸਰਵਿਸ ਕਮਿਸ਼ਨ, ਕੰਪਟਰੋਲਰ ਐਂਡ ਐਡੀਟਰ ਜਨਰਲ ਆਦਿ ਖੁਦਮੁਖਤਿਆਰ ਸੰਸਥਾਵਾਂ ਦੀ ਸਿਰਜਣਾ ਕੀਤੀ ਹੈ। ਭਾਰਤ ਦੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਦੇਣ ਲਈ ਭਾਰਤ ਦੀ ਸੁਪਰੀਮ ਕੋਰਟ ਅਤੇ ਰਾਜਾਂ ਦੀਆਂ ਉੱਚ ਅਦਾਲਤਾਂ, ਜੋ ਖੁਦਮੁਖਤਿਆਰ ਹਨ, ਦੀ ਵਿਵਸਥਾ ਕੀਤੀ ਹੈ। ਇਸਦੇ ਨਾਲ ਹੀ ਭਾਰਤ ਦੇ ਨਾਗਰਿਕਾਂ ਲਈ ਬੁਨਿਆਦੀ ਅਧਿਕਾਰਾਂ ਦੇ ਨਾਲ ਬੁਨਿਆਦੀ ਕਰਤੱਵਾਂ ਦੇ ਨਾਲ ਨਾਲ ਭਾਰਤ ਦੇ ਲੋਕਾਂ ਨੂੰ ਸਨਮਾਨ ਨਾਲ ਜੀਉਣ ਦੀ ਵੀ ਵਿਵਸਥਾ ਕੀਤੀ ਗਈ ਹੈ।

ਭਾਰਤ ਦੇ ਸੰਵਿਧਾਨ ਵਿੱਚ ਭਾਗ ਚਾਰ, ਆਰਟੀਕਲ 51 ੳ ਅਤੇ ਤੀਸਰੀ ਅਨੁਸੂਚੀ ਆਰਟੀਕਲ 60, 69, 75 (11), 99, 124 (6), 148 (2), 159, 164 (3), 188 ਅਤੇ 219 ਆਦਿ ਰਾਹੀਂ ਵਿਵਸਥਾ ਕੀਤੀ ਗਈ ਹੈ ਕਿ ਭਾਰਤ ਦੇ ਹਰੇਕ ਨਾਗਰਿਕ ਤੇ ਉਨ੍ਹਾਂ ਵੱਲੋਂ ਚੁਣਿਆ ਗਿਆ ਹਰੇਕ ਨੁਮਾਇੰਦਾ ਜਦੋਂ ਕਿਸੇ ਸੰਵਿਧਾਨਕ ਅਹੁਦੇ ਜਾਂ ਦਫਤਰ ਵਿੱਚ ਨਿਯੁਕਤ ਹੁੰਦਾ ਹੈ ਤਾਂ ਸਹੁੰ ਚੁਕਦਾ ਹੈ ਕਿ ਉਹ ਭਾਰਤ ਦੇ ਸੰਵਿਧਾਨ, ਉਸਦੇ ਆਦਰਸ਼ਾਂ, ਸੰਸਥਾਵਾਂ ਕੌਮੀ ਝੰਡੇ ਅਤੇ ਕੌਮੀ ਗੀਤ ਦਾ ਆਦਰ ਕਰੇਗਾ, ਭਾਰਤ ਦੀ ਪ੍ਰਭੁਤਾ, ਏਕਤਾ ਤੇ ਅਖੰਡਤਾ ਦੀ ਰੱਖਿਆ ਕਰੇਗਾ ਤੇ ਉਨ੍ਹਾਂ ਨੂੰ ਕਾਇਮ ਰੱਖੇਗਾ, ਸੁਤੰਤਰਤਾ ਦੇ ਲਈ ਸਾਡੇ ਕੌਮੀ ਅੰਦੋਲਨ ਨੂੰ ਪ੍ਰੇਰਤ ਕਰਨ ਵਾਲੇ ਉੱਚੇ ਆਦਰਸ਼ਾਂ ਨੂੰ ਹਿਰਦੇ ਵਿੱਚ ਸੰਜੋਏਗਾ ਅਤੇ ਉਨ੍ਹਾਂ ਦਾ ਪਾਲਣ ਕਰੇਗਾ। ਆਪਣੀ ਪੂਰੀ ਯੋਗਤਾ ਨਾਲ ਸੰਵਿਧਾਨ ਤੇ ਕਾਨੂੰਨ ਨੂੰ ਕਾਇਮ ਰਖੇਗਾ ਅਤੇ ਆਪਣੇ ਆਪ ਨੂੰ ਭਾਰਤ ਦੇ ਲੋਕਾਂ ਦੀ ਸੇਵਾ ਤੇ ਭਲਾਈ ਲਈ ਅਰਪਿਤ ਕਰੇਗਾ।

26 ਨਵੰਬਰ 2024 ਨੂੰ ਦੇਸ਼-ਵਿਦੇਸ਼ ਵਿੱਚ ਭਾਰਤ ਦੇ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ, ਜੋ ਭਾਰਤ ਦੀ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਦਕਰ ਨੂੰ ਸਮਰਪਿਤ ਹੈ। ਭਾਰਤ ਦੀ ਸੰਸਦ ਦੇ ਦੋਵੇਂ ਸਦਨਾਂ ਦੀ ਸਾਂਝੀ ਬੈਠਕ ਸੰਵਿਧਾਨ ਭਵਨ (ਪੁਰਾਣੇ ਸੰਸਦ ਭਵਨ ਦੇ ਸੈਂਟਰਲ ਹਾਲ) ਵਿੱਚ ਹੋਵੇਗੀ, ਜਿੱਥੇ ਸੰਵਿਧਾਨ ਸਭਾ ਨੇ 26 ਨਵੰਬਰ 1949 ਨੂੰ ਭਾਰਤ ਦੇ ਸੰਵਿਧਾਨ ਨੂੰ ਪਾਸ ਕੀਤਾ ਅਤੇ ਅਪਨਾਇਆ।

26 ਜਨਵਰੀ 2024 ਨੂੰ ਭਾਰਤ ਦੇ ਲੋਕਤੰਤਰੀ ਗਣਰਾਜ ਦੇ 75 ਸਾਲ ਪੂਰੇ ਹੋਣ 'ਤੇ ਗਣਤੰਤਰ ਦਿਵਸ ਮਨਾਇਆ ਗਿਆ ਹੈ। ਇਸੇ ਤਰ੍ਹਾਂ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਵੀ 26 ਜਨਵਰੀ 2024 ਨੂੰ 75ਵੀਂ ਵਰ੍ਹੇਗੰਢ ਮਨਾਈ ਗਈ ਹੈ। ਸੰਵਿਧਾਨ ਪ੍ਰਤੀ ਸਮਰਪਿਤ ਹੋਣ ਲਈ ਹਰਕੇ ਸਾਲ ਸੰਵਿਧਾਨ ਦਿਵਸ ਅਤੇ ਸੰਵਿਧਾਨ ਵੱਲੋਂ ਸੰਚਾਲਿਤ ਲੋਕਤੰਤਰੀ ਗਣਰਾਜ ਲਈ ਗਣਤੰਤਰ ਦਿਵਸ ਮਨਾਇਆ ਜਾਂਦਾ ਹੈ।

ਪਬਲਿਕ ਡੋਮੇਨ ਵਿੱਚ ਉਪਲਬੱਧ ਅਧਿਐਨ ਰਿਪੋਰਟਾਂ ਅਤੇ ਅੰਕੜੇ ਦੱਸਦੇ ਹਨ ਕਿ ਭਾਰਤ ਗਣਤੰਤਰ ਨੂੰ ਚਲਾਉਣ ਲਈ ਲੋਕ ਸਭਾ ਤੇ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਜਿੱਤਣ ਲਈ ਰਾਜਨੀਤਿਕ ਪਾਰਟੀਆਂ ਅਤੇ ਚੋਣ ਉਮੀਦਵਾਰਾਂ ਵੱਲੋਂ ਪੈਸੇ ਤੇ ਪੇਸ਼ੇਵਰ ਅਪਰਾਧੀਆਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਰਾਜਨੀਤਿਕ ਪਾਰਟੀਆਂ ਦਾ ਅਪਰਾਧੀਕਰਨ ਹੋਇਆ ਹੈ ਅਤੇ ਰਾਜਨੀਤਿਕ ਪਾਰਟੀਆਂ ਤੇ ਉਨ੍ਹਾਂ ਦੇ ਸੁਪਰੀਮੋ ਪਰਿਵਾਰਵਾਦੀ ਅਤੇ ਵਪਾਰਕ ਘਰਾਣੇ ਬਣ ਗਏ ਹਨ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਦੀ ਲੋਕ ਸਭਾ 2024 ਨਾਲ ਸਬੰਧਤ ਮਿਤੀ 6 ਜੂਨ 2024 ਦੀ ਪ੍ਰੈਸ ਰਿਲੀਜ਼ ਅਨੁਸਾਰ ਮੌਜੂਦਾ ਲੋਕ ਸਭਾ ਦੇ 251 (46%) ਮੈਂਬਰਾਂ ਖਿਲਾਫ ਅਦਾਲਤਾਂ ਵਿੱਚ ਫੌਜਦਾਰੀ ਕੇਸ ਚਲ ਰਹੇ ਹਨ ਅਤੇ 170 (31%) ਮੈਂਬਰਾਂ ਵਿਰੁੱਧ ਗੰਭੀਰ ਅਪਰਾਧਿਕ ਕੇਸ ਅਦਲਤਾਂ ਵਿੱਚ ਚਲ ਰਹੇ ਹਨ, 504 (93%) ਮੈਂਬਰ ਕਰੋੜਪਤੀ ਹਨ ਅਤੇ ਜਿਨ੍ਹਾਂ ਦੀ ਔਸਤਨ ਜਾਇਦਾਦ 46.34 ਕਰੋੜ ਹੈ। ਨੈਸ਼ਨਲ ਜੁਡੀਸ਼ੀਅਲ ਡੈਟਾ ਗਰਿਡ ਦੀ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਦੀਆਂ ਅਦਾਲਤਾਂ ਵਿੱਚ 3,40,99,763 ਅਪਰਾਧਕ ਮਾਮਲੇ ਜਿਨ੍ਹਾਂ ਵਿੱਚੋਂ 63.29% ਇੱਕ ਸਾਲ ਤੋਂ ਜ਼ਿਆਦਾ ਪੁਰਾਣੇ ਹਨ; 1,09,06,002 ਦੀਵਾਨੀ ਮਾਮਲੇ ਜਿਨ੍ਹਾਂ ਵਿੱਚ 58.39% ਇੱਕ ਸਾਲ ਤੋਂ ਵੱਧ ਸਮੇਂ ਤੋਂ ਅਦਾਲਤਾਂ ਵਿੱਚ ਲਮਕ ਰਹੇ ਹਨ।

ਸੰਵਿਧਾਨ ਦਿਵਸ ਅਤੇ ਗਣਰਾਜ ਦਿਵਸ ਮਨਾਉਂਦੇ ਸਮੇਂ ਇਨ੍ਹਾਂ ਅੰਕੜਿਆਂ ਵੱਲ ਵੀ ਧਿਆਨ ਦੇਣਾ ਪਏਗਾ। ਸੰਵਿਧਾਨ ਪ੍ਰਤੀ ਵਧੇਰੇ ਜਾਗਰੂਕ ਅਤੇ ਵਫਾਦਾਰ ਹੋਣ ਦੀ ਜ਼ਰੂਰਤ ਹੈ। ਯਾਦ ਰੱਖਣਾ ਹੋਵੇਗਾ ਕਿ ਭਾਰਤ ਦੇ ਸੰਵਿਧਾਨ ਆਪਣੇ ਮੁੱਖਬੰਦ ਭਾਰਤ ਦੇ ਸਭ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਦੇਣ ਦੀ ਗਾਰੰਟੀ ਦਿੱਤੀ ਹੈ। ਲੱਗਦਾ ਹੈ ਕਿ ਸੰਵਿਧਾਨ ਆਹੁਦਿਆਂ ਉਤੇ ਬਿਰਾਜਮਾਨ ਵਿਅਕਤੀ ਵਿਸ਼ੇਸ਼ ਆਪਣੇ ਅਹੁਦੇ ਦੀ ਜ਼ਿੰਮੇਵਾਰੀ ਅਤੇ ਸੰਵਿਧਾਨ ਪ੍ਰਤੀ ਵਫਾਦਾਰ ਰਹਿਣ ਦੀ ਚੁੱਕੀ ਸਹੁੰ ਨੂੰ ਭੁੱਲ ਗਏ ਹਨ!

ਪਿੰਡ ਵਸਿਆ (16)



ਵਿਜੈ ਬੰਬੇਲੀ
ਫੋਨ: +91-9463439075

# 'ਜੰਡੋਲੇ ਕਲੋਏ' ਨੇ ਬੰਨ੍ਹਿਆ ਸੀ 'ਜੰਡੋਲੀ' ਦਾ ਪਿੜ

***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਜੰਡੋਲੀ ਪਿੰਡ ਦੇ ਪਿੜ ਬੱਝਣ ਦਾ ਸੰਖੇਪ ਵੇਰਵਾ...***

ਪੈਰਿਸ ਵਿੱਚ ਪਹਿਲੇ ਵਿਸ਼ਵ ਯੁੱਧ ਦੇ ਜੰਗੀ ਯੋਧਿਆਂ ਦੀਆਂ ਕਬਰਾਂ ਵਿੱਚ ਇੱਕ ਮੜ੍ਹੀ ਉੱਤੇ ਮਾਰਮਿਕ ਸ਼ਬਦਾਂ ਵਾਲੀ ਇੱਕ ਸਿੱਲ ਲੱਗੀ ਹੋਈ ਹੈ, ਮੂਕ-ਸੁਰਮਤਾਈ ਦੇ ਸੰਦਰਭ ਵਿੱਚ ਹੋਰ ਗੱਲਾਂ ਤੋਂ ਬਿਨਾ ਲਿਖਿਆ ਹੋਇਆ ਹੈ, "ਭਾਰਤ ਦੇ ਪੰਜਾਬ ਪ੍ਰਾਂਤ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪੈਨਲ ਨੰਬਰ-23 ਦੇ ਪਿੰਡ ਜੰਡੋਲੀ ਦਾ ਇਹ ਸੂਰਮਾ ਮਿ. ਬਤਨ ਸਿੰਘ ਪੁੱਤਰ ਸ੍ਰੀ ਬੇਲਾ ਇੱਥੇ ਦਫਨ ਹੈ। ਕੌਮਾਂ ਇਸਨੂੰ ਸਿਜਦਾ ਕਰਦੀਆਂ ਰਹਿਣਗੀਆਂ।"

ਫਰੰਟੀਅਰ ਫੋਰਸ ਦੀ 57ਵੀਂ ਰਾਈਫਲ'ਜ਼ ਬ੍ਰਿਗੇਡ ਦਾ ਇਹ ਜਾਂਬਾਜ਼ ਗਭਰੂਟ, ਸਿਪਾਹੀ ਨੰਬਰ 2939 ਜਿਹੜਾ ਅਣ-ਸਾਵੀਂ ਲੜਾਈ 'ਚ 24 ਨਵੰਬਰ 1914 ਨੂੰ ਲਾ-ਮਿਸਾਲ ਜੰਗੀ ਜੌਹਰ ਵਿਖਾਉਂਦਿਆ ਬਰਤਾਨਵੀ ਸਾਮਰਾਜ ਦੇ ਲੇਖੇ ਲੱਗਾ, ਕਿਹੜੇ ਟੱਬਰ ਦਾ ਜਾਇਆ ਸੀ, ਜੰਡੋਲੀ ਦੇ ਬੁੱਢ-ਵਰੇਸੀਏ ਵੀ ਨਹੀਂ ਦੱਸ ਸਕੇ। ਅਫਸੋਸ! ਜੰਡੋਲੀ ਦੀ ਨਵੀਂ ਪੌਦ ਤਾਂ ਇਹ ਵੀ ਨਹੀਂ ਜਾਣਦੀ ਕਿ ਉਨ੍ਹਾਂ ਦਾ ਗਰਾਂ ਦੋ ਦਰਜਨ ਤੋਂ ਵੱਧ ਦੇਸ਼ ਭਗਤਾਂ ਦਾ ਜਾਇਆ ਹੈ, ਜਿਨ੍ਹਾਂ ਦਾ ਸਬੰਧ ਜੰਗ-ਏ-ਆਜ਼ਾਦੀ ਦੀਆਂ ਤਾਮ ਲਹਿਰਾਂ ਅਤੇ ਤਨਜ਼ੀਮਾਂ ਨਾਲ ਰਿਹਾ ਹੈ; ਸਿਰਫ ਉਨ੍ਹਾਂ ਦਾ ਹੀ ਨਹੀਂ, ਕਰੀਬ ਸਾਰੇ ਜੰਡੋਲੀ ਖੈੜੇ ਦਾ।

ਇੱਕ ਸੀ ਆਪੋ-ਆਪਣੇ ਪਿੰਡਾਂ 'ਚ ਜੂਹ ਬੰਦ ਕੀਤੇ ਵਿਅਕਤੀਆਂ 'ਚੋਂ, ਕਾਮਾਗਾਟਾ ਮਾਰੂ ਰਾਹੀਂ ਜ਼ਬਰੀ ਪਰਤਾ ਦਿੱਤੇ ਗਏ ਭਾਰਤੀਆਂ ਦੇ ਕਲਕੱਤਿਓਂ ਪੰਜਾਬ ਵੱਲ ਤੋਰੇ ਪਹਿਲੇ ਪੂਰ ਦੇ 59 ਮੁਸਾਫਰਾਂ ਵਿੱਚੋਂ, ਇਸੇ ਜੰਡੋਲੀ (ਮਾਹਿਲਪੁਰ) ਦਾ ਪੰਡਿਤ ਰਾਮ ਚੰਦ ਬਾਲਦ ਫਤਿਹ ਚੰਦ। ਪ੍ਰੰਤੂ 'ਘਰ ਬੰਦ' ਹੋ ਕੇ ਵੀ ਇਹ ਚੁੱਪ ਨਾ ਬੈਠਾ, ਆਨੀਂ-ਬਹਾਨੀਂ ਸਰਗਰਮ ਰਿਹਾ। ਮਗਰੋਂ ਦਾਅ ਲੱਗਦਿਆਂ ਅਜਿਹਾ ਰੂਹਪੋਸ਼ ਹੋਇਆ ਕਿ ਹਾਕਮ ਇਸਦਾ ਖੁਰਾ-ਖੋਜ ਨਾ ਨੱਪ ਸਕੇ। ਗੋਰਿਆਂ ਦੇ ਕਾਗਦਾਂ ਵਿੱਚ ਇਹ ਅਜੇ ਵੀ ਅਲੋਪੀ ਹੈ। ਇਹੀ ਨਹੀਂ, ਇਸੇ ਜੰਡੋਲੀ ਦਾ ਈਸ਼ਰ ਸਿੰਘ ਉਰਫ ਹਜ਼ਾਰਾ ਸਿੰਘ ਉਰਫ ਭਗਵਾਨ ਸਿੰਘ ਕਲੋਆ ਕੌਮਾਂਤਰੀ ਗਦਰਾ ਬੇਲਾ ਸਿੰਘ ਜਿਆਣ ਨੂੰ ਰਹੱਸਮਈ ਹਾਲਤਾਂ 'ਚ ਕਤਲ ਕਰਨ ਵਾਲੇ ਪੰਜ ਗਦਰੀ/ਬੱਬਰ ਅਕਾਲੀ ਸੂਰਮਿਆਂ ਵਿੱਚ ਸ਼ੁਮਾਰ ਸੀ। ਅੰਗਰੇਜ਼ ਇਸ ਅੰਨੇ ਕਤਲ ਦੀਆਂ ਤੰਦਾਂ ਜੋੜਨ ਲਈ ਤਾ-ਆਜ਼ਾਦੀ ਤੱਕ ਅਹੁਲਦੇ ਰਹੇ, ਪਰ ਨਾਕਾਮ। ਜੰਡੋਲੀ ਦੇ ਉੱਘੇ ਦੇਸ਼ ਭਗਤ ਫਕੀਰ ਚੰਦ ਰਹਲਨ ਦਾ ਇਤਿਹਾਸਕਾਰ ਸਪੁਤ ਓ.ਪੀ. ਰਹਲਨ ਆਪਣੀ ਦਸਤਾਵੇਜ਼ੀ ਪੁਸਤਕ 'ਫਲੇਮ ਆਫ਼ ਫਰੀਡਮ ਮੂਵਮੈਂਟ ਐਂਡ ਹੁਸ਼ਿਆਰਪੁਰ ਡਿਸਟ੍ਰਿਕਟ' ਵਿੱਚ ਜੰਡੋਲੀ ਦੇ ਅੱਖੀਂ ਡਿੱਠੇ ਦੋ ਦਰਜਨ ਤੋਂ ਵੱਧ ਜਿਨ੍ਹਾਂ ਦੇਸ਼ ਭਗਤ ਸੂਰਮਿਆਂ ਦੀ ਬਾਤ ਪਾਉਂਦਾ ਹੈ, ਉਸ ਵਿੱਚ ਉਹ ਯੁੱਗ-ਪਲਟਾਈਏ ਹਜ਼ਾਰਾ ਸਿੰਘ ਪੁੱਤਰ ਮੀਹਾਂ ਸਿੰਘ ਦਾ ਜ਼ਿਕਰ ਇਸ ਰਾਮ ਚੰਦ ਤੋਂ ਪ੍ਰਭਾਵਿਤ ਸ਼ਖਸ ਵਜੋਂ ਕਰਦਾ ਹੈ। ਦਰ-ਹਕੀਕਤ, ਇਹ ਉਹੀ ਹਜ਼ਾਰਾ ਸਿੰਘ ਉਰਫ ਭਾਈ ਈਸ਼ਰ ਸਿੰਘ ਜੰਡੋਲੀ ਸੀ, ਜਿਸ ਨੇ ਬੇਲਾ ਸੂੰਹ ਦੇ ਅੰਨੇ ਕਤਲ ਵਿੱਚ ਕੁੰਜੀਵਤ ਰੋਲ ਅਦਾ ਕੀਤਾ ਸੀ।

ਜੰਡੋਲੀ ਦਾ ਆਰਜ਼ੀ ਮੁੱਢ 1750 ਦੇ ਕਰੀਬ 'ਜਸਵਾਲ ਰਾਜਪੂਤਾਂ' ਨੇ ਬੰਨਿਆ ਸੀ। ਕਿਤੇ ਮਗਰੋਂ ਮੋੜ੍ਹੀ ਗੱਡਣ ਉਪਰੰਤ ਉਹ ਕੰਢੀ ਦਾ ਇਹ ਖਿੱਤਾ ਉਪਜਾਉਣ ਖਾਤਿਰ ਆਪਣੇ ਹਮ-ਮਸਵਰਾਨ 'ਕਲੋਏ ਜੱਟਾਂ' ਨੂੰ ਨਸਰਾਲੇ ਵੱਲੋਂ ਇੱਥੇ ਲੈ ਆਏ, ਜਿਹੜੇ ਆਪਣੇ ਇੱਕ ਧੜਵੈਲ ਪੁਰਖੇ 'ਜੰਡੋਲੇ' ਦੀ ਛਤਰ-ਛਾਇਆ ਹੇਠ ਇੱਥੇ ਰਮ ਗਏ। ਸਮਾਂ ਪਾ, ਉਸੇ 'ਜੰਡੋਲੇ ਦੀ ਅੱਲ' ਵਜੋਂ ਵਿਗੜਦਾ-ਸੰਵਰਦਾ ਇਸ ਨਗਰ ਦਾ ਨਾਂ ਜੰਡੋਲੀ ਪੈ ਗਿਆ। ਰਾਜਪੂਤਾਂ ਦੇ ਗੋਤ ਕਟੋਚ, ਜਿਸ ਦੇ ਪੁਰਾਤਨ ਰਾਜ ਦੀ ਮੂਲ ਰਾਜਧਾਨੀ ਕਦੇ ਜਲੰਧਰ ਸੀ, ਨੂੰ ਸਥਿਤੀਆਂ-ਪ੍ਰਸਥਿਤੀਆਂ ਤਹਿਤ ਕਾਂਗੜਾ ਖੇਤਰ ਨਾਲ ਸੰਬੋਧਿਤ ਕੀਤਾ ਜਾਣ ਲੱਗਾ। ਇਸ ਵੰਸ਼ ਦੀਆਂ ਅਗਾਂਹ ਚਾਰ ਸ਼ਾਖਾਵਾਂ ਬਣੀਆਂ, ਜਿਸ ਵਿੱਚ ਪਹਿਲ-ਪਲੱਕੜੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਜਸਵਾਨ ਦੂਨ, 13ਵੀਂ ਸਦੀ ਵਿੱਚ ਜਸਵਾਂ ਰਾਜ ਸਥਾਪਿਤ ਕਰਨ ਵਾਲੀ ਜਸਵਾਨ (ਜਸਵਾਲ) ਸ਼ਾਖ ਵੀ ਸੀ। ਇਸ ਰਾਜ ਘਰਾਣੇ ਨੇ ਅੰਬ (ਰਾਜਪੁਰਾ), ਹੁਣ ਜ਼ਿਲ੍ਹਾ ਊਨਾ ਨੂੰ ਆਪਣਾ ਸਦਰ-ਮੁਕਾਮ ਬਣਾ ਕੇ ਨਾਲ ਲੱਗਵੇਂ ਅਖਰੋਟ (ਅੰਬ), ਸਲੋਹ-ਭਦਸਾਲੀ, ਪੰਡੋਗਾਂ, ਹੁਣ ਸਾਰੇ ਜ਼ਿਲ੍ਹਾ ਊਨਾ (ਹਿਮਾਚਲ) ਵਿੱਚ, ਸਮੇਤ ਮੈਲੀ-ਜੰਡੋਲੀ, ਜਿਹੜੇ ਉਨ੍ਹਾਂ ਦੇ ਨਾਲ ਪਰ ਹੇਠਲੇ ਖਿੱਤੇ ਵਿੱਚ ਪੈਂਦੇ ਸਨ, ਦਾ ਖੇਤਰ ਵਲ ਲਿਆ।

ਇਹ ਰਿਆਸਤ ਕਈ ਕਾਰਨਾਂ ਕਰਕੇ ਜਿਹੜੀ ਮੁਗਲਾਂ ਨੂੰ ਨਜ਼ਰਾਨਾ ਦਿੰਦੀ ਰਹੀ, ਮਗਰੋਂ ਮਾ. ਰਣਜੀਤ ਸਿੰਘ ਦੀਆਂ ਸ਼ਰਤਾਂ ਹੇਠ ਆ ਗਈ। ਰਣਜੀਤ ਸਿੰਘ ਨੇ ਇਸਨੂੰ ਸਿਰਫ 21 ਪਿੰਡਾਂ ਦੀ ਜਗੀਰ ਦਿੱਤੀ, ਜਿਸ ਵਿੱਚ ਮੈਲੀ-ਜੰਡੋਲੀ ਵੀ ਸ਼ਾਮਿਲ ਸੀ। ਸਿਰਫ ਜਗੀਰਦਾਰ ਜਿਹੇ ਬਣ ਕੇ ਰਹਿ ਜਾਣ ਕਰਕੇ ਇਹ ਲੁਕਵੇਂ ਤੌਰ 'ਤੇ ਅੰਗਰੇਜ਼ਾਂ ਵੱਲ ਅਹੁਲਣ ਲੱਗੇ, ਪਰ 1849 ਦੀ 'ਐਂਗਲੋ-ਸਿੱਖ ਵਾਰ' ਸਮੇਂ ਇਨ੍ਹਾਂ ਮੁਕਾਮੀ ਰਾਣਿਆਂ ਅਤੇ ਸਿੱਖਾਂ ਨਾਲ ਸਾਂਝਾ ਫਰੰਟ ਉਸਾਰ ਕੇ ਅੰਗਰੇਜ਼ਾਂ ਵਿਰੁੱਧ ਮੋਰਚਾ ਖੋਲ੍ਹਿਆ, ਪਰ ਕਈ ਕਾਰਨਾਂ ਕਰਕੇ ਸਫਲ ਨਾ ਹੋ ਸਕੇ। ਗੋਰਿਆ ਨੇ ਇਨ੍ਹਾਂ ਦੀਆਂ ਸਾਰੀਆਂ ਸ਼ਕਤੀਆਂ ਖੋਹ ਕੇ ਸਿਰਫ 12,000 ਰੁਪਏ ਸਾਲਾਨਾ ਵਜ਼ੀਫਾ ਮੁਕੱਰਰ ਕੀਤਾ। ਸ਼ਕਤੀਹੀਣ ਅਤੇ ਉਪਰਾਮ ਹੋਣ ਕਾਰਨ ਇਨ੍ਹਾਂ ਦੇ ਹੇਠਲੇ ਖਿੱਤੇ ਬਾਗੀ ਸੁਰ ਅਤੇ ਆਪੋ-ਆਪਣੀ ਮਾਲਕੀ ਜਮਾਉਣ ਲੱਗੇ; ਪਰ ਜੰਡੋਲੀ ਦੇ ਯੁੱਗ-ਵਸਣ ਦੀ ਕਥਾ ਹੋਰ ਹੈ। ਹੋਇਆ ਇਓਂ ਕਿ ਰਣਜੀਤ ਸਿੰਘ ਦੇ ਰਾਜ ਤੋਂ ਥੋੜ੍ਹਾ ਪਹਿਲਾਂ ਇੱਕ ਫਕੀਰ ਸੁਭਾਅ ਭਾਈ-ਬੰਧ ਲੋਕ-ਪੱਖੀ ਧੜਵੈਲ ਬਣ ਗਿਆ। ਮਗਰੋਂ ਰਾਜਾ ਵੀਰਮ ਦੇਵ ਦੇ ਨਾਂ ਨਾਲ ਮਸ਼ਹੂਰ ਹੋਏ ਇਸ ਸ਼ਖਸ ਨੂੰ ਜਸਵਾਨ ਰਿਆਸਤ ਨੇ, ਹਾਲਾਤਾਂ ਵੱਸ ਸਲੋਹ-ਭਦਸਾਲੀ ਸਮੇਤ ਮੈਲੀ-ਜੰਡੋਲੀ ਦਾ ਖਿੱਤਾ ਸੌਂਪ ਦਿੱਤਾ, ਇੱਥੋਂ ਹੀ ਸ਼ੁਰੂ ਹੋਈ ਸੀ ਜੰਡੋਲੀ ਦੇ ਉਗਮਣ ਦੀ ਗਾਥਾ। ਕਿਵੇਂ? ਲੰਬੀ ਕਥਾ ਹੈ, ਇਹ। ਕਿਤੇ ਫੇਰ ਸਹੀ!

# ਸ਼ਾਂਤਚਿੱਤ ਤੇ ਸਹਿਜ ਅਵਸਥਾ ਵਿੱਚ ਰਹਿਣ ਦੀ ਲੋੜ

## ਪਤੇ ਦੀ ਗੱਲ




**ਡਾ. ਅਰਵਿੰਦਰ ਸਿੰਘ ਭੱਲਾ***
**ਫੋਨ: +91-9463062603**

ਮੁਰਸ਼ਦ ਨੇ ਆਪਣੇ ਮੁਰੀਦ ਨੂੰ ਫ਼ੁਰਮਾਇਆ ਕਿ ਯਾਦ ਰੱਖੋ! ਵਡਿਆਈ ਇਸ ਗੱਲ ਵਿੱਚ ਨਹੀਂ ਕਿ ਮਹਿਜ਼ ਆਪਣੀ ਜ਼ਿੱਦ ਪੁਗਾਉਣ ਲਈ ਤੁਸੀਂ ਕਿਸੇ ਨੂੰ ਆਪਣੇ ਖੋਖਲੇ ਤਰਕ ਜਾਂ ਦਲੀਲ ਨਾਲ ਮਾਤ ਦਿੱਤੀ, ਬਲਕਿ ਵਡੱਪਣ ਤਾਂ ਇਸ ਗੱਲ ਵਿੱਚ ਹੈ ਕਿ ਤੁਸੀਂ ਠੀਕ ਹੋਣ ਦੇ ਬਾਵਜੂਦ ਵੀ ਮੁਖ਼ਾਲਿਫ਼ ਧਿਰ ਨਾਲ ਕਿਸੇ ਵੀ ਤਰ੍ਹਾਂ ਦੇ ਤਕਰਾਰ ਵਿੱਚ ਉਲਝੇ ਬਿਨਾ ਆਪਣੇ ਅੰਦਰ ਦੇ ਸਹਿਜ ਅਤੇ ਸਕੂਨ ਨੂੰ ਤੱਤੀ ਵਾਅ ਨਾ ਲੱਗਣ ਦਿੱਤੀ। ਕੋਸ਼ਿਸ਼ ਕਰੋ ਕਿ ਤੁਸੀਂ ਸਕਾਰਾਤਮਕ ਤੇ ਉਸਾਰੂ ਸੰਵਾਦ ਰਚਾਉ ਅਤੇ ਇਸ ਗੱਲ ਤੋਂ ਵੀ ਸੁਚੇਤ ਰਹੋ ਕਿ ਤੁਹਾਡਾ ਸੰਵਾਦ ਕਿਸੇ ਪੜਾਅ ਉਤੇ ਤਕਰਾਰ ਵਿੱਚ ਪਰਿਵਰਤਿਤ ਨਾ ਹੋਵੇ। ਵਿਚਾਰਾਂ ਦੇ ਪ੍ਰਗਟਾਵੇ ਜਾਂ ਅਦਾਨ-ਪ੍ਰਦਾਨ ਕਰਨ ਵੇਲੇ ਆਪਣੇ ਤਰਕਾਂ ਦੇ ਤੀਰਾਂ ਨਾਲ ਕਿਸੇ ਦੀ ਰੂਹ ਨੂੰ ਵਿੰਨ੍ਹਣ ਤੋਂ ਹਮੇਸ਼ਾ ਗੁਰੇਜ਼ ਕਰੋ। ਕਿਸੇ ਅੱਗੇ ਆਪਣਾ ਪੱਖ ਰੱਖਦੇ ਹੋਏ ਆਪਣੇ ਸਹਿਜ ਤੇ ਸਕੂਨ ਨੂੰ ਕਦੇ ਨਾ ਗਵਾਉ।

ਮੁਰਸ਼ਦ ਨੇ ਇਸ ਗੱਲ ਦੀ ਵੀ ਤਲਕੀਨ ਕੀਤੀ ਕਿ ਪੁਰਸਕੂਨ ਜ਼ਿੰਦਗੀ ਆਪਣੇ ਆਪ ਵਿੱਚ ਹੀ ਸਭ ਤੋਂ ਵੱਡਾ ਪੁਰਸਕਾਰ ਹੈ। ਸਕੂਨ ਹਾਸਲ ਕਰਨ ਲਈ ਦੂਸਰਿਆਂ ਨਾਲ ਉਲਝਣ ਜਾਂ ਬਾਹਰ ਭਟਕਣ ਦੀ ਬਜਾਏ ਆਪਣੇ ਅੰਦਰ ਉਤਰ ਕੇ ਆਪਣੇ ਅੰਦਰ ਮਚੇ ਸ਼ੋਰ ਅਤੇ ਖ਼ਲਲ ਨੂੰ ਪਹਿਲਾਂ ਖ਼ਤਮ ਕਰੋ। ਇੱਕ ਗੱਲ ਪੱਲੇ ਬੰਨ੍ਹ ਲਵੋ ਕਿ ਸਕੂਨ ਉਹ ਦਰਿਆ ਹੈ, ਜੋ ਤੁਹਾਡੇ ਅੰਦਰ ਹਰ ਵੇਲੇ ਵਹਿੰਦਾ ਰਹਿੰਦਾ ਹੈ। ਨਿੱਤ ਨਵੇਂ ਝਮੇਲਿਆਂ ਵਿੱਚ ਜਾਣ-ਬੁੱਝ ਕੇ ਉਲਝਦੇ ਹੋਏ, ਉਸ ਦਰਿਆ ਦੇ ਵਹਿਣ ਦੇ ਰੁਖ ਨੂੰ ਨਾ ਮੋੜੋ। ਦਰਅਸਲ ਸਕੂਨ ਉਸ ਪਰਿੰਦੇ ਦੀ ਮਾਨਿੰਦ ਵੀ ਹੈ, ਜਿਸ ਦਾ ਆਲ੍ਹਣਾ ਵੀ ਤੁਹਾਡੇ ਅੰਦਰ ਹੈ। ਤੁਹਾਨੂੰ ਉਸ ਸੋਹਣੇ ਰੱਬ ਦਾ ਵਾਸਤਾ ਹੈ ਕਿ ਆਪਣੇ ਹੱਥੀਂ ਉਸ ਆਲ੍ਹਣੇ ਨੂੰ ਬਰਬਾਦ ਨਾ ਕਰੋ। ਕਿਤੇ ਅਜਿਹਾ ਨਾ ਹੋਵੇ ਕਿ ਉਹ ਪਰਿੰਦਾ ਸਦਾ ਲਈ ਕਿਤੇ ਦੂਰ ਉਡਾਰੀ ਭਰ ਜਾਵੇ।

ਮੁਰਸ਼ਦ ਨੇ ਫ਼ੁਰਮਾਇਆ ਕਿ ਬਹਿਸ ਕਰਨ ਅਤੇ ਬਹਿਸ ਵਿੱਚ ਦੂਸਰਿਆਂ ਨੂੰ ਸ਼ਿਕਸਤ ਦੇਣ ਦੀ ਬਿਰਤੀ ਦਾ ਤਿਆਗ ਕਰੋ। ਹੋ ਸਕੇ ਤਾਂ ਦੂਸਰਿਆਂ ਦੇ ਦਿਲ ਜਿੱਤਣ ਦੀ ਕੋਸ਼ਿਸ਼ ਕਰੋ ਅਤੇ ਵਾਦ-ਵਿਵਾਦਾਂ ਤੋਂ ਸਦਾ ਦੂਰ ਰਹਿਣ ਦਾ ਹੁਨਰ ਸਿਖੋ। ਕੁਝ ਕਹਿਣ ਤੋਂ ਪਹਿਲਾਂ ਸੁਣਨ ਦੀ ਆਦਤ ਪਾਉ, ਸੁਣ ਕੇ ਵਿਚਾਰਨ ਅਤੇ ਵਿਚਾਰਨ ਤੋਂ ਬਾਅਦ ਆਪਣੀ ਪ੍ਰਤੀਕਿਰਿਆ ਜ਼ਾਹਰ ਕਰੋ। ਦਲੀਲਬਾਜ਼ੀ ਕਰਦਿਆਂ ਬੇਸ਼ਕੀਮਤੀ ਰਿਸ਼ਤਿਆਂ ਦੀ ਪਾਕੀਜ਼ਗੀ ਦਾ ਸਦਾ ਖਿਆਲ ਰੱਖੋ। ਇਹ ਵੀ ਯਾਦ ਰਹੇ ਕਿ ਤੁਹਾਡੇ ਬੋਲ ਤੁਹਾਡੇ ਇਲਮ, ਸੰਸਕਾਰਾਂ, ਪਰਵਰਿਸ਼ ਅਤੇ ਪਿਛੋਕੜ ਦਾ ਅਕਸ ਹੁੰਦੇ ਹਨ। ਆਪਣੇ ਬੋਲਾਂ ਕਰਕੇ ਤੁਹਾਨੂੰ ਕਿਸੇ ਅੱਗੇ ਕਦੇ ਸ਼ਰਮਸਾਰ ਨਾ ਹੋਣਾ ਪਵੇ, ਇਸ ਲਈ ਹਮੇਸ਼ਾ ਸਹੀ ਸਮੇਂ ਉੱਪਰ ਸਹੀ ਸ਼ਬਦਾਂ ਦਾ ਇੰਤਖ਼ਾਬ ਕਰੋ। ਇਨਸਾਨ ਦੇ ਮੂੰਹੋਂ ਉਚਰੇ ਸ਼ਬਦ ਉਸ ਕਿਸ਼ਤੀ ਦੀ ਤਰ੍ਹਾਂ ਹੁੰਦੇ ਹਨ, ਜੋ ਉਸ ਨੂੰ ਸਾਹਿਲ ਤੱਕ ਵੀ ਪਹੁੰਚਾਉਣ ਦੀ ਸਲਾਹੀਅਤ ਰੱਖਦੇ ਹਨ ਅਤੇ ਵਕ਼ਤ ਆਉਣ ਉਤੇ ਇਨਸਾਨ ਨੂੰ ਮੰਝਧਾਰ ਵਿੱਚ ਸਭ ਤੋਂ ਅਲੱਗ-ਥਲੱਗ ਕਰਨ ਦੇ ਸਮਰੱਥ ਵੀ ਹੁੰਦੇ ਹਨ। ਕਿਸੇ ਨਾਲ ਵੀ ਗੁਫ਼ਤਗੂ ਕਰਦਿਆਂ ਜਾਂ ਕਿਸੇ ਨੂੰ ਮੁਖ਼ਾਤਿਬ ਹੁੰਦੇ ਹੋਏ ਤੁਹਾਡੇ ਹਰਫ਼, ਅਲਫ਼ਾਜ਼, ਵਾਕ ਅਤੇ ਲਹਿਜ਼ਾ ਤੁਹਾਡੇ ਵਰਤਮਾਨ ਅਤੇ ਮੁਸਤਕਬਿਲ ਨੂੰ ਤੈਅ ਕਰਦਾ ਹੈ, ਲਿਹਾਜ਼ਾ ਤੁਸੀਂ ਇਸ ਗੱਲ ਉੱਪਰ ਤਵੱਜੋ ਦਿਉ ਕਿ ਤੁਸੀਂ ਹਮੇਸ਼ਾ ਸਕਾਰਾਤਮਕ, ਅਰਥਭਰਪੂਰ ਅਤੇ ਰਚਨਾਤਮਿਕ ਸੰਵਾਦ ਰਚਾਉਣ ਨੂੰ ਤਰਜ਼ੀਹ ਦਿਉ। ਹਰ ਸੂਰਤ ਵਿੱਚ ਆਪਣੇ ਆਪ ਨੂੰ ਦੂਸਰਿਆਂ ਤੋਂ ਬੇਹਤਰ ਸਿੱਧ ਕਰਨ ਦੀ ਦੌੜ ਵਿੱਚ ਜਾਂ ਫਿਰ ਵਕਤੀ ਤੌਰ ਉੱਪਰ ਕਿਸੇ ਨੂੰ ਨੀਵਾਂ ਦਿਖਾਉਣ ਦੀ ਖ਼ਾਤਰ ਕਦੇ ਵੀ ਤੈਸ਼ ਵਿੱਚ ਆ ਕੇ ਕਦੇ ਕੁਝ ਨਾ ਬੋਲੋ।



ਜੋ ਲੋਕ ਆਪਣੇ ਉੱਪਰ ਨਿਯੰਤਰਣ ਰੱਖਣ ਵਿੱਚ ਅਸਮਰਥ ਹੋਣ ਦੀ ਸੂਰਤ ਵਿੱਚ ਦੂਸਰਿਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ, ਉਹ ਦੂਸਰਿਆਂ ਦੀਆਂ ਨਜ਼ਰਾਂ ਤੋਂ ਡਿੱਗਣ ਦੇ ਨਾਲ-ਨਾਲ ਆਪ ਵੀ ਅੰਦਰੋ-ਅੰਦਰ ਹੀ ਕੁਰਝਦੇ, ਕਲਪਦੇ ਅਤੇ ਮਾਯੂਸ ਰਹਿੰਦੇ ਹਨ; ਜਦੋਂ ਕਿ ਜੋ ਲੋਕ ਮਿੱਠ ਬੋਲੜੇ ਜਾਂ ਵਕਤ ਦੀ ਨਜ਼ਾਕਤ ਨੂੰ ਸਮਝਦੇ ਹੋਏ ਬੋਲਣ ਲੱਗਿਆਂ ਪਰਹੇਜ਼, ਸ਼ਰਮ ਜਾਂ ਲਿਹਾਜ਼ ਰੱਖਦੇ ਹਨ, ਉਹ ਹਰ ਜਗ੍ਹਾ ਪਲਕਾਂ ਉਤੇ ਬਿਠਾਏ ਜਾਂਦੇ ਹਨ। ਮੁਰਸ਼ਦ ਨੇ ਫ਼ੁਰਮਾਇਆ ਕਿ ਆਪਣੀ ਗੱਲ ਬੇਸ਼ੱਕ ਤੁਸੀਂ ਬੇਬਾਕ ਢੰਗ ਨਾਲ ਕਹੋ, ਲੇਕਿਨ ਆਪਣੇ ਸ਼ਬਦਾਂ ਨਾਲ ਕਿਸੇ ਨੂੰ ਖੁਦ ਤੋਂ ਕਮਤਰ ਸਿੱਧ ਕਰਨ ਦੀ ਕੋਸ਼ਿਸ਼ ਨਾ ਕਰੋ, ਕਿਉਂਕਿ ਕਿਸੇ ਦਾ ਬੇਬਾਕ ਹੋਣਾ ਤਾਂ ਲੋਕ ਜ਼ਰ ਲੈਂਦੇ ਹਨ, ਪਰ ਕਿਸੇ ਦਾ ਬੇਲਿਹਾਜ਼ ਹੋਣਾ ਉਹ ਹਰਗਿਜ਼ ਬਰਦਾਸ਼ਤ ਨਹੀਂ ਕਰਦੇ। ਇਹ ਵੀ ਇੱਕ ਸਦੀਵੀਂ ਸੱਚ ਹੈ ਕਿ ਤਲਵਾਰ ਦਾ ਫੱਟ ਤਾਂ ਇੱਕ ਨਾ ਇੱਕ ਦਿਨ ਭਾਵੇਂ ਭਰ ਹੀ ਜਾਂਦਾ ਹੈ, ਲੇਕਿਨ ਮਾੜੇ ਸ਼ਬਦਾਂ ਦੀ ਵਰਤੋਂ ਨਾਲ ਦਿੱਤੇ ਜ਼ਖ਼ਮ ਕਦੇ ਨਹੀਂ ਭਰਦੇ ਹਨ।

ਮੁਰਸ਼ਦ ਨੇ ਆਪਣੇ ਮੁਰੀਦ ਦੀ ਇਸ ਸਿਲਸਿਲੇ ਵਿੱਚ ਕੁਝ ਹੋਰ ਜਾਣਨ ਦੀ ਜਗਿਆਸਾ ਨੂੰ ਭਾਂਪਦਿਆਂ ਫ਼ੁਰਮਾਇਆ ਕਿ ਜੇਕਰ ਗ਼ੌਰ ਨਾਲ ਦੇਖਿਆ ਜਾਵੇ ਤਾਂ ਗੁਫ਼ਤਗੂ ਅਤੇ ਸ਼ਿਸ਼ਟਾਚਾਰ ਦੇ ਵੀ ਕੁਝ ਬੁਨਿਆਦੀ ਤਕਾਜ਼ੇ ਹੁੰਦੇ ਹਨ। ਜੇਕਰ ਕਿਸੇ ਨਾਲ ਵਿਚਾਰ-ਵਟਾਂਦਰਾ ਕਰਦਿਆਂ ਅਸੀਂ ਦੂਜਿਆਂ ਉੱਪਰ ਲੋੜ ਤੋਂ ਵੱਧ ਭਾਰੂ ਹੋਣ ਦਾ ਯਤਨ ਕਰਾਂਗੇ ਤਾਂ ਇੱਕ ਪੜਾਅ ਉਤੇ ਪਹੁੰਚ ਕੇ ਸਾਡੀ ਗੱਲਬਾਤ ਦਾ ਸਿਲਸਿਲਾ ਟੁੱਟ ਜਾਵੇਗਾ ਅਤੇ ਬੇਸਿੱਟਾ ਗੱਲਬਾਤ ਦਾ ਲਾਭ ਕਿਸੇ ਵੀ ਧਿਰ ਨੂੰ ਕਦੇ ਨਹੀਂ ਪਹੁੰਚਦਾ ਹੈ। ਮੁਰਸ਼ਦ ਨੇ ਹਦਾਇਤ ਦਿੱਤੀ ਕਿ ਜਿਵੇਂ ਤੁਹਾਨੂੰ ਆਪਣੇ ਨਜ਼ਰੀਏ ਨੂੰ ਪੇਸ਼ ਕਰਨ ਦਾ ਹੱਕ ਹੈ, ਉਸ ਤਰ੍ਹਾਂ ਹਰੇਕ ਵਿਅਕਤੀ ਨੂੰ ਵੀ ਆਪਣੇ ਨੁਕਤਾ-ਏ-ਨਿਗਾਹ ਤੋਂ ਆਪਣੀ ਬਾਤ ਕਹਿਣ ਦਾ ਅਧਿਕਾਰ ਹੁੰਦਾ ਹੈ। ਤੁਸੀਂ ਕੇਵਲ ਆਪਣੇ ਜ਼ਾਵੀਏ ਨੂੰ ਹੀ ਜੇਕਰ ਦਰੁਸਤ ਕਰਾਰ ਦਿੰਦੇ ਹੋਏ ਦੂਜਿਆਂ ਨੂੰ ਗ਼ਲਤ ਸਾਬਤ ਕਰਨ ਦਾ ਯਤਨ ਕਰੋਗੇ ਤਾਂ ਤੁਸੀਂ ਬਹੁਤ ਛੇਤੀ ਖੁਦ ਨੂੰ ਸਭ ਤੋਂ ਦੂਰ ਖੜ੍ਹਾ ਦੇਖੋਗੇ। ਤੁਹਾਡੀਆਂ ਦਲੀਲਾਂ ਅਤੇ ਤਰਕ ਤੈਅ ਕਰਨਗੇ ਕਿ ਲੋਕ ਤੁਹਾਨੂੰ ਆਪਣਾ ਖ਼ੈਰਖਾਹ ਸਮਝਣ ਜਾਂ ਆਪਣਾ ਰਕੀਬ। ਉੱਚਿਤ ਸਮੇਂ ਉੱਪਰ ਤੁਹਾਡੇ ਵੱਲੋਂ ਸੋਚ ਸਮਝ ਕੇ ਅਖਤਿਆਰ ਕੀਤੀ ਗਈ ਖ਼ਾਮੋਸ਼ੀ ਤੁਹਾਡੀਆਂ ਲੱਖਾਂ ਬੇਤੁਕੀਆਂ ਦਲੀਲਾਂ ਤੋਂ ਹਮੇਸ਼ਾ ਵਧੇਰੇ ਕਾਰਗਰ ਸਾਬਤ ਹੁੰਦੀ ਹੈ। ਮੁਰਸ਼ਦ ਨੇ ਇਹ ਵੀ ਫ਼ੁਰਮਾਇਆ ਕਿ ਕਈ ਹਾਲਾਤ ਵਿੱਚ ਬੇਸ਼ੱਕ ਸ਼ਾਂਤ ਅਤੇ ਖਾਮੋਸ਼ ਰਹਿਣਾ ਭਾਵੇਂ ਅਸਾਨ ਨਹੀਂ ਹੁੰਦਾ ਹੈ, ਲੇਕਿਨ ਕੁਝ ਮੌਕਿਆਂ ਉੱਪਰ ਤੁਸੀਂ ਸ਼ਾਂਤ ਤੇ ਖਾਮੋਸ਼ ਰਹਿੰਦੇ ਹੋਏ ਅਨੇਕਾਂ ਤਰ੍ਹਾਂ ਦੀਆਂ ਬੇਲੋੜੀਆਂ ਉਲਝਣਾਂ ਅਤੇ ਨਾਗਵਾਰ ਪ੍ਰਸਥਿਤੀਆਂ ਦਾ ਸਾਹਮਣਾ ਕਰਨ ਤੋਂ ਬਚਣ ਵਿੱਚ ਕਾਮਯਾਬ ਰਹਿੰਦੇ ਹੋ।

ਮੁਰਸ਼ਦ ਨੇ ਆਪਣੇ ਮੁਰੀਦ ਨੂੰ ਹਦਾਇਤ ਦਿੰਦਿਆਂ ਫ਼ੁਰਮਾਇਆ ਕਿ ਜਦੋਂ ਕੋਈ ਤੁਹਾਡੇ ਉੱਪਰ ਗ਼ੈਰ-ਵਾਜਬ ਧੌਂਸ ਜਮਾਉਣ ਦਾ ਯਤਨ ਕਰੇ ਅਤੇ ਆਪਣੀਆਂ ਤਰਕਹੀਣ ਤੇ ਗ਼ੈਰ-ਮੁਨਾਸਿਬ ਦਲੀਲਾਂ ਦਾ ਬੋਝ ਤੁਹਾਡੇ ਉੱਤੇ ਲੱਦੇ ਤਾਂ ਵੀ ਤੁਸੀਂ ਆਪਣੀ ਮੁਖ਼ਾਲਿਫ਼ ਧਿਰ ਵਰਗਾ ਬਣੇ ਬਿਨਾ ਅਡੋਲ ਰਹਿਣ ਦੀ ਕੋਸ਼ਿਸ਼ ਕਰੋ ਅਤੇ ਇਹ ਯਾਦ ਰੱਖੋ ਕਿਸੇ ਦੇ ਉਕਸਾਉਣ ਉੱਪਰ ਜੇਕਰ ਤੁਸੀਂ ਅਸ਼ਾਂਤ ਤੇ ਕ੍ਰੋਧਿਤ ਹੋ ਕੇ ਆਪਣੀ ਪ੍ਰਤੀਕਿਰਿਆ ਦਿਉਗੇ ਤਾਂ ਇਹ ਨਿਸ਼ਚਿਤ ਤੌਰ ਉੱਪਰ ਤੁਹਾਡੀ ਮੁਖ਼ਾਲਿਫ਼ ਧਿਰ ਦੀ ਹੀ ਜਿੱਤ ਸਮਝੀ ਜਾਵੇਗੀ। ਲਿਹਾਜ਼ਾ ਸਹਿਜ ਰੂਪ ਵਿੱਚ ਵਿਚਰਨ ਅਤੇ ਮਾਨਸਿਕ ਤੌਰ ਉੱਪਰ ਸ਼ਾਂਤਚਿੱਤ ਰਹਿਣ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਤੁਸੀਂ ਆਪਣੇ ਆਪ ਉੱਪਰ ਨਿਯੰਤਰਣ ਰੱਖਦਿਆਂ ਆਪਣੇ ਪੱਖ ਨੂੰ ਪੇਸ਼ ਕਰੋ। ਲੋਕ ਤਾਂ ਤੁਹਾਨੂੰ ਉਕਸਾ ਕੇ ਤੁਹਾਡੇ ਧੁਰ ਅੰਦਰ ਖ਼ਲਲ ਪੈਦਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਨਗੇ, ਪਰ ਇਹ ਫੈਸਲਾ ਤੁਸੀਂ ਕਰਨਾ ਹੈ ਕਿ ਤੁਸੀਂ ਆਪਣੇ ਸਹਿਜ ਨੂੰ ਸਲਾਮਤ ਰੱਖਣਾ ਹੈ ਜਾਂ ਫਿਰ ਆਪਣੇ ਮਨ ਦੇ ਹੱਥੋਂ ਹਾਰ ਕੇ ਕਿਸੇ ਸ਼ਰਾਰਤੀ ਅਨਸਰ ਦੇ ਮਨਸੂਬੇ ਨੂੰ ਸਫਲ ਬਣਾਉਣਾ ਹੈ।

ਮੁਰਸ਼ਦ ਨੇ ਆਪਣੇ ਮੁਰੀਦ ਨੂੰ ਫ਼ੁਰਮਾਇਆ ਕਿ ਸ਼ਾਂਤਚਿੱਤ ਰਹਿਣ ਦੀ ਹਰ ਸੰਭਵ ਕੋਸ਼ਿਸ਼ ਕਰੋ ਅਤੇ ਕਿਸੇ ਦੀ ਨਕਾਰਾਤਮਿਕ ਸੋਚ ਨੂੰ ਕਦੇ ਵੀ ਆਪਣੇ ਉੱਪਰ ਭਾਰੂ ਨਾ ਹੋਣ ਦਿਓ। ਕੁਰਖਤ ਸ਼ਬਦਾਂ ਦਾ ਨਾ ਤਾਂ ਆਪ ਇਸਤੇਮਾਲ ਕਰੋ ਅਤੇ ਨਾ ਹੀ ਦੂਸਰਿਆਂ ਵੱਲੋਂ ਬੋਲੇ ਕੁਰਖਤ ਅਤੇ ਕੌੜੇ ਸ਼ਬਦਾਂ ਨੂੰ ਆਪਣੀਆਂ ਸਿਮਰਤੀਆਂ ਵਿੱਚ ਸਦਾ ਲਈ ਪਨਾਹ ਦਿਉ। ਰੱਬ ਦੀ ਰਜ਼ਾ ਵਿੱਚ ਤੁਰਦੇ ਰਹੋ ਅਤੇ ਰੱਬ ਦੇ ਖ਼ੌਫ਼ ਨੂੰ ਆਪਣੇ ਅੰਦਰ ਵਸਾਉ ਤਾਂ ਜੋ ਤੁਸੀਂ ਦੁਨੀਆਂ ਦੇ ਹਰ ਖ਼ੌਫ਼ ਅਤੇ ਨਾਗਵਾਰ ਪ੍ਰਸਥਿਤੀ ਤੋਂ ਸਦਾ ਲਈ ਨਿਜ਼ਾਤ ਹਾਸਲ ਕਰ ਸਕੋ।

---

****ਪ੍ਰਿੰਸੀਪਲ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ।***

# ਸੁਨਣਾ

## ਸ਼ਬਦੋ ਵਣਜਾਰਿਓ



**ਪਰਮਜੀਤ ਢੀਂਗਰਾ**
**ਫੋਨ:+91-9417358120**

ਹਰ ਭਾਸ਼ਾ ਵਿੱਚ ਕਿਰਿਆ ਸ਼ਬਦਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਕਿਰਿਆ ਕਿਸੇ ਕੰਮ ਅਥਵਾ ਕਾਰਜ ਬਾਰੇ ਜਾਣਕਾਰੀ ਦਿੰਦੀ ਹੈ। ਸੁਨਣਾ ਮਨੁੱਖ ਦੇ ਕੰਨਾਂ ਦਾ ਕਾਰਜ ਹੈ। ਕੁਦਰਤ ਨੇ ਇੱਕ ਪਾਸੇ ਮਨੁੱਖ ਨੂੰ ਬੋਲਣ ਦਾ ਕੌਸ਼ਲ ਦਿੱਤਾ ਹੈ ਤੇ ਨਾਲ ਹੀ ਸੁਨਣ ਦਾ ਵੀ। ਉਚਾਰਨ ਤੇ ਸੁਨਣ ਦੇ ਕੌਸ਼ਲ ਨਾਲ ਮਨੁੱਖ ਨੇ ਸੰਚਾਰ ਪ੍ਰਬੰਧ ਸਿਰਜਿਆ। ਪੰਜਾਬੀ ਕੋਸ਼ਾਂ ਅਨੁਸਾਰ ਸੁਣਨਾ ਦਾ ਅਰਥ ਹੈ- ਸਰਵਣ ਕਰਨਾ, ਆਵਾਜ਼ ਗ੍ਰਹਿਣ ਕਰਨੀ, ਧਿਆਨ ਦੇਣਾ, ਤਵੱਜੋ ਦੇਣੀ, ਕੰਨ ਧਰਨਾ, ਫਰਿਆਦ ਕਰਨ ਜਾਂ ਦੁੱਖ ਦੱਸਣ ਦਾ ਮੌਕਾ ਦੇਣਾ, ਪਰਵਾਨ ਜਾਂ ਕਬੂਲ ਕਰਨਾ। ਸੁਣਨ-ਸੁਨਣ ਦਾ ਭਾਵ-ਵਾਚਕ, ਸੁਨਣ ਯੋਗ, ਸੁਣਾਉਣਾ- ਕਹਿਣਾ, ਦੱਸਣਾ, ਕੰਨੀਂ ਪਾਉਣਾ/ਕੱਢਣਾ, ਬੁਰਾ, ਭਲਾ ਕਹਿਣਾ, ਕੌੜੀਆਂ-ਫਿੱਕੀਆਂ ਕਹਿਣੀਆਂ, ਤਾਹਨਾ ਮਾਰਨਾ, ਦੁਹਾਈ ਦੇਣਾ/ਪਾਉਣਾ, ਸੁਣਾਉਤ-ਸੁਣਾਉਣੀ, ਖਬਰ, ਇਤਲਾਹ, ਸੁਣਾਊ-ਸੁਣਾਉਣ ਦੀ ਨੀਅਤ ਰੱਖਣ ਵਾਲਾ, ਸੁਣਾਉਣ 'ਤੇ ਤੁਲਿਆ ਹੋਇਆ, ਸੁਣਾਈ-ਸੁਨਣਾ ਤੇ ਸੁਨਾਉਣ ਦਾ ਭਾਵ-ਵਾਚਕ, ਸੁਣਵਾਈ, ਸੁਣਿਆ, ਸੁਣੀ, ਸੁਣੀ ਸੁਣਾਈ, ਸੁਣੌਤ, ਸੁਨੌਣੀ ਇਹਦੇ ਸਗੋਤੀ ਸ਼ਬਦ ਹਨ।

ਇਸ ਨਾਲ ਜੁੜੇ ਕਈ ਮੁਹਾਵਰੇ ਵੀ ਮਿਲਦੇ ਹਨ- ਸੁਣ ਕੇ ਸਹਿ ਜਾਣਾ- ਕੌੜੀ ਕੁਸੈਲੀ ਗੱਲ ਦਾ ਬੁਰਾ ਨਾ ਮਨਾਉਣਾ; ਸੁਣ ਕੇ ਪੀ ਜਾਣਾ; ਸੁਣਾਉਣੀ ਸੁੱਟਣਾ; ਸੁਣਾਉਣੀ ਕਰਨਾ; ਸੁਣਾਈ ਹੋਣਾ; ਸੁਣਵਾਈ ਕਰਨੀ; ਸੁਣਿਆ ਸੁਣਾਇਆ; ਸੁਣੀ ਅਣਸੁਣੀ ਕਰਨਾ ਆਦਿ। ਨਿਰੁਕਤ ਕੋਸ਼ ਅਨੁਸਾਰ- ਸੁਣਨਾ ਦਾ ਅਰਥ ਹੈ- ਕੰਨਾਂ ਦੁਆਰਾ ਗਿਆਨ ਪ੍ਰਾਪਤ ਕਰਨਾ, ਪਾਲੀ-ਸੁਣ; ਪ੍ਰਾ।- ਸੁਣੇ; ਬੰਗਾਲੀ- ਸੁਨਾ; ਗੁਜ। -ਸੁਣਵੁਂ; ਸੰਸ। ਸ਼ਰਨੌਤੀ; ਫਾਰਸੀ-ਸ਼ੁਨੀਦਾਨ-ਸੁਣਨਾ; ਸਰੋਸ਼-ਗੈਬੀ ਆਵਾਜ਼; ਫਰਿਸ਼ਤਾ; ਰੂਸੀ- ਸਲੱਸ਼, ਸੁਣਨਾ- ਸ਼੍ਰਤੀ। ਮਹਾਨ ਕੋਸ਼ ਅਨੁਸਾਰ ਸੁਨਣਾ-ਸ਼੍ਰਵਣ ਕਰਨਾ, ਸੁਣ ਲੈਣਾ। ਗੁਰਬਾਣੀ ਵਿੱਚ ਇਸ ਸ਼ਬਦ ਦੀ ਵਰਤੋਂ ਅਨੇਕਾਂ ਸੰਦਰਭਾਂ ਵਿੱਚ ਹੋਈ ਹੈ, ਕਿਉਂਕਿ ਉਥੇ ਸੰਦੇਸ਼ ਦੀ ਸੰਚਾਰਣ ਵਿਧੀ ਵਿੱਚ ਇਹਦੀ ਲੋੜ ਸੀ, ਜਿਵੇਂ- 'ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ॥, ਕਹਣਾ ਸੁਨਣਾ ਅਕਥ ਘਰਿ ਜਾਇ॥, ਆਖਣਾ ਸੁਨਣਾ ਨਾਮੁ ਅਧਾਰੁ॥, ਵੇਖਣੁ ਸੁਨਣਾ ਝੂਠੁ ਹੈ ਮੁਖਿ ਝੂਠਾ ਅਲਾਉ॥, ਜੋ ਸੁਨਣਾ ਸੋ ਪ੍ਰਭ ਕੀ ਬਾਨੀ॥, ਧੰਨੁ ਸੁ ਵੇਲਾ ਜਿਤੁ ਹਰਿ



ਗਾਵਤ ਸੁਨਣਾ ਆਏ ਤੇ ਪਰਵਾਨਾ ਜੀਉ॥, ਅਖੀ ਬਾਝਹੁ ਵੇਖਣਾ, ਵਿਣੁ ਕੰਨਾ ਸੁਨਣਾ॥, ਆਖਣੁ ਸੁਨਣਾ ਤੇਰੀ ਬਾਣੀ॥, ਜੇਤਾ ਸੁਨਣਾ ਤੇਤਾ ਨਾਮੁ॥'

ਸੁਨਣਿ, ਸੁਨਣੁ, ਸੁਨਣੇ, ਸੁਨਣੈ ਇਹਦੇ ਸਗੋਤੀ ਸ਼ਬਦ ਹਨ। ਸੁਨਣਾ, ਸੁਣਵਾਈ, ਸੁਣਾਈ ਦੇਣਾ, ਵਿਚਾਰ ਕਰਨਾ, ਧਿਆਨ ਦੇਣਾ ਇਸੇ ਲੜੀ ਦੇ ਸ਼ਬਦ ਹਨ। ਸੰਸਕ੍ਰਿਤ ਵਿੱਚ ਸੁਨਣ ਲਈ ਸ਼੍ਰਵਣ ਸ਼ਬਦ ਪ੍ਰਚਲਤ ਹੈ। ਇਹ 'ਸ਼੍ਰ' ਧਾਤੂ ਤੋਂ ਉਪਜਿਆ ਹੈ, ਜਿੱਥੇ ਇਸ ਵਿੱਚ ਸੁਨਣ ਦੇ ਭਾਵ ਪਏ ਹਨ। ਪਾਲੀ ਵਿੱਚ ਸ਼੍ਰਵਣ ਦਾ ਰੂਪ ਸਵਨ ਵੀ ਮਿਲਦਾ ਹੈ ਤੇ ਪ੍ਰਾਕਿਰਤ ਵਿੱਚ ਸਵਣ। ਇਸੇ ਕੜੀ ਤੋਂ ਸੁਨਣਾ ਕਿਰਿਆ ਦਾ ਵਿਕਾਸ ਹੋਇਆ ਹੈ। ਸੁਨਣ ਲਈ ਕਦੇ ਅਕਨਿ/ਅਕੁਨਿ ਵਰਗੀਆਂ ਕਿਰਿਆਵਾਂ ਵੀ ਸਨ। ਡਾ. ਰਾਮ ਵਿਲਾਸ ਸ਼ਰਮਾ ਅਨੁਸਾਰ ਅਕਨਿ/ਅਕੁਨਿ ਕਿਰਿਆਵਾਂ ਕਦੇ ਹੋਰ ਆਰੀਆ ਭਾਸ਼ਾਵਾਂ ਵਿੱਚ ਵੀ ਸੁਨਣ ਦੇ ਅਰਥਾਂ ਵਿੱਚ ਵਰਤੀਆਂ ਜਾਂਦੀਆਂ ਸਨ। ਉਨ੍ਹਾਂ ਅਨੁਸਾਰ ਅਕਨਿ ਕਿਰਿਆ ਦੇ ਮੂਲ ਵਿੱਚ 'ਅਕ' ਵਰਗੀ ਧਾਤੂ ਹੋਣੀ ਚਾਹੀਦੀ ਹੈ, ਪਰ ਸੰਸਕ੍ਰਿਤ ਵਿੱਚ ਅਜਿਹੀ ਕੋਈ ਧਾਤੂ ਨਹੀਂ ਮਿਲਦੀ। ਉਹ ਗ੍ਰੀਕ ਦੀ ਕਿਰਿਆ 'ਅਕੋਊਓ' ਨਾਲ ਅਕਨਿ ਦੀ ਤੁਲਨਾ ਕਰਦੇ ਹਨ, ਜਿਸਦਾ ਅਰਥ ਵੀ ਸੁਨਣਾ ਹੀ ਹੈ। ਉਨ੍ਹਾਂ ਅਨੁਸਾਰ ਅਕਨਿ, ਅਕੁਨਿ, ਅਕੋਊਓ ਆਪਸ ਵਿੱਚ ਜੁੜੇ ਹੋਏ ਹਨ। ਆਰੀਆਂ ਦੇ ਭਾਰਤ ਆਉਣ ਤੋਂ ਪਹਿਲਾਂ ਪ੍ਰੋਟੋ ਇੰਡੋ-ਯੂਰਪੀਅਨ ਤੋਂ ਗ੍ਰੀਕ ਸ਼ਾਖਾ ਵੱਖ ਹੋ ਗਈ ਸੀ। ਇਸ ਲਈ ਅਕੋਊਓ ਪ੍ਰਚੀਨ ਗ੍ਰੀਕ ਦਾ ਸ਼ਬਦ ਹੈ। ਬ੍ਰਜ, ਅਵਧੀ ਵਿੱਚ ਪ੍ਰਚਲਿਤ ਅਕਨਿ/ਅਕੁਨਿ/ਅਕਨਨਾ ਵਰਗੀਆਂ ਕਿਰਿਆਵਾਂ ਮਿਲਦੀਆਂ ਹਨ। ਸੁਨਣ ਲਈ ਮਰਾਠੀ ਵਿੱਚ ਏਕਣੇ ਜਾਂ ਆਈਕਣੇ ਸ਼ਬਦ ਪ੍ਰਚਲਤ ਹਨ ਤੇ ਸ਼੍ਰਵਣ ਲਈ ਏਕਣੇ ਸ਼ਬਦ ਮਿਲਦਾ ਹੈ। ਹੋ ਸਕਦੈ ਪ੍ਰਾਚੀਨ ਭਰੋਪੀ ਭਾਸ਼ਾ ਪਰਿਵਾਰ ਵਿੱਚ ਏਕਣੇ, ਅਕਨਿ, ਅਕੁਨਿ ਵਰਗੇ ਸ਼ਬਦ ਪ੍ਰਚਲਿਤ ਹੋਣ ਤੇ ਇਹ ਗ੍ਰੀਕ ਅਕੋਊਓ ਦੇ ਪ੍ਰਭਾਵ ਹੇਠ ਹੋਣ। ਗ੍ਰੀਕ ਅਕੋਊਓ ਦਾ ਰੂਪਾਂਤਰ ਅਕੂਸਿਟਕੋਸ ਵਿੱਚ ਦੇਖਿਆ ਜਾ ਸਕਦਾ ਹੈ, ਜੋ ਸੁਨਣ ਪ੍ਰਕਿਰਿਆ ਨਾਲ ਸੰਬੰਧਤ ਹੈ। ਅੰਗਰੇਜ਼ੀ acoustic ਤੇ ਫਰੈਂਚ acoustics ਨਾਲ ਇਹਦੀ ਸਕੀਰੀ ਸਪਸ਼ਟ ਹੈ। ਜੂਲੀਅਸ ਪਕੋਰਨੀ ਦੁਆਰਾ ਬਣਾਈ ਗਈ ਪ੍ਰੋਟੋ ਭਰੋਪੀ ਧਾਤੂ kous ਨਾਲ ਵੀ ਇਹਦੀ ਸਕੀਰੀ ਜੁੜਦੀ ਹੈ। ਅਕਨਿ ਤੇ ਏਕਣੇ ਦੀ ਸਕੀਰੀ ਗ੍ਰੀਕ ਦੀ ਬਜਾਏ ਸੰਸਕ੍ਰਿਤ ਨਾਲ ਜੁੜਦੀ ਹੈ। ਇਨ੍ਹਾਂ ਵਿੱਚ ਕਲਪਿਤ ਧਾਤੂ 'ਅੱਕ੍' ਦੀ ਥਾਂ 'ਕਰਣ' ਹੈ। ਹਿੰਦੀ ਸ਼ਬਦ ਸਾਗਰ ਅਨੁਸਾਰ ਅਕਨਿ ਅਸਲ ਵਿੱਚ ਸੰਸਕ੍ਰਿਤ ਦੇ ਆਕਰਨਣ ਦਾ ਰੂਪਾਂਤਰ ਹੈ। ਆਕਰਨਣ ਦਾ ਪ੍ਰਾਕਿਰਤ ਰੂਪ ਆਕਣਣ ਹੈ। ਇਸਦਾ ਇੱਕ ਰੂਪ ਆਕਰਣੇ ਵੀ ਹੈ। ਅਵਹੱਟ ਵਿੱਚ ਆਕੰਡ, ਆਕਣੇ ਵਰਗੇ ਰੂਪ ਮਿਲਦੇ ਹਨ। ਗ੍ਰੀਕ ਅਕੋਊਓ (akouo) ਦਾ ਉਚਾਰਨ a-koo-oh ਅਰਥਾਤ 'ਅ+ਕੂ+ਓ' ਬਣਦਾ ਹੈ। ਸਪਸ਼ਟ ਹੈ ਕਿ ਸੰਸਕ੍ਰਿਤ ਦੇ ਆਕਰਣਨ ਦੀ ਅਰਥਸੱਤਾ ਕਰਨ ਅਥਵਾ ਕੰਨ ਦੇ ਰੂਪ ਵਿੱਚ ਸਥਾਪਤ ਹੋ ਰਹੀ ਹੈ, ਜਿਸਦਾ ਗੁਣ ਸੁਨਣਾ ਹੈ। ਆਕਰਣਨ ਤੋਂ ਅਕਨਨਾ ਕਿਰਿਆ ਬਣੀ ਹੈ, ਜਿਸਦਾ ਅਰਥ ਹੈ- ਸੁਨਣਾ, ਕਰਨਗੋਚਰ ਕਰਨਾ। ਕੰਨ ਲਾ ਕੇ ਸੁਨਣ ਦੇ ਭਾਵ ਇਸ ਵਿੱਚ ਪਏ ਹਨ। 'ਆਕਰਣਨਮ੍' ਸ਼ਬਦ ਦੀ ਵਿਓਤਪਤੀ 'ਆ+ਕਰਨ' ਤੋਂ ਹੋਈ ਹੈ। ਸੰਸਕ੍ਰਿਤ ਦੇ ਕਰਣ ਦੀ ਵਿਓਤਪਤੀ ਕਰਣ੍ ਧਾਤੂ ਤੋਂ ਹੋਈ ਹੈ। ਕਰਣ੍ ਵਿੱਚ ਛੇਦ ਕਰਨ, ਪ੍ਰਵੇਸ਼ ਕਰਨ, ਵੜਨ ਵਰਗੇ ਭਾਵ ਸਮਾਏ ਹੋਏ ਹਨ। ਇਸ ਤਰ੍ਹਾਂ ਕੰਨ ਜੋ ਸੁਣਦਾ ਹੈ ਤੇ ਸੁਨਣਾ, ਜਿਸਨੂੰ ਸੁਣਾਇਆ ਜਾਂਦਾ ਹੈ- ਦੋਵੇਂ ਘਟਕ ਜੁੜੇ ਹੋਏ ਹਨ।

ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ ਕਿ ਸੁਨਣਾ ਵਰਗਾ ਆਮ ਸ਼ਬਦ ਵੀ ਗੁੰਝਲਦਾਰ ਪ੍ਰਕਿਰਿਆ ਵਿੱਚ ਬੱਝਾ ਹੋਇਆ ਹੈ ਤੇ ਹਰ ਭਾਸ਼ਾ ਵਿੱਚ ਇਹਦਾ ਵਿਕਾਸ ਸੁਨਣ ਦੀ ਪ੍ਰਕਿਰਿਆ ਵਿੱਚ ਹੋਇਆ ਹੈ।

**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income

FUTURITY FIRST
Retirement | Life | Health



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

**Futurity First Insurance Group**


---


**Hiring Local & Midwest Drivers and Dedicated Lanes & Owner Operators**



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

**Premium Truck & Trailer Tires**
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ

HT
HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

**Hampshire Tires**
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com


---





17115 W. Bluemound Rd, Suite D1, Brookfield, WI 53005

**We Do Catering**
ਅਸੀਂ ਕੇਟਰਿੰਗ ਵੀ ਕਰਦੇ ਹਾਂ

**ਟੇਸਟ ਆਫ ਇੰਡੀਆ**
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

**ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ**



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill
Restaurant - Bar - Banquet
1038 N. Jackson St,
Milwaukee, WI 53202

**We Also Provide**
Onsite Tandoor Service For
Fresh Naan & KABABS and
Onsite Fresh DOSA Service.

ਫੋਨ: 262-894-0913
ਜਾਂ 414-588-3325